**Restaurant Supply** (Wholesaler)
ਉੱਚ ਕੁਆਲਿਟੀ ਦੇ ਭਾਂਡਿਆਂ, ਪਤੀਲੇ, ਕੁੱਕਵੇਅਰ, ਸਰਵਵੇਅਰ, ਕਮਰਸ਼ੀਅਲ ਜੂਸਰ, ਐਸਪਰੈਸੋ ਮਸ਼ੀਨਾਂ ਅਤੇ ਰੈਸਟੋਰੈਂਟ ਸਪਲਾਈ ਲਈ ਹਰ ਤਰ੍ਹਾਂ ਦੇ ਸਾਮਾਨ ਲਈ ਸਾਡੇ ਨਾਲ ਸੰਪਰਕ ਕਰੋ:
Prag International
Ravi Kapoor (CEO)
1125 Howard Street. Elk Grove Village. IL 60007
Ph: 847-979-5970. 847-979-5990.
847-228-0150, pragint@aol.com

Regal Jewels
773-262-4377 www.RegalJewels.com
FEBRUARY WIN GOLD CHAIN
22KT 24KT
2625 W. Devon Ave. Chicago, IL 60659
773-517-0574

**Buying/Selling *in Michigan***
All types of Residential & Commercial properties. Gas Stations, Liquor Stores, Hotels, Plazas, Truck Terminals etc.
CANTON REALTY
Raj S. Shergill (Broker)
5820 N Canton Center Rd, Suite 145
734-751-4455 (Cell)
Rajsshergill@yahoo.com



Twenty-Fifth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 25; June 21, 2025
20451 N. Plum Grove Rd., Palatine, IL 60074
Ph:847-359-0746, Fax:847-705-9388


## ਲੁਧਿਆਣੇ ਦੀ ਚੋਣ ਤੈਅ ਕਰੇਗੀ ਪੰਜਾਬ ਦਾ ਰਾਜਸੀ ਭਵਿੱਖ



ਐਡਵੋਕੇਟ ਪਰਉਪਕਾਰ ਸਿੰਘ ਘੁੰਮਣ, ਜੀਵਨ ਗੁਪਤਾ, ਸੰਜੀਵ ਅਰੋੜਾ, ਭਾਰਤ ਭੂਸ਼ਣ ਆਸ਼ੂ

**ਲੁਧਿਆਣਾ:** ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ, ਕਾਂਗਰਸ ਪਾਰਟੀ, ਭਾਰਤੀ ਜਨਤਾ ਪਾਰਟੀ ਅਤੇ ਸ੍ਰੋਮਣੀ ਅਕਾਲੀ ਦਲ ਨੇ ਆਪਣੇ ਆਪਣੇ ਉਮੀਦਵਾਰਾਂ ਦੇ ਹੱਕ ਵਿੱਚ ਸਾਰੀ ਤਾਕਤ ਲਗਾਈ ਹੈ। ਹਰ ਪਾਰਟੀ ਨੂੰ ਜ਼ਿਮਨੀ ਚੋਣ ਦੇ ਨਤੀਜੇ ਵਿੱਚ ਆਪਣਾ ਭਵਿੱਖ ਨਜ਼ਰ ਆ ਰਿਹਾ ਹੈ।

ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੇ ਹੱਕ ਵਿੱਚ ਆਪ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ, ਸਰਕਾਰ ਦੇ ਮੰਤਰੀ ਅਤੇ ਹੋਰ ਵੱਡੇ ਆਗੂ ਤੇ ਵਰਕਰ ਪ੍ਰਚਾਰ ਵਿੱਚ ਜੁਟੇ ਰਹੇ ਹਨ। ਕਾਂਗਰਸ ਪਾਰਟੀ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਦੇ ਹੱਕ ਵਿੱਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਵਿਧਾਇਕ ਰਾਣਾ ਗੁਰਜੀਤ ਸਿੰਘ, ਵਿਧਾਇਕ ਪ੍ਰਗਟ ਸਿੰਘ, ਐੱਮਪੀ ਕਿਸ਼ੋਰੀ ਲਾਲ ਸ਼ਰਮਾ ਸਮੇਤ ਵੱਡੇ ਤੇ ਛੋਟੇ ਆਗੂ ਪੂਰੀ ਤਰ੍ਹਾਂ ਸਰਗਰਮ ਰਹੇ ਹਨ ਜਦਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਚੋਣ ਪ੍ਰਚਾਰ ਤੋਂ ਦੂਰੀ ਬਣਾਈ ਰੱਖੀ। ਇਹ ਦੂਰੀ ਕਾਂਗਰਸੀ ਉਮੀਦਵਾਰ ਨੂੰ ਮਹਿੰਗੀ ਪੈ ਸਕਦੀ ਹੈ।

ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਜੀਵਨ ਗੁਪਤਾ ਦੇ ਹੱਕ ਵਿੱਚ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਮੁੱਖ ਮੰਤਰੀ ਰੇਖਾ ਗੁਪਤਾ, ਕੇਂਦਰੀ ਮੰਤਰੀ ਹਰਦੀਪ ਪੁਰੀ, ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ, ਕੌਮੀ ਜਨਰਲ ਸਕੱਤਰ ਤਰੁਣ ਚੁੱਘ ਸਮੇਤ ਕਈ ਵੱਡੇ ਤੇ ਛੋਟੇ ਆਗੂ ਦਿਨ ਰਾਤ ਮਿਹਨਤ ਕਰਦੇ ਰਹੇ ਹਨ, ਜੇਕਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਦੀ ਗੱਲ ਕੀਤੀ ਜਾਵੇ ਤਾਂ 'ਘੁੰਮਣ ਦੇ ਹੱਕ 'ਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਿਨ ਰਾਤ ਮੀਟਿੰਗਾਂ ਤੇ ਰੋਡ ਸ਼ੋਅ ਕਰਕੇ ਚੋਣ ਮੁਹਿੰਮ ਨੂੰ ਸਿਖਰਾਂ 'ਤੇ ਪਹੁੰਚਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਚੁੱਕੇ ਹਨ। ਕਾਂਗਰਸ ਨੇ 7, ਆਪ ਨੇ 1, ਅਕਾਲੀ ਦਲ ਨੇ 1, ਜਨਤਾ ਪਾਰਟੀ ਨੇ 1 ਵਾਰ ਇਹ ਸੀਟ ਜਿੱਤੀ ਹੈ। ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਤੋਂ 2017 'ਚ 14 ਉਮੀਦਵਾਰਾਂ ਨੇ ਆਪਣੀ ਕਿਸਮਤ ਅਜਮਾਈ ਸੀ। ਜਦਕਿ 1977 ਵਿੱਚ 9'1980' 12, 1985' 12, 1992 ' 7, 1997 ' 9,2002 'ਵਿਚ, 2007 ' 5, 2012 ' 5, 2022 ' 8 ਉਮੀਦਵਾਰ ਚੋਣ ਮੈਦਾਨ ਵਿੱਚ ਨਿੱਤਰੇ ਸਨ। ਜਦਕਿ 2025 ਦੀ ਜ਼ਿਮਨੀ ਚੋਣ ਵਿੱਚ 14 ਉਮੀਦਵਾਰ ਆਪਣੀ ਕਿਸਮਤ ਅਜਮਾ ਰਹੇ ਹਨ।

(ਬਾਕੀ ਸਫ਼ਾ 4 'ਤੇ)

## ਪ੍ਰਚਾਰ ਦੇ ਆਖ਼ਰੀ ਗੇੜ 'ਚ ਲੁਧਿਆਣਾ ਨਹੀਂ ਪੁੱਜੇ ਮਾਨ

ਲੁਧਿਆਣਾ ਵਿੱਚ "ਆਪ" ਉਮੀਦਵਾਰ ਸੰਜੀਵ ਅਰੋੜਾ ਦੇ ਹੱਕ ਵਿੱਚ ਕਈ ਦਿਨ ਪੱਕਾ ਡੇਰਾ ਲਗਾ ਕੇ ਬੈਠੇ ਰਹੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਚੋਣ ਪ੍ਰਚਾਰ ਦੇ ਆਖਰੀ ਦਿਨਾਂ ਵਿੱਚ ਲੁਧਿਆਣਾ ਨਹੀਂ ਪੁੱਜੇ। ਉਨ੍ਹਾਂ ਨੇ ਪਿਛਲੇ ਦੋ ਦਿਨਾਂ ਵਿੱਚ ਲੁਧਿਆਣਾ ਆਉਣ ਦੀ ਥਾਂ 'ਤੇ ਵੀਡੀਓ ਕਾਨਫਰੰਸਿੰਗ ਰਾਹੀਂ ਚੋਣ ਮੀਟਿੰਗਾਂ ਨੂੰ ਸੰਬੋਧਨ ਕੀਤਾ। ਮੁੱਖ ਮੰਤਰੀ ਵੱਲੋਂ ਚੋਣ ਪ੍ਰਚਾਰ ਦੇ ਆਖਰੀ ਗੇੜ ਵਿੱਚ ਲੁਧਿਆਣਾ ਨਾ ਪੁੱਜਣਾ ਕਈ ਸਵਾਲ ਖੜ੍ਹੇ ਕਰਦਾ ਹੈ। ਜਿਸ ਦੀ ਰਾਜਸੀ ਹਲਕਿਆਂ ਵਿੱਚ ਕਾਫ਼ੀ ਚਰਚਾ ਸੁਣਨ ਨੂੰ ਮਿਲ ਰਹੀ ਹੈ।

## ਮੋਦੀ ਦੇ ਕੈਨੇਡਾ ਦੌਰੇ ਤੋਂ ਖ਼ਾਲਿਸਤਾਨੀ ਸਮਰਥਕ ਨਾਰਾਜ਼

### *ਖ਼ਾਲਿਸਤਾਨੀਆਂ ਨੂੰ ਗੰਭੀਰਤਾ ਨਾਲ ਨਾ ਲਵੋ: ਹਰਦੀਪ ਪੁਰੀ*

**ਓਟਵਾ:** ਕੈਨੇਡਾ 'ਚ ਜੀ-7 ਸਿਖਰ ਸੰਮੇਲਨ ਲਈ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ



ਕਾਰਨੀ ਦੇ ਸੱਦੇ ਉਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਨੇਡਾ ਦੌਰੇ ਤੋਂ ਕੈਨੇਡਾ ਤੇ ਅਮਰੀਕਾ 'ਚ ਖ਼ਾਲਿਸਤਾਨ ਸਮਰਥਕ ਭੜਕੇ ਹੋਏ ਹਨ ਤੇ ਉਨ੍ਹਾਂ ਨੇ ਵਿਰੋਧ 'ਚ ਪ੍ਰਦਰਸ਼ਨ ਵੀ ਕੀਤੇ ਹਨ ਪਰ ਇਨ੍ਹਾਂ ਖ਼ਾਲਿਸਤਾਨੀਆਂ ਨੂੰ 'ਸਿੱਖਸ ਫਾਰ ਅਮਰੀਕਾ' ਦੇ ਸੰਸਥਾਪਕ ਪ੍ਰਧਾਨ ਜਸਦੀਪ ਸਿੰਘ ਜੇਸੀ ਨੇ ਕਰਾਰਾ ਜਵਾਬ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ

(ਬਾਕੀ ਸਫ਼ਾ 4 'ਤੇ)


ਘਰ ਦੀ ਵਿਕਰੀ ਅਤੇ ਖਰੀਦ ਲਈ ਅੱਜ ਹੀ ਕਾਲ ਕਰੋ
Buying or Selling Home?
Contact PRADEEP SINGH
COLDWELL BANKER REALTY
SCAN TO BEGIN YOUR HOME SEARCH
847-322-5832
ishowhomes@yahoo.com
1501 E Woodfield Rd Ste 113E, Schaumburg 60173

**India Palace Restaurant**
And Banquet Hall
Best Price Wholesale
Ph: 630-400-0996
Lakhvir S. Johal
Ph: 317-709-7800
Restaurant-Fine Indian Cuisine
(Ph: 317-298-0773)
Banquet Hall Available Up to 550 People
Amber Carmel Ph: 317-580-0828
Amber Indianapolis Ph: 317-578-4400
Royal, Indianapolis, 317-893-2633
Desi Bazar Grocery Store Restaurant, Ph: 317-888-2040
Desi Bazar Indianapolis, Ph: 317-709-7800

**Singh Auto Group**
3983 ST RD 38E
Lafayette, IN 47905
Ph: 765-607-1300
www.singhautosgroup.com
**University Motors**
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

**Bhaura Transport LLC**
Noblesville, IN
ਡਰਾਈਵਰਾਂ ਦੀ ਲੋੜ ਹੈ
*ਵੈਲਿਡ ਸੀ ਡੀ ਐਲ ਏ ਲਾਈਸੈਂਸ
*ਘੱਟੋ ਘੱਟ 2 ਸਾਲ ਦਾ ਤਜਰਬਾ
*ਖਾਲੀ ਅਤੇ ਲੋਡ ਸਮੇਤ ਮੀਲ .55 ਸੈਂਟ
*ਸਾਈਨ ਔਨ ਬੋਨਸ
*ਹਰ ਵੀਕਐਂਡ 'ਤੇ ਪੱਕਾ ਘਰ
*ਡਾਇਰੈਕਟ ਡਿਪਾਜ਼ਿਟ ਵੀ ਹੋ ਸਕਦਾ ਹੈ
*ਹਫਤਾਵਾਰ ਮੀਲ 3000 ਤੋਂ 4000
*ਪ੍ਰੀ-ਪਾਸ, ਈ ਜ਼ੀ ਪਾਸ ਅਤੇ ਫਿਊਲ ਕਾਰਡ ਦਿੱਤਾ ਜਾਵੇਗਾ
*ਇੰਡੀਆਨਾ, ਨਿਊ ਜਰਸੀ, ਨਿਊ ਯਾਰਕ ਅਤੇ ਪੈਨਸਿਲਵੇਨੀਆ ਦੇ ਪੱਕੇ ਲੋਡ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਅਵਤਾਰ ਸਿੰਘ
ਫੋਨ: 317-403-0493

Devon COME VISIT US
Regal Jewels
773-262-4377 www.RegalJewels.com
LITTLE INDIA CHICAGO
2625 W. Devon Ave. Chicago, IL 60659
www.RegalJewels.com
PH: 773-262-4377 WA: 773-517-0574

# ਬਲਕਾਰ ਭਾਜੀ ਨੂੰ ਯਾਦ ਕਰਦਿਆਂ...

ਬਲਕਾਰ ਭਾਜੀ ਵੀ ਚਲੇ ਗਏ। ਅਜੇ ਕੁਝ ਦਿਨ ਪਹਿਲਾਂ ਹੀ ਇੰਡੀਆ ਤੋਂ ਵਾਪਸ ਆਏ ਸਨ। ਬੜੇ ਹੀ ਮਿਲਾਪੜੇ ਸੁਭਾਅ ਦੇ ਮਾਲਕ ਬਲਕਾਰ ਭਾਜੀ ਦਾ ਅਚਾਨਕ ਚਲੇ ਜਾਣਾ ਪਰਿਵਾਰ ਦੇ ਨਾਲ-ਨਾਲ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਨੂੰ ਵੀ ਗਮਗੀਨ ਕਰ ਗਿਆ। ਅਮਰੀਕਾ ਆਉਣ 'ਤੇ ਸਾਡਾ ਸਭ ਤੋਂ ਪਹਿਲਾ 'ਸਹਾਰਾ' ਬਲਕਾਰ ਭਾਜੀ ਬਣੇ। ਬਾਅਦ ਵਿਚ ਉਨ੍ਹਾਂ ਦੀ ਬਦੌਲਤ ਜਾਣ-ਪਛਾਣ ਦਾ ਘੇਰਾ ਵਡਾ ਹੁੰਦਾ ਗਿਆ। ਸਵਰਨਜੀਤ ਸਿੰਘ ਢਿਲੋਂ, ਅਯੁਧਿਆ ਸਲਵਾਨ ਤੇ ਸ਼ਿਕਾਗੋ ਦੀਆਂ ਹੋਰ ਬਹੁਤ ਉਘੀਆਂ ਸ਼ਖਸੀਅਤਾਂ ਨੂੰ ਮਿਲਾਉਣ ਲਈ ਉਹ ਅਮੋਲਕ ਨੂੰ ਆਪ ਲੈ ਕੇ ਗਏ। ਉਹ ਤਾਂ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ, ਪਰ ਉਨ੍ਹਾਂ ਵਲੋਂ ਸਾਨੂੰ ਦਿਤਾ ਹੋਇਆ ਜ਼ਰੂਰਤ ਦਾ ਸਾਮਾਨ ਮੇਰੇ ਕੋਲ ਅਜੇ ਵੀ ਹੈ, ਜੋ ਉਨ੍ਹਾਂ ਦੀ ਯਾਦ ਤਾਜ਼ਾ ਰਖਣ ਵਿਚ ਸਹਾਈ ਹੋਵੇਗਾ।

'ਪੰਜਾਬ ਟਾਈਮਜ਼' ਨਾਲ ਵੀ ਸਭ ਤੋਂ ਪਹਿਲਾ ਰਿਸ਼ਤਾ ਉਨ੍ਹਾਂ ਦਾ ਹੀ ਹੈ। 'ਪੰਜਾਬ ਟਾਈਮਜ਼' ਦਾ ਨਾਂ 'ਏ-ਬੀ ਪਬਲੀਕੇਸ਼ਨ' ਵੀ ਇਨ੍ਹਾਂ ਦੋਨਾਂ ਦੇ ਨਾਂ (ਅਮੋਲਕ+ਬਲਕਾਰ) 'ਤੇ ਹੀ ਰਖਿਆ ਗਿਆ ਸੀ। 'ਪੰਜਾਬ ਟਾਈਮਜ਼ ਦਾ ਜੋਆਇੰਟ ਅਕਾਉਂਟ ਬੈਂਕ ਵਿਚ ਖੁਲ੍ਹਵਾਉਣਾ ਸੀ। ਜਦੋਂ ਅਮੋਲਕ ਨੇ ਉਨ੍ਹਾਂ ਨੂੰ ਨਾਲ ਚਲਣ ਲਈ ਕਿਹਾ ਤਾਂ ਕਹਿਣ ਲੱਗੇ, 'ਨਹੀਂ! ਛੋਟੇ ਭਾਈ, ਮੇਰਾ ਇਸ ਵਿਚ ਕੋਈ ਲੈਣਾ-ਦੇਣਾ ਨਹੀਂ, ਮੈਂ ਤਾਂ ਤੇਰੀ ਮਦਦ ਕਰਨੀ ਹੈ।'

ਪਹਿਲਾ ਪਰਚਾ ਕੱਢਣ ਦਾ ਦਿਨ ਮੈਨੂੰ ਅਜ ਵੀ ਯਾਦ ਹੈ। ਅਮੋਲਕ ਨੂੰ ਕੰਪਿਊਟਰ ਬਾਰੇ ਕੋਈ ਜਾਣਕਾਰੀ ਨਹੀਂ ਸੀ। ਪੇਜ ਮੇਕਿੰਗ ਬਾਰੇ ਤਾਂ ਬਿਲਕੁਲ ਵੀ ਨਹੀਂ। ਕਿਤਾਬਾਂ ਵਿਚੋਂ ਥੋੜਾ-ਬਹੁਤ ਪੜ੍ਹ ਕੇ ਕੰਮ ਸ਼ੁਰੂ ਕਰ ਦਿਤਾ। ਮੈਨੂੰ ਘਬਰਾਹਟ ਦੇ ਨਾਲ-ਨਾਲ ਹਾਸਾ ਵੀ ਆਈ ਜਾਵੇ, ਕਿਉਂਕਿ ਬਲਕਾਰ ਭਾਜੀ ਕੋਲ ਬੈਠੇ 'ਵਾਹਿਗੁਰੂ-ਵਾਹਿਗੁਰੂ' 'ਬਾਬਾ ਬੁਢਾ ਜੀ ਭਲੀ ਕਰਨਗੇ' ਜਪੀ ਜਾਣ। ਅਖੀਰ ਪਤਾ ਨਹੀਂ ਬਾਬਾ ਬੁਢਾ ਜੀ ਦੀ ਮਿਹਰ ਹੋਈ ਕਿ ਅਮੋਲਕ ਦੇ ਸੰਘਰਸ਼ ਦੀ, ਪਰ ਇਹ ਦੋ-ਚਾਰ ਪੇਜਾਂ ਦਾ ਪਹਿਲਾ ਪਰਚਾ ਕੱਢਣ ਵਿਚ ਕਾਮਯਾਬ ਹੋ ਗਏ।

ਬਹੁਤ ਹੀ ਮਜ਼ਾਕੀਆ ਸੁਭਾਅ ਦੇ 'ਭਾਜੀ' ਲਈ ਮੈਨੂੰ ਢੁਕਵੇਂ ਸ਼ਬਦ ਨਹੀਂ ਮਿਲ ਰਹੇ, ਜੋ ਉਨ੍ਹਾਂ ਦੀ ਸ਼ਖਸੀਅਤ ਦੀ ਮੁਕੰਮਲ ਤਸਵੀਰ ਪੇਸ਼ ਕਰ ਸਕਣ। ਭਾਜੀ ਤੇ ਭਾਬੀ ਸ਼ਿੰਦਰ ਨੂੰ ਮਿਲ ਕੇ ਮੇਰਾ ਮਨ ਖੇੜੇ ਵਿਚ ਆ ਜਾਂਦਾ। ਉਨ੍ਹਾਂ ਦੀ ਆਪਸੀ ਗੱਲ-ਬਾਤ, ਨੋਕ-ਝੋਕ ਫਿਲਮੀ ਡਾਇਲਾਗਾਂ ਨੂੰ ਵੀ ਪਿਛੇ ਛਡ ਜਾਂਦੀ। ਮੇਰਾ ਉਨ੍ਹਾਂ ਦੋਨਾਂ ਦੀ ਨੋਕ-ਝੋਕ ਸੁਣਨ ਨੂੰ ਬਹੁਤ ਦਿਲ ਕਰਦਾ ਤੇ ਮੈਂ ਬਹੁਤ ਵਾਰੀ ਉਨ੍ਹਾਂ ਨੂੰ ਘਰ ਆਉਣ ਲਈ ਮਿੰਨਤ ਕਰਦੀ, ਪਰ ਉਹ ਸਿਹਤ ਠੀਕ ਨਾ ਹੋਣ ਦਾ ਬਹਾਨਾ ਬਣਾ ਲੈਂਦੇ। ਲੋੜ ਪੈਣ 'ਤੇ ਮੈਂ ਕਦੀ ਭਾਬੀ ਨੂੰ ਪੁਛਣਾ, ਭਾਜੀ ਕਿਥੇ ਗਏ ਨੇ ਤਾਂ ਉਨ੍ਹਾਂ



'ਪੰਜਾਬ ਟਾਈਮਜ਼ ਨਾਈਟ 2004' ਦੀ ਬਲਕਾਰ ਭਾਅ ਜੀ ਨਾਲ ਇਕ ਯਾਦਗਾਰੀ ਤਸਵੀਰ।

ਮਜ਼ਾਕੀਆ ਲਹਿਜ਼ੇ ਵਿਚ ਕਹਿਣਾ: 'ਭਾਈਏ ਨੂੰ ਚਾਹ ਪਿਆਉਣ ਗਏ ਨੇ'। ਸ਼ਿਕਾਗੋ ਦਾ 'ਭਾਈਆ' ਅਤੇ ਬਲਕਾਰ ਭਾਜੀ ਦੇ ਲੰਗੋਟੀਆ ਯਾਰ ਗੁਰ ਸਿੰਘ ਦਾ ਦਫਤਰ ਵੀ ਵ੍ਹੀਲਿੰਗ ਵਿਚ ਹੀ ਬਲਕਾਰ ਭਾਜੀ ਦੇ ਘਰ ਦੇ ਨੇੜੇ ਸੀ। ਗੁਰ ਸਿੰਘ ਭਾਈਆ ਜੀ ਵੀ ਦੋ ਕੁ ਸਾਲ ਪਹਿਲਾਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। 'ਭਾਈਏ' ਦੇ ਦਫਤਰ ਵਿਚ ਭਾਈਆ ਜੀ ਗੁਰ ਸਿੰਘ (ਮਰਹੂਮ) ਹਰਜਾਪ ਸਿੰਘ ਸੰਘਾ (ਮਰਹੂਮ), ਰਘਵਿੰਦਰ ਸਿੰਘ ਮਾਹਲ, ਭੁਪਿੰਦਰ ਹੁੰਦਲ, ਰਸ਼ਪਾਲ ਸਿੰਘ ਬਾਜਵਾ, ਦਰਸ਼ਨ ਪੰਮਾ, ਅਮੋਲਕ ਸਿੰਘ (ਮਰਹੂਮ), ਬਲਕਾਰ ਭਾਜੀ ਤੇ ਇਨ੍ਹਾਂ ਦੇ ਹੋਰ ਸਾਥੀ ਤਾਸ਼ ਕੁਟਦਿਆਂ ਨਿਆਣਿਆਂ ਵਾਂਗ ਰੋਂਦ ਪਿੱਟਦੇ, ਹਾਸਾ-ਠੱਠਾ ਕਰਦੇ ਮਾਹੌਲ ਨੂੰ ਖੁਸ਼ਗਵਾਰ ਬਣਾਈ ਰਖਦੇ। 'ਭਾਈਏ' ਦੇ ਇਸੇ ਦਫਤਰ ਵਿਚ ਹੀ 'ਪੰਜਾਬ ਟਾਈਮਜ਼' ਦੀ ਵਿਉਂਤਬਦੀ ਹੋਈ।

ਬੀਮਾਰ ਹੋਣ 'ਤੇ ਜਦੋਂ ਅਮੋਲਕ 'ਹੋਲੀ ਫੈਮਿਲੀ' ਨਰਸਿੰਗ ਹੋਮ ਵਿਚ ਸਨ, ਤਾਂ ਇਕ ਰਾਤ ਜ਼ਿਦ ਕਰਨ ਲਗ ਪਏ, ਮੈਂ ਘਰ ਜਾਣਾ ਹੈ, ਮੈਂ ਘਰ ਜਾਣਾ ਹੈ! ਮੈਨੂੰ ਪਤਾ ਨਾ ਲੱਗੇ, ਕੀ ਕਰਾਂ। ਮੈਂ ਬਲਕਾਰ ਭਾਜੀ ਨੂੰ ਕਾਲ ਕੀਤੀ, 'ਭਾਜੀ ਜਿਥੇ ਵੀ ਹੋ, ਜਲਦੀ ਪਹੁੰਚ ਜਾਓ! ਕੁਝ ਮਿੰਟਾਂ ਬਾਅਦ ਹੀ ਭਾਜੀ ਆ ਗਏ ਤੇ ਉਨ੍ਹਾਂ ਦੇ ਆਉਣ 'ਤੇ ਚਿਹਰੇ 'ਤੇ ਮੁਸਕਰਾਹਟ ਲਿਆਉਂਦਿਆਂ ਸ਼ਾਂਤ ਹੋ ਗਏ।

ਯਾਰਾਂ ਦੇ ਯਾਰ ਬਲਕਾਰ ਭਾਜੀ ਅਸੂਲਾਂ ਦੇ ਵੀ ਬਹੁਤ ਪੱਕੇ ਸਨ। ਜਿਸ ਪਾਰਟੀ ਨਾਲ ਜੁੜ ਗਏ, ਦੂਜੀ ਧਿਰ ਦੇ ਲੱਖ ਕਹਿਣ 'ਤੇ ਵੀ ਪਾਰਟੀ ਦਾ ਸਾਥ ਨਾ ਛਡਦੇ। ਮੈਨੂੰ ਹਮੇਸ਼ਾਂ 'ਭਰਜਾਈ' ਕਹਿ ਕੇ ਬੁਲਾਉਂਦੇ ਤੇ ਗੱਲਬਾਤ ਦੌਰਾਨ ਅਮੋਲਕ ਨੂੰ ਯਾਦ ਕਰਦਿਆਂ ਉਨ੍ਹਾਂ ਦਾ ਤਕੀਆ-ਕਲਾਮ ਹੁੰਦਾ, 'ਸਾਡਾ ਭਰਾ ਸ਼ੇਰ ਸੀ ਸ਼ੇਰ, ਭਰਜਾਈ ਚੜ੍ਹਦੀ ਕਲਾ ਵਿਚ ਰਹਿਣਾ ਹੈ'। ਪਾਰਟੀਬਾਜ਼ੀ ਕਰਕੇ ਕਦੀ-ਕਦੀ ਅਮੋਲਕ ਨਾਲ ਰੁਸ ਜਾਂਦੇ, ਪਰ ਲੋੜ ਪੈਣ 'ਤੇ ਅੱਧੀ ਰਾਤ ਨੂੰ ਵੀ ਭੱਜੇ ਆਉਂਦੇ। ਗੱਲ ਕਰਨ ਦਾ ਅੰਦਾਜ਼ ਐਸਾ ਕਿ ਪਤਾ ਨਾ ਲਗਦਾ ਕਿ ਉਨ੍ਹਾਂ ਹਾਂ ਵਿਚ ਹਾਂ ਮਿਲਾਈ ਹੈ ਜਾਂ ਨਾਂਹ। ਤਾਉਮਰ ਨਾ ਕਦੇ ਕਿਸੇ ਦਾ ਬੁਰਾ ਸੋਚਿਆ ਤੇ ਨਾ ਹੀ ਕੀਤਾ। ਹੱਕ ਦੀ ਕਮਾਈ ਤੇ ਸਬਰ-ਸੰਤੋਖ ਨਾਲ ਆਪਣੀ ਜੀਵਨ-ਲੀਲਾ ਪੂਰੀ ਕਰ ਗਏ। ਦਰਗਾਹ ਵਿਚ ਉਨ੍ਹਾਂ ਦਾ ਬਸੇਰਾ ਯਕੀਨੀ ਹੈ, ਇਸ ਲਈ ਮੈਨੂੰ ਅਰਦਾਸ ਕਰਨ ਦੀ ਲੋੜ ਨਹੀਂ ਜਾਪਦੀ। ਅਲਵਿਦਾ ਭਾਜੀ!

***-ਜਸਪ੍ਰੀਤ***

# ਸ. ਬਲਕਾਰ ਸਿੰਘ ਢਿੱਲੋਂ ਦੇ ਦੇਹਾਂਤ ਨਾਲ ਪਰਿਵਾਰ ਨੂੰ ਸਦਮਾ

'ਪੰਜਾਬ ਟਾਈਮਜ਼' ਦੇ ਬਾਨੀਆਂ ਵਿਚੋਂ ਇਕ ਅਤੇ ਭਾਈਚਾਰੇ ਦੇ ਉੱਘੇ ਮੈਂਬਰ ਸ. ਬਲਕਾਰ ਸਿੰਘ ਢਿੱਲੋਂ 16 ਜੂਨ, 2025 ਨੂੰ ਗੁਰੂ ਵਲੋਂ ਬਖਸ਼ੀ ਸੁਆਸਾਂ ਦੀ ਪੂੰਜੀ ਪੂਰੀ ਕਰਦਿਆਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਹ 79 ਸਾਲਾਂ ਦੇ ਸਨ। ਉਨ੍ਹਾਂ ਵਧੀਆ ਸੁਖੀ ਜੀਵਨ ਗੁਜ਼ਾਰਿਆ ਅਤੇ ਮਾਮੂਲੀ ਤਕਲੀਫ ਮਗਰੋਂ ਹੀ ਅਚਾਨਕ ਸਦੀਵੀ ਵਿਛੋੜਾ ਦੇ ਗਏ।



ਸ. ਬਲਕਾਰ ਸਿੰਘ ਢਿੱਲੋਂ ਪੰਜਾਬ ਦੇ ਠੱਠੀ ਖਾਰਾ ਪਿੰਡ ਨਾਲ ਸਬੰਧ ਰੱਖਦੇ ਸਨ ਅਤੇ ਪਿਛਲੇ ਲੰਮੇ ਸਮੇਂ ਤੋਂ ਅਮਰੀਕਾ ਹੀ ਰਹਿ ਰਹੇ ਸਨ। ਉਹ ਸਮਰਪਿਤ ਪਿਤਾ ਸੀ, ਜਿਸਨੇ ਆਪਣੇ ਬੱਚਿਆਂ ਵਿਚ ਇਮਾਨਦਾਰੀ ਅਤੇ ਸਾਰਿਆਂ ਲਈ ਸਤਿਕਾਰ ਦੀਆਂ ਕਦਰਾਂ-ਕੀਮਤਾਂ ਪੈਦਾ ਕੀਤੀਆਂ। ਉਹ ਅਨੰਦਮਈ, ਉਦਾਰ ਅਤੇ ਦਿਆਲੂ ਸੁਭਾਅ ਦੇ ਮਾਲਕ ਸਨ ਅਤੇ ਆਪਣੇ ਪੋਤੇ-ਪੋਤੀਆਂ ਨੂੰ ਵੀ ਉਨ੍ਹਾਂ ਇਹੀ ਗੁਣ ਦਿੱਤੇ।

ਉਹ ਆਪਣੇ ਪਿੱਛੇ ਪਤਨੀ ਸੁਰਿੰਦਰ ਕੌਰ, ਬੱਚੇ ਅਮਨ ਢਿੱਲੋਂ, ਟੀਨਾ ਕੌਰ ਅਤੇ ਕੇਵਿਨ ਸਿੰਘ, ਪੋਤੇ-ਪੋਤੀਆਂ ਅਤੇ ਪੜਪੋਤੇ ਦੀ ਭਰੀ ਫੁਲਵਾੜੀ ਛੱਡ ਗਏ ਹਨ।

ਉਨ੍ਹਾਂ ਦਾ ਅੰਤਮ ਸੰਸਕਾਰ ਸ਼ਨਿਚਰਵਾਰ 21 ਜੂਨ ਨੂੰ ਕੰਟਰੀਸਾਈਡ ਫਿਊਨਰਲ ਹੋਮ ਵਿਖੇ ਸਵੇਰੇ 10:00 ਤੋਂ ਦੁਪਹਿਰ 1:00 ਵਜੇ ਦਰਮਿਆਨ ਹੋਵੇਗਾ। ਉਪਰੰਤ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਪਾਠ ਦਾ ਭੋਗ, ਅਤੇ ਅੰਤਿਮ ਅਰਦਾਸ ਸ਼ਾਮ 3:00 ਤੋਂ 5:00 ਵਜੇ ਤੱਕ ਹੋਵੇਗੀ। ਪਰਿਵਾਰ ਨਾਲ ਦੁਖ ਸਾਂਝਾ ਕਰਨ ਜਾਂ ਵਧੇਰੇ ਜਾਣਕਾਰੀ ਲਈ ਹਰਵਿੰਦਰ ਕੰਗ ਨਾਲ ਫੋਨ ਨੰਬਰ 847-456-8651 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸ. ਅਮਰੀਕ ਸਿੰਘ ਭੰਗੂ ਦਾ ਦੇਹਾਂਤ; ਪਰਿਵਾਰ ਨੂੰ ਸਦਮਾ

**ਸ਼ਿਕਾਗੋ:** ਪੰਜਾਬ ਸਪੋਰਟਸ ਕਲੱਬ ਦੇ ਸਾਬਕਾ ਪ੍ਰਧਾਨ ਲੱਕੀ ਸਹੋਤਾ ਅਤੇ ਭੰਗੂ ਪਰਿਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਸ. ਅਮਰੀਕ ਸਿੰਘ ਭੰਗੂ ਅਚਾਨਕ 12 ਜੂਨ, 2025 ਨੂੰ ਅਕਾਲ ਚਲਾਣਾ ਕਰ ਗਏ। ਉਹ 80 ਸਾਲਾਂ ਦੇ ਸਨ ਤੇ ਮੂਲ ਰੂਪ ਵਿਚ ਖੁਸ਼ਹਾਲ ਮਾਜਰਾ, ਹਰਿਆਣਾ ਦੇ ਰਹਿਣ ਵਾਲੇ ਸਨ। ਸ. ਅਮਰੀਕ ਸਿੰਘ ਆਪਣੇ ਪਿੱਛੇ ਪੁੱਤਰ ਸ. ਭੁਪਿੰਦਰ ਸਿੰਘ ਅਤੇ ਸ. ਗੁਰਬਰਿੰਦਰ ਸਿੰਘ ਨੂੰ ਛੱਡ ਗਏ ਹਨ। ਉਨ੍ਹਾਂ ਦਾ ਅੰਤਿਮ ਸੰਸਕਾਰ ਵੀਰਵਾਰ, 19 ਜੂਨ ਨੂੰ ਸਵੇਰੇ 11:00 ਤੋਂ ਦੁਪਹਿਰ 2:00 ਵਜੇ ਦਰਮਿਆਨ ਡੇਵਨਪੋਰਟ ਫਿਊਨਰਲ ਹੋਮ 941 S Old Rand Rd, Lake Zuirch, IL 60047 ਵਿਖੇ ਹੋਵੇਗਾ। ਉਪਰੰਤ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਦੁਪਹਿਰ 3 ਤੋਂ ਸ਼ਾਮ 5 ਵਜੇ ਤੱਕ ਹੋਵੇਗੀ। ਪਰਿਵਾਰਕ ਨਾਲ ਦੁਖ ਸਾਂਝਾ ਕਰਨ ਲਈ ਭੁਪਿੰਦਰ ਸਿੰਘ ਭੰਗੂ ਨਾਲ ਫੋਨ ਨੰਬਰ 510-367-0549 ਜਾਂ ਲਖਵੀਰ ਸਿੰਘ ਸਹੋਤਾ ਨਾਲ ਫੋਨ ਨੰਬਰ 847-489-7773 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਸੰਤ ਪ੍ਰੇਮ ਸਿੰਘ ਮੁਰਾਰੇਵਾਲਿਆਂ ਦੀ ਬਰਸੀ ਨੂੰ ਸਮਰਪਿਤ ਸਾਲਾਨਾ ਸਮਾਗਮ ਕਰਵਾਏ

**ਓਕ ਕਰੀਕ:** ਗੁਰੂ ਲਾਧੋ ਰੇ ਸੇਵਾ ਸੁਸਾਇਟੀ ਅਤੇ ਓਕ ਕਰੀਕ ਗੁਰਦੁਆਰੇ ਦੀ ਸੰਗਤ ਵਲੋਂ ਹਰ ਸਾਲ ਵਾਂਗ ਐਤਕੀਂ ਵੀ ਸੰਤ ਪ੍ਰੇਮ ਸਿੰਘ ਮੁਰਾਰੇਵਾਲਿਆਂ ਦੀ ਬਰਸੀ ਨੂੰ ਸਮਰਪਿਤ ਵਿਸ਼ੇਸ਼ ਸਾਲਾਨਾ ਸਮਾਗਮ ਸ਼ਰਧਾ ਨਾਲ ਕਰਵਾਏ ਗਏ। ਸੰਤਾਂ ਦੀ 75ਵੀਂ ਬਰਸੀ ਨੂੰ ਸਮਰਪਿਤ 13 ਜੂਨ, ਦਿਨ ਸ਼ੁਕਰਵਾਰ ਨੂੰ ਅਖੰਡ ਪਾਠ ਸਾਹਿਬ ਅਰੰਭ ਕੀਤੇ ਗਏ, ਜਿਨ੍ਹਾਂ ਦੇ ਭੋਗ 15 ਜੂਨ ਦਿਨ ਐਤਵਾਰ ਨੂੰ ਪਾਏ ਗਏ।















ਇਨ੍ਹਾਂ ਸਾਰੇ ਦਿਨਾਂ ਦੇ ਸਮਾਗਮਾਂ ਦੌਰਾਨ ਜਿੱਥੇ ਭਾਈ ਸੁਰਜੀਤ ਸਿੰਘ ਅਤੇ ਭਾਈ ਗੁਰਮੇਲ ਸਿੰਘ ਦੇ ਜਥਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ, ਉਥੇ ਹੀ ਕਥਾਵਾਚਕ ਭਾਈ ਅਜਮੇਰ ਸਿੰਘ ਸੈਂਬੀ ਨੇ ਕਥਾ ਰਾਹੀਂ ਸੰਗਤ ਨੂੰ ਗੁਰ ਇਤਿਹਾਸ ਨਾਲ ਜੋੜਿਆ।

ਦੱਸਣਯੋਗ ਹੈ ਕਿ ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਅਦੁੱਤੀ ਸ਼ਖ਼ਸੀਅਤ ਹੋਏ ਹਨ, ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ। ਉਹ 1926 ਤੋਂ 1950 ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ ਅਤੇ 1937 ਤੇ 1945 ਵਿਚ ਦੋ ਵਾਰ ਪੰਜਾਬ ਅਸੈਂਬਲੀ ਦੇ ਮੈਂਬਰ ਬਣੇ। ਵਿਦਿਆ ਦਾ ਚਾਨਣ ਵੰਡਣ ਲਈ ਉਨ੍ਹਾਂ ਕਈ ਸਕੂਲ ਬਣਵਾਏ। ਪੰਜਾਬ ਦੀ ਲੁਬਾਣਾ ਬਰਾਦਰੀ ਉਨ੍ਹਾਂ ਦੀ ਬਖਸ਼ਿਸ਼ ਸਦਕਾ ਹੀ ਅੱਜ ਦੁਨੀਆਂ ਵਿਚ ਉਜਵਲ ਇਤਿਹਾਸ ਸਿਰਜ ਰਹੀ ਹੈ।

ਗੁਰੂ ਲਾਧੋ ਰੇ ਸੇਵਾ ਸੁਸਾਇਟੀ ਵਲੋਂ ਗੁਰਦੁਆਰਾ ਸਾਹਿਬ ਦੇ ਬਾਹਰ ਵੱਡੀ ਖੂਬਸੂਰਤ ਗਰਾਊਂਡ ਵਿਚ ਸਵੇਰ ਦੇ ਖਾਣੇ ਅਤੇ ਲੰਗਰ ਦਾ ਖਾਸ ਬੰਦੋਬਸਤ ਕੀਤਾ ਗਿਆ ਸੀ, ਜਿਸ ਵਿਚ ਸਮੋਸੇ, ਛੋਲੇ ਭਟੂਰੇ, ਮਠਿਆਈਆਂ, ਠੰਢੇ ਪਦਾਰਥ, ਪੈਕਡ ਜੂਸ, ਛਬੀਲ ਅਤੇ ਗੰਨੇ ਦੇ ਰਸ ਦਾ ਖਾਸ ਪ੍ਰਬੰਧ ਸੀ। ਸਵਾਗਤ ਅਤੇ ਇੰਡੀਆ ਫੂਡ ਕੁਜ਼ੀਨ ਵਲੋਂ ਸਾਰਾ ਭੋਜਨ ਤਿਆਰ ਕੀਤਾ ਗਿਆ ਸੀ। ਬੱਚਿਆਂ ਲਈ ਖਾਸ ਤੌਰ 'ਤੇ ਝੂਲੇ ਵੀ ਲਾਏ ਗਏ ਸਨ।

ਸਾਰਾ ਦਿਨ ਮੇਲਾ ਭਰਿਆ ਰਿਹਾ, ਜਿਸ ਵਿਚ ਬੀਬੀਆਂ ਲਈਆਂ ਕੱਪੜਿਆਂ ਅਤੇ ਗਹਿਣਿਆਂ ਦੇ ਖਾਸ ਸਟਾਲ ਵੀ ਲੱਗੇ ਹੋਏ ਸਨ। ਇੱਕ ਸਟਾਲ 'ਤੇ ਹਰਿਮੰਦਰ ਸਾਹਿਬ ਅਤੇ ਸਿੱਖ ਗੁਰੂ ਸਾਹਿਬਾਨ ਦੇ ਸੁੰਦਰ ਚਿੱਤਰ ਖਿੱਚ ਦਾ ਕੇਂਦਰ ਬਣੇ ਹੋਏ ਸਨ। ਸੇਵਾਦਾਰਾਂ ਵਲੋਂ ਪਾਣੀ, ਜੋੜਿਆਂ ਦੀ ਸਾਫ਼ ਸਫਾਈ ਦੀ ਸੇਵਾ ਵੀ ਜਾ ਰਹੀ ਸੀ। ਇਹ ਮੇਲਾ ਨਾ ਸਿਰਫ਼ ਰੂਹਾਨੀ ਸੰਦੇਸ਼ ਦੇ ਗਿਆ, ਸਗੋਂ ਇਸ ਨੇ ਪੰਜਾਬੀ ਸੱਭਿਆਚਾਰਕ ਵਿਰਾਸਤ ਨੂੰ ਵੀ ਵਧੀਆ ਢੰਗ ਨਾਲ ਦਰਸਾਇਆ।

ਜ਼ਿਕਰਯੋਗ ਹੈ ਕਿ ਗੁਰੂ ਲਾਧੋ ਰੇ ਸੇਵਾ ਸੁਸਾਇਟੀ 2009 ਤੋਂ ਸੰਤ ਪ੍ਰੇਮ ਸਿੰਘ ਮੁਰਾਰੇਵਾਲਿਆਂ ਦੀ ਬਰਸੀ ਨੂੰ ਸਮਰਪਿਤ ਸਮਾਗਮ ਕਰਵਾਉਂਦੀ ਹੈ। ਮੇਲੇ ਦੇ ਰੂਪ ਵਿਚ ਕਰਵਾਏ ਜਾਂਦੇ ਇਨ੍ਹਾਂ ਸਮਾਮਗਾਂ ਦੀ ਸੰਗਤ ਨੂੰ ਸਾਰਾ ਸਾਲ ਬੇਸਬਰੀ ਨਾਲ ਉਡੀਕ ਰਹਿੰਦੀ ਹੈ ਅਤੇ ਵੱਖ ਵੱਖ ਸਟੇਟਾਂ ਤੋਂ ਵੱਡੀ ਗਿਣਤੀ ਸੰਗਤ ਇਸ ਮੇਲੇ ਵਿਚ ਹਾਜ਼ਰੀ ਲਵਾਉਂਦੀ ਹੈ। ਪ੍ਰਬੰਧਕਾਂ ਵਲੋਂ ਸੰਗਤ ਦੀ ਸਹੂਲਤ ਲਈ ਹਰ ਤਰ੍ਹਾਂ ਦੇ ਇੰਤਜ਼ਾਮ ਕੀਤੇ ਜਾਂਦੇ ਹਨ। ਸੰਗਤ ਨੂੰ ਗੁਰਬਾਣੀ ਦੇ ਨਾਲ ਨਾਲ ਆਪਣੀ ਵਿਰਾਸਤ ਨਾਲ ਵੀ ਜੋੜਿਆ ਜਾਂਦਾ ਹੈ। ਇਸ ਵਾਰ ਵੀ ਵਧੀਆ ਪ੍ਰਬੰਧਾਂ ਵੀ ਚਰਚਾ ਸੰਗਤ ਵਿਚ ਆਮ ਹੁੰਦੀ ਰਹੀ, ਜਿਸ ਲਈ ਗੁਰੂ ਲਾਧੋ ਰੇ ਸੇਵਾ ਸੁਸਾਇਟੀ ਅਤੇ ਸਾਰੀ ਸੰਘਤ ਵਧਾਈ ਦੀ ਪਾਤਰ ਹੈ।

## ਘਰ ਵਿਚ ਕੰਮ ਕਰਨ ਲਈ ਲੇਡੀ ਹੈਲਪਰ ਦੀ ਲੋੜ

ਓਕਲੈਂਡ (ਕੈਲੀਫੋਰਨੀਆ) ਵਿਚ ਬਜ਼ੁਰਗਾਂ ਦੀ ਦੇਖਭਾਲ ਅਤੇ ਘਰ ਦੇ ਕੰਮ (ਕਿਚਨ, ਲੌਂਡਰੀ) ਕਰਨ ਲਈ ਲੇਡੀ ਹੈਪਲਰ ਦੀ ਲੋੜ ਹੈ।

*ਰਹਿਣ ਲਈ ਅਲੱਗ ਕਮਰੇ ਅਤੇ ਬਾਥਰੂਮ ਦਾ ਪ੍ਰਬੰਧ ਹੋਵੇਗਾ।

*ਤਨਖਾਹ ਤਜਰਬੇ ਦੇ ਆਧਾਰ 'ਤੇ

ਚਾਹਵਾਨ ਸੰਪਰਕ ਕਰਨ:

650-773-4087 (ਵ੍ਹਟਸਐਪ ਕਾਲ ਨੂੰ ਪਹਿਲ)

ਜਾਂ ਈ-ਮੇਲ ਕਰੋ: *suhailr@gmail.com*

## ਵਿਸਕਾਨਸਿਨ ਵਿਚ ਗੈਸ ਸਟੇਸ਼ਨ ਤੇ ਲਿਕਰ ਸਟੋਰ ਵਿਕਾਊ

## Gas Station with Convenience and Liquor Store is on Sale

**Branded Corner Gas Station with Convenience and Liquor Store with Real Estate Included in Janesville Wisconsin Priced to sell.**

*Average Monthly C-store/Liquor Sales: $75000-85000

*Price is Negotiable - $1M, 25K + Inventory

**Kindly contact by email or phone at**

**thinkbigworksmallbusinessgroup@gmail.com or Whatsapp at 402-500-0005**

TRANSWORLD® Business Advisors

WE SELL BUSINESSES



Vik Kalwani

(847) 909 5914



## UMA TRAVELS

2541 W. Devon Ave., Chicago, IL 60659

For Delhi Amritsar-Bombay Ahmedabad, Hydrabad-Madras

Call For Special Sale Fares

**Call: 773-338-5603**

## SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*

**For Emergency Call anytime at 847-436-9010**



EARLY BIRD SALE!!!!

*Etihad, Air India, KLM, Lufthansa, Delta, Qatar Airlines.*

**Domestic fares available**


# Matrimonials

## ਲੜਕੇ ਦੀ ਲੋੜ ਹੈ

Looking for a USA Citizen match for Ramdasia Sikh girl, 1988 born, 5'9", divorcee and has one child living with. She belongs to Punjab (Ludhiana). She has completed her nursing associate in India, currently working in India. Please whatApp biodata and recent picture at 262-960-7366. 19-22

Jatt Sikh family seeking a suitable match for their USA citizen girl 30, 5'5''. Girl is working as a Dentist. Entire family is in the USA. Seeking a Doctor or engineer match from the USA. Jatt Sikh should be preffered. Please contact us at: 773-679-5664

## ਲੜਕੀ ਦੀ ਲੋੜ ਹੈ

Ravidasia Sikh family looking for a suitable match for their US Green card holder, son, 31, 6'3" tall. He is a certified nursing assistant and now running his own trucking business. He is currently residing in Franklin,Wisconsin. He is earning 150k to 200k annually. Preffered a girls in the USA. If interested, please contact: +91-95014-52552 (Whatsapp)

Seeking Amritdhari (dastar wearing/ready to wear) and educated girl for issueless, innocent divorcee Gursikh boy, well settled in the US. 37 years old, 5' -11" tall, MS degree holder, works as Engineering Manager. Green card petition approved in 2016. Homeowner in San Francisco, Bay Area, California since 2021. Please contact us at +1-510-399-4085 or +91-98993-79442 (Whatsapp) or E-Mail at: cjsingh55@gmail.com 24-27

Thind family looking for a suitable match for their US Born 27, 5'4" Son. He is a software engineer & lives in Chicago. He is vegetarian, does not smoke, no drinking. Looking for a vegetarian, family type girl with height 5 or 5'2" inches. Please contact us at: +1-630-201-5714 23-26

Jatt Sikh family looking for a suitable match for their US citizen, son, 25, 5'10" tall, holding a degree in Chemical Engineering from UT, Austin-TX. He is currently working in San Francisco. He belongs to a well-settled, respected Jatt Sikh family in the USA. He is the only child with no siblings. if interested, please contact: 501-580-7305 or email: sarabjitb27@gmail.com 23-26

Ramgharia Sikh Turbaned boy 33, 5'8" , MEng Western University Canada, Working as Senior Software Engineer in Toronto Canada, Looking for a professionally qualified girl living in Canada or US. Email: dev.kirat@gmail.com Ph +1 (313) 718-0178 19-26

Jatt Sikh family seeking a match for their son, born in America. He is 22 years old, 6ft tall and wears a Turban. He did study in computer science and working as a Software Engineer. He has property both in America and India. Seeking a nice girl that enjoys family and lives in USA. He has no siblings. Please contact us at: 206-208-4064 or E-Mail at gursikhjatt@gmail.com

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

Jatt Sikh SF Bay Area family seeking bride for their USA born Son 24, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com


*ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:*

*847-359-0746*

*To Advertise In Punjab Times*

*Call: 847-359-0746*

**E-mail: punjabtimes1@gmail.com**

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਮੂਸੇਵਾਲਾ ਦੇ ਕਤਲ ਦਾ ਕੋਈ ਪਛਤਾਵਾ ਨਹੀਂ: ਗੋਲਡੀ ਬਰਾੜ



**ਨਵੀਂ ਦਿੱਲੀ:**ਨੌਜਵਾਨਾਂ ਵਿਚ ਬੇਹੱਦ ਹਰਮਨ ਪਿਆਰੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਨੂੰ ਮਾਰਨ ਦਾ ਹੁਕਮ ਦੇਣ ਦਾ ਮੈਨੂੰ ਕੋਈ ਪਛਤਾਵਾ ਨਹੀਂ ਹੈ। ਉਸ ਨੇ ਕੰਮ ਹੀ ਅਜਿਹੇ ਕੀਤੇ ਸਨ, ਜਿਸ ਤੋਂ ਬਾਅਦ ਉਸ ਦੀ ਹੱਤਿਆ ਜ਼ਰੂਰੀ ਸੀ। ਤਿੰਨ ਸਾਲ ਪਹਿਲਾਂ ਹੋਈ ਮੂਸੇਵਾਲਾ ਦੀ ਹੱਤਿਆ ਦੀ ਇੰਟਰਨੈੱਟ ਮੀਡੀਆ 'ਤੇ ਜ਼ਿੰਮੇਵਾਰੀ ਲੈਣ ਤੋਂ ਬਾਅਦ ਲਾਈਵ ਚੈਟ ਵਿਚ ਮੰਨਣ ਦਾ ਇਹ ਬਿਆਨ ਗੈਂਗਸਟਰ ਗੋਲਡੀ ਬਰਾੜ ਨੇ ਬੀ.ਬੀ.ਸੀ. ਨੂੰ ਹੁਣ ਦਿੱਤਾ ਹੈ। ਮੰਨਿਆ ਜਾ ਰਿਹਾ ਹੈ ਕਿ ਗੋਲਡੀ ਇਸ ਸਮੇਂ ਕੈਨੇਡਾ ਵਿਚ ਹੈ।ਪਿੰਡ ਵਿਚ ਹੋਏ ਇਕ ਕਬੱਡੀ ਟੂਰਨਾਮੈਂਟ ਦੇ ਪ੍ਰਚਾਰ ਤੋਂ ਸ਼ੁਰੂ ਹੋਈ ਲੜਾਈ ਵਿੱਕੀ ਮਿੱਡੂਖੇੜਾ ਦੀ ਹੱਤਿਆ ਤੋਂ ਬਾਅਦ ਦੁਸ਼ਮਣੀ ਵਿਚ ਬਦਲ ਗਈ। ਮੰਨਿਆ ਗਿਆ ਕਿ ਕਬੱਡੀ ਟੂਰਨਾਮੈਂਟ ਵਿਰੋਧੀ ਬੰਬੀਹਾ ਗੈਂਗ ਕਰਵਾ ਰਿਹਾ ਸੀ ਅਤੇ ਮਿੱਡੂਖੇੜਾ ਦੀ ਹੱਤਿਆ ਵਿਚ ਸਿੱਧੂ ਮੂਸੇਵਾਲਾ ਦੇ ਦੋਸਤ ਤੇ ਮੈਨੇਜਰ ਸ਼ਗਨਪ੍ਰੀਤ ਦਾ ਹੱਥ ਸੀ। ਪੁਲਿਸ ਨੇ ਵੀ ਦੋਸ਼ ਪੱਤਰ ਵਿਚ ਸ਼ਗਨਪ੍ਰੀਤ ਦਾ ਨਾਂ ਸ਼ਾਮਲ ਕੀਤਾ ਹੈ, ਫ਼ਿਲਹਾਲ ਉਹ ਫਰਾਰ ਹੈ। ਇਸ ਤੋਂ ਬਾਅਦ ਮੁਸੇਵਾਲਾ ਲਾਰੈਂਸ ਬਿਸ਼ਨੋਈ-ਗੋਲਡੀ ਬਰਾੜ ਗੈਂਗ ਦੇ ਨਿਸ਼ਾਨੇ 'ਤੇ ਆ ਗਿਆ ਸੀ। ਮਤਭੇਦ ਤੇ ਕਲੇਸ਼ ਦੇ ਮਾਮਲਿਆਂ ਵਿਚ ਮੂਸੇਵਾਲਾ ਨੇ ਕਦੀ ਸਫ਼ਾਈ ਦੇਣ ਦੀ ਕੋਸ਼ਿਸ਼ ਵੀ ਨਹੀਂ ਕੀਤੀ, ਉਲਟਾ ਉਸ ਦੇ ਗਾਣੇ ਵਿਰੋਧੀਆਂ ਨੂੰ ਚੁਣੌਤੀ ਦੇਣ ਵਾਲੇ ਪ੍ਰਤੀਤ ਹੁੰਦੇ ਸਨ। ਅਜਿਹਾ ਉਦੋਂ ਹੋਇਆ ਜਦੋਂ ਕੁਝ ਸਾਲ ਪਹਿਲਾਂ ਲਾਰੈਂਸ ਬਿਸ਼ਨੋਈ ਨੇ ਜੇਲ੍ਹ ਤੋਂ ਮੂਸੇਵਾਲਾ ਨੂੰ ਫੋਨ ਕਰ ਕੇ ਉਸ ਦੇ ਗਾਣਿਆਂ ਦੀ ਤਾਰੀਫ਼ ਕੀਤੀ ਸੀ। ਉਸ ਤੋਂ ਬਾਅਦ ਦੋਵਾਂ ਵਿਚਾਲੇ ਸ਼ੁਭਕਾਮਨਾ ਸੰਦੇਸ਼ਾਂ ਦਾ ਆਦਾਨ ਪ੍ਰਦਾਨ ਹੋਣ ਲੱਗਾ ਸੀ। ਵਾਇਸ ਨੋਟ ਜ਼ਰੀਏ ਹੋਈ ਵਾਰਤਾ ਵਿਚ ਗੋਲਡੀ ਬਰਾੜ ਨੇ ਕਿਹਾ, ਮੂਸੇਵਾਲਾ ਸਾਡੇ ਵਿਰੋਧੀ ਗਿਰੋਹ ਨੂੰ ਉਤਸ਼ਾਹਤ ਕਰਨ ਵਾਲੇ ਕੰਮਾਂ ਨਾਲ ਜੁੜਿਆ ਸੀ। ਇਹ ਗੱਲ ਪੰਜਾਬ ਦੇ ਸਾਰੇ ਲੋਕ ਜਾਣਦੇ ਸਨ। ਉਸ ਨੂੰ ਕੋਈ ਗ੍ਰਿਫ਼ਤਾਰ ਨਹੀਂ ਕਰ ਸਕਦਾ ਸੀ। ਅਸੀਂ ਸਮਝ ਗਏ ਕਿ ਆਮ ਆਦਮੀ ਨੂੰ ਕਾਨੂੰਨ ਨਾਲ ਇਨਸਾਫ਼ ਨਹੀਂ ਮਿਲ ਸਕਦਾ ਹੈ। ਅਜਿਹੇ ਵਿਚ ਸਾਥੀ ਮਿੱਡੂਖੇੜਾ ਦੀ ਹੱਤਿਆ ਤੋਂ ਬਾਅਦ ਮੂਸੇਵਾਲਾ ਨੂੰ ਮਾਰਨ ਤੋਂ ਇਲਾਵਾ ਸਾਡੇ ਕੋਲ ਕੋਈ ਰਸਤਾ ਨਹੀਂ ਬਚਿਆ ਸੀ। ਸਿੱਧੂ ਮੂਸੇਵਾਲਾ ਦੇ ਨਾਂ ਨਾਲ ਪ੍ਰਸਿੱਧ ਸ਼ੁੱਭਦੀਪ ਸਿੰਘ ਸਿੱਧੂ ਨੂੰ ਪੰਜਾਬ ਦੇ ਮਾਨਸਾ ਜ਼ਿਲ੍ਹੇ ਵਿਚ 29 ਮਈ, 2022 ਨੂੰ ਉਦੋਂ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ ਜਦੋਂ ਉਹ ਆਪਣੇ ਚਾਚੇ ਦੇ ਪੁੱਤ ਅਤੇ ਇਕ ਦੋਸਤ ਨਾਲ ਥਾਰ ਵਿਚ ਜਾ ਰਿਹਾ ਸੀ।

ਪਹਿਲਾਂ ਉਨ੍ਹਾਂ ਦੀ ਥਾਰ ਨੂੰ ਟੱਕਰ ਮਾਰ ਕੇ ਰੋਕਿਆ ਗਿਆ ਅਤੇ ਉਸ ਤੋਂ ਬਾਅਦ ਦੋ ਕਾਰਾਂ 'ਚੋਂ ਨਿਕਲ ਕੇ ਛੇ ਹਮਲਾਵਰਾਂ ਨੇ ਮੂਸੇਵਾਲਾ 'ਤੇ ਫਾਇਰਿੰਗ ਕਰ ਦਿੱਤੀ। ਪੋਸਟਮਾਰਟਮ ਵਿਚ ਮੂਸੇਵਾਲਾ ਦੀ ਲਾਸ਼ 'ਤੇ ਗੋਲੀਆਂ ਦੇ 24 ਨਿਸ਼ਾਨ ਮਿਲੇ ਸਨ। ਕਾਤਲਾਂ ਦੀ ਤਲਾਸ਼ ਵਿਚ ਪੁਲਿਸ ਦੀ ਕਾਰਵਾਈ ਦੌਰਾਨ ਮੁਕਾਬਲੇ ਵਿਚ ਦੋ ਲੋਕ ਮਾਰੇ ਗਏ ਸਨ ਜਦਕਿ ਕਈ ਗਿ੍ਫ਼ਤਾਰ ਹੋਏ ਹਨ। ਮਾਮਲੇ ਦੀ ਹਾਲੇ ਅਦਾਲਤ ਵਿਚ ਸੁਣਵਾਈ ਚੱਲ ਰਹੀ ਹੈ।

*(ਪਹਿਲੇ ਸਫ਼ੇ ਦਾ ਬਾਕੀ)*

## ਸੁਖਬੀਰ ਤੇ ਅਰੋੜਾ ਨੇ ਕੀਤਾ ਸਾਰਿਆਂ ਤੋਂ ਵੱਧ ਚੋਣ ਪ੍ਰਚਾਰ

ਲੁਧਿਆਣਾ ਵਿੱਚ ਆਪੋ ਆਪਣੇ ਉਮੀਦਵਾਰਾਂ ਦੇ ਹੱਕ ਵਿੱਚ ਪਾਰਟੀਆਂ ਦੇ ਪ੍ਰਧਾਨ ਤੇ ਆਗੂ ਪ੍ਰਚਾਰ ਕਰ ਰਹੇ ਹਨ। ਕਾਂਗਰਸ ਪਾਰਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨਾਮਜ਼ਦਗੀ ਕਾਗਜ਼ ਦਾਖ਼ਲ ਕਰਵਾਉਣ ਤੇ ਅੱਜ ਪ੍ਰੈਸ ਕਾਨਫਰੰਸ ਕਰਨ ਪੁੱਜੇ। ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਸੁਨੀਲ ਜਾਖੜ ਨਾਮਜ਼ਦਗੀ ਕਾਗਜ਼ ਭਰਨ ਤੋਂ ਇਲਾਵਾ 2 ਵਾਰ ਹੋਰ ਪ੍ਰਚਾਰ ਕਰਨ ਲਈ ਲੁਧਿਆਣਾ ਪੁੱਜੇ। ਹਾਕਮ ਧਿਰ ਆਮ ਆਦਮੀ ਪਾਰਟੀ ਦੇ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਪਣੇ ਉਮੀਦਵਾਰ ਦੇ ਹੱਕ ਵਿੱਚ ਦਿਨ ਰਾਤ ਪ੍ਰਚਾਰ ਕਰਦੇ ਰਹੇ ਹਨ। ਦੋਵੇਂ ਪ੍ਰਧਾਨ ਲੁਧਿਆਣਾ ਵਿੱਚ ਹੀ ਡੇਰਾ ਲਗਾ ਦੇ ਬੈਠੇ ਰਹੇ ਹਨ। ਇਸ ਵਾਰ ਚੋਣ ਪ੍ਰਚਾਰ ਕਾਫੀ ਦਿਲਚਸਪ ਰਿਹਾ ਹੈ।ਹਰੇਕ ਵਰਗ ਦੇ ਲੋਕਾਂ ਨੂੰ ਆਪਣੀਆਂ ਉਪਲਬਧੀਆਂ ਦੱਸ ਕੇ ਵੋਟ ਪਾਉਣ ਦੀਆਂ ਬੇਨਤੀਆਂ ਕਰ ਰਹੇ ਆਗੂਆਂ ਨੂੰ ਲਗਦਾ ਹੈ ਕਿ ਇਸ ਹਲਕੇ ਵਿਚ ਸਰਕਾਰੀ ਮੁਲਾਜ਼ਮਾਂ ਅਤੇ ਸੇਵਾ ਮੁਕਤ ਮੁਲਾਜ਼ਮਾਂ ਦੀ ਗਿਣਤੀ ਜ਼ਿਆਦਾ ਹੋਣ ਕਾਰਨ ਇਹ ਮੁਲਾਜ਼ਮ ਇਸ ਚੋਣ ਵਿਚ ਫ਼ੈਸਲਾਕੁਨ ਭੂਮਿਕਾ ਨਿਭਾਉਣਗੇ। ਜਾਣਕਾਰੀ ਅਨੁਸਾਰ ਇਸ ਹਲਕੇ ਵਿਚ ਕੁੱਲ ਵੋਟਰਾਂ ਦੀ ਗਿਣਤੀ ਵਿਚ 20 ਫ਼ੀਸਦੀ ਤੋਂ ਵੱਧ ਸਰਕਾਰੀ ਮੁਲਾਜ਼ਮ ਹਨ ਅਤੇ ਇਸ ਤੋਂ ਇਲਾਵਾ ਹਲਕੇ ਵਿਚ ਸੇਵਾ ਮੁਕਤ ਮੁਲਾਜ਼ਮਾਂ ਦੀ ਗਿਣਤੀ ਵੀ ਲਗਭਗ ਇੰਨੀ ਹੀ ਹੈ। ਅੰਦਰ ਖਾਤੇ ਵੱਖ-ਵੱਖ ਉਮੀਦਵਾਰਾਂ ਵਲੋਂ ਪੁਲਿਸ ਅਤੇ ਹੋਰ ਸਰਕਾਰੀ ਮੁਲਾਜ਼ਮਾਂ ਨਾਲ ਆਪਣਾ ਰਾਬਤਾ ਕਾਇਮ ਕੀਤਾ ਹੋਇਆ ਹੈ ਅਤੇ ਹਰੇਕ ਉਮੀਦਵਾਰ 'ਇਨ੍ਹਾਂ' ਸਰਕਾਰੀ ਮੁਲਾਜ਼ਮਾਂ ਨੂੰ ਆਪਣੇ ਹੱਕ ਵਿਚ ਵੋਟ ਪਾਉਣ ਲਈ ਕਹਿੰਦਾ ਰਿਹਾ ਹੈ। ਕੁਝ ਮੁਲਾਜ਼ਮਾਂ ਨਾਲ ਜਦੋਂ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕੁਝ ਵੀ ਦੱਸਣ ਤੋਂ ਇਨਕਾਰ ਕਰ ਦਿੱਤਾ। ਇਨ੍ਹਾਂ ਮੁਲਾਜ਼ਮਾਂ ਦਾ ਕਹਿਣਾ ਸੀ ਕਿ ਜਿਹੜਾ ਉਮੀਦਵਾਰ ਉਨ੍ਹਾਂ ਦੇ ਇਲਾਕੇ ਦਾ ਵਿਕਾਸ ਕਰਵਾਉਣ ਦਾ ਪੱਕਾ ਵਾਅਦਾ ਕਰੇਗਾ, ਉਹ ਉਸ ਨੂੰ ਹੀ ਵੋਟ ਪਾਉਣਗੇ। ਇਨ੍ਹਾਂ ਮੁਲਾਜ਼ਮਾਂ ਵਿਚੋਂ ਕੋਈ ਵੀ ਖੁੱਲ੍ਹੇ ਤੌਰ 'ਤੇ ਬੋਲਣ ਲਈ ਤਿਆਰ-ਨਹੀਂ ਸੀ। ਮੌਜੂਦਾ ਮੁਲਾਜ਼ਮਾਂ ਤੋਂ ਇਲਾਵਾ ਸੇਵਾ ਮੁਕਤ ਮੁਲਾਜ਼ਮਾਂ ਦੀ ਗਿਣਤੀ ਵੀ ਇਸ ਇਲਾਕੇ ਵਿਚ ਬਾਕੀ ਹਲਕਿਆਂ ਨਾਲੋਂ ਜ਼ਿਆਦਾ ਹੈ, ਕਿਉਂਕਿ ਮਿੰਨੀ ਸਕੱਤਰੇਤ ਪੁਲਿਸ ਮੁੱਖ ਦਫ਼ਤਰ ਅਤੇ ਹੋਰ ਸਰਕਾਰੀ ਦਫ਼ਤਰ ਇਸ ਇਲਾਕੇ ਵਿਚ ਹੀ ਹਨ ਅਤੇ ਜ਼ਿਆਦਾਤਰ ਇਹ ਮੁਲਾਜ਼ਮ ਪਿਛਲੇ ਕਾਫ਼ੀ ਸਾਲਾਂ ਤੋਂ ਲੁਧਿਆਣਾ ਵਿਚ ਰਹਿ ਰਹੇ ਹਨ। ਇੱਥੇ ਹੀ ਇਨ੍ਹਾਂ ਮੁਲਾਜ਼ਮਾਂ ਨੇ ਆਪਣੇ ਪੱਕੇ ਘਰ ਬਣਾ ਲਏ ਅਤੇ ਹੁਣ ਉਹ ਇੱਥੋਂ ਦੇ ਪੱਕੇ ਵਸਨੀਕ ਬਣ ਗਏ ਹਨ। ਜਿਹੜੇ ਸਰਕਾਰੀ ਮੁਲਾਜ਼ਮ ਨੌਕਰੀ ਤੋਂ ਸੇਵਾ ਮੁਕਤ ਹੋ ਗਏ ਹਨ, ਉਨ੍ਹਾਂ ਨੇ ਵੀ ਆਪਣੇ ਘਰ ਇੱਥੇ ਹੀ ਬਣਾਏ ਹੋਏ ਹਨ। ਇਨ੍ਹਾਂ ਦਾ ਗੜ੍ਹ ਹੈਬੋਵਾਲ, ਬਾੜੇਵਾਲ ਅਵਾਨਾ, ਸ਼ਹੀਦ ਭਗਤ ਸਿੰਘ ਨਗਰ, ਪੰਜਾਬ ਮਾਤਾ ਨਗਰ ਤੋਂ ਇਲਾਵਾ ਮਾਡਲ ਗ੍ਰਾਮ ਵਿਚ ਹੈ, ਜਿੱਥੇ ਕਿ ਇਨ੍ਹਾਂ ਮੁਲਾਜ਼ਮਾਂ ਦੀ ਗਿਣਤੀ ਸਭ ਤੌਂ ਜ਼ਿਆਦਾ ਹੈ। ਭਾਵੇਂ ਕਿ ਵੋਟਾਂ ਵਿਚ ਹਰੇਕ ਉਮੀਦਵਾਰ ਆਪਣੀ ਆਪਣੀ ਜਿੱਤ ਦਾ ਦਾਅਵਾ ਕਰ ਰਿਹਾ ਹੈ ਪਰ ਇਸ ਚੋਣ ਵਿਚ ਸਰਕਾਰੀ ਅਤੇ ਸੇਵਾ ਮੁਕਤ ਮੁਲਾਜ਼ਮਾਂ ਦੀ ਭੂਮਿਕਾ ਅਹਿਮ ਮੰਨੀ ਜਾ ਰਹੀ ਹੈ। ਵੇਖਦੇ ਹਾਂ ਕਿ ਜਿੱਤ ਦਾ ਊਠ ਕਿਸ ਕਰਵਟ ਬੈਠਦਾ ਹੈ।

## ਪਟੀਸ਼ਨ ਦੇ ਬਾਵਜੂਦ ਬੀ.ਬੀ.ਸੀ. ਨੇ ਰਿਲੀਜ਼ ਕੀਤੀ ਡਾਕੂਮੈਂਟਰੀ

**ਚੰਡੀਗੜ੍ਹ:**ਮਰਹੂਮ ਪੰਜਾਬੀ ਗਾਇਗ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਵੱਲੋਂ ਮਹਾਰਾਸ਼ਟਰ ਪੁਲਿਸ ਕੋਲ ਸ਼ਿਕਾਇਤ ਕਰਨ ਤੇ ਅਦਾਲਤ ਦਾ ਦਰਵਾਜ਼ਾ ਖੜਕਾਏ ਜਾਣ ਦੇ ਬਾਵਜੂਦ ਮੂਸੇਵਾਲਾ ਤੇ ਉਸ ਦੇ ਕਤਲ ਨਾਲ ਸਬੰਧਤ ਡਾਕੂਮੈਂਟਰੀ ਬੀ.ਬੀ.ਸੀ.ਨੇ ਰਿਲੀਜ਼ ਕਰ ਦਿੱਤੀ। ਬੁੱਧਵਾਰ ਨੂੰ ਸਿੱਧੂ ਦੇ ਜਨਮ ਦਿਨ ਮੌਕੇ ਬੀਬੀਸੀ ਨੇ ਦੋ ਹਿੱਸਿਆਂ ਵਾਲੀ ਇਹ ਡਾਕੂਮੈਂਟਰੀ ਸਵੇਰੇ ਪੰਜ ਵਜੇ ਯੂਟਿਊਬ 'ਤੇ ਰਿਲੀਜ਼ ਕੀਤੀ। ਜਦਕਿ ਪਹਿਲਾਂ ਬੀਬੀਸੀ ਨੇ ਸਿਨੇਮਾ ਹਾਲ 'ਚ ਸਕ੍ਰੀਨਿੰਗ ਦੀ ਗੱਲ ਕਹੀ ਸੀ। ਬਲਕੌਰ ਸਿੰਘ ਨੇ ਮਹਾਰਾਸ਼ਟਰ ਦੇ ਡੀਜੀਪੀ ਨੂੰ ਪੱਤਰ ਲਿਖ ਕੇ ਸਕ੍ਰੀਨਿੰਗ ਰੋਕਣ ਦੀ ਬੇਨਤੀ ਕੀਤੀ ਸੀ। ਇਸ ਪੱਤਰ 'ਚ ਉਨ੍ਹਾਂ ਨੇ ਕਿਹਾ ਸੀ ਕਿ ਡਾਕੂਮੈਂਟਰੀ ਉਨ੍ਹਾਂ ਦੀ ਇਜਾਜ਼ਤ ਦੇ ਬਗ਼ੈਰ ਬਣਾਈ ਗਈ ਹੈ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਇਸ 'ਚ ਉਸ ਦੇ ਪੁੱਤਰ ਦੀ ਹੱਤਿਆ ਬਾਰੇ ਗ਼ਲਤ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਨੇ ਚਿੰਤਾ ਪ੍ਰਗਟਾਈ ਸੀ ਕਿ ਡਾਕੂਮੈਂਟਰੀ 'ਚ ਉਨ੍ਹਾਂ ਦੇ ਪੁੱਤਰ ਦੀ ਹੱਤਿਆ ਨਾਲ ਸਬੰਧਤ ਐੱਫਆਈਆਰ 'ਚ ਨਾਮਜ਼ਦ ਵਿਅਕਤੀਆਂ ਦੀਆਂ ਇੰਟਰਵਿਊਜ਼ ਸ਼ਾਮਿਲ ਹੈ, ਜੋ ਕਾਨੂੰਨੀ ਕੇਸ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਜੇਕਰ ਇਸ ਨੂੰ ਨਾ ਰੋਕਿਆ ਗਿਆ ਤਾਂ ਉਹ ਕਾਨੂੰਨੀ ਕਾਰਵਾਈ ਕਰ ਸਕਦੇ ਹਨ। ਇਸ ਤੋਂ ਬਾਅਦ ਮੰਗਲਵਾਰ ਨੂੰ ਉਨ੍ਹਾਂ ਮਾਨਸਾ ਦੀ ਅਦਾਲਤ 'ਚ ਪਟੀਸ਼ਨ ਦਾਖ਼ਲ ਕਰ ਕੇ ਡਾਕੂਮੈਂਟਰੀ 'ਤੇ ਰੋਕ ਲਗਾਉਣ ਦੀ ਅਪੀਲ ਕੀਤੀ ਸੀ। ਇਸ 'ਤੇ ਵੀਰਵਾਰ ਨੂੰ ਸੁਣਵਾਈ ਹੋਣੀ ਹੈ। ਬਲੌਕਰ ਸਿੰਘ ਨੇ ਕਿਹਾ ਹੈ ਕਿ ਅਦਾਲਤ 'ਚ ਦੋ ਗਵਾਹੀਆਂ ਹੋ ਚੁੱਕੀਆਂ ਹਨ ਤੇ ਤੀਜੀ ਉਨ੍ਹਾਂ ਦੀ ਹੋਣੀ ਹੈ। ਇਸ ਸਮੇਂ ਬੀਬੀਸੀ ਵੱਲੋਂ ਡਾਕੂਮੈਂਟਰੀ ਰਿਲੀਜ਼ ਕਰਨਾ ਖ਼ਦਸ਼ਾ ਪੈਦਾ ਕਰਦਾ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਡਾਕੂਮੈਂਟਰੀ ਸੱਚ ਨਹੀਂ ਦਿਖਾ ਸਕਦੀ।

(ਪਹਿਲੇ ਸਫ਼ੇ ਦਾ ਬਾਕੀ)

## ਮੋਦੀ ਦੇ ਕੈਨੇਡਾ ਦੌਰੇ ਤੋਂ...

ਜੇਸੀ ਨੇ ਕੈਨੇਡਾ ਵਿਖੇ ਪ੍ਰਧਾਨ ਮੰਤਰੀ ਮੋਦੀ ਦੇ ਜੀ-7 ਸਿਖਰ ਸੰਮੇਲਨ 'ਚ ਜਾਣ ਦਾ ਸਵਾਗਤ ਕੀਤਾ ਤੇ ਇਸ ਨੂੰ ਭਾਰਤ-ਕੈਨੇਡਾ ਸੰਬੰਧਾਂ ਲਈ ਇਕ ਨਵੀਂ ਸ਼ੁਰੂਆਤ ਦੱਸ ਕੇ ਕਿਹਾ ਕਿ ਇਹ ਸਹੀ ਫ਼ੈਸਲਾ ਹੈ ਕਿਉਂਕਿ ਭਾਰਤ ਚੌਥਾ ਸਭ ਤੋਂ ਵੱਡਾ ਅਰਥਚਾਰਾ ਹੈ, ਉਸ ਨੂੰ ਨਜ਼ਰਅੰਦਾਜ਼ ਕਰਨਾ ਗਲਤੀ ਸੀ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਕੂਟਨੀਤਕ ਸਬੰਧਾਂ 'ਚ ਇਹ ਸੱਦਾ ਇਕ ਨਵੇਂ ਯੁੱਗ ਦਾ ਸੰਕੇਤ ਹੈ ਤੇ ਟਰੂਡੋ ਕਾਲ 'ਚ ਜਿਸ ਤਰ੍ਹਾਂ ਸਬੰਧਾਂ 'ਚ ਕੁੜੱਤਣ ਵਧੀ, ਹੁਣ ਉਸ ਨੂੰ ਪਿੱਛੇ ਛੱਡਣ ਦਾ ਸਮਾਂ ਆ ਗਿਆ ਹੈ।

ਸਿੱਖ ਆਗੂ ਨੇ ਅਮਰੀਕਾ ਤੇ ਕੈਨੇਡਾ 'ਚ ਮਨੁੱਖੀ ਤਸਕਰੀ, ਝੂਠੀ ਸਿਆਸੀ ਸ਼ਰਨ ਦੇ ਵਾਅਦੇ 'ਤੇ ਨੌਜਵਾਨਾਂ ਦੀ ਦੁਰਵਰਤੋਂ ਵਰਗੇ ਮਾਮਲਿਆਂ ਵੱਲ ਖ਼ਾਸ ਧਿਆਨ ਦਿਵਾਇਆ। ਉਨ੍ਹਾਂ ਕਿਹਾ ਕਿ ਡੰਕੀ ਰੂਟ ਰਾਹੀਂ ਆ ਰਹੇ ਪੰਜਾਬੀ ਨੌਜਵਾਨਾਂ ਨੂੰ 'ਸਿੱਖਸ ਫਾਰ ਜਸਟਿਸ' ਦੇ ਗੁਰਪਤਵੰਤ ਸਿੰਘ ਪਨੂੰ ਵਰਗੇ ਖ਼ਾਲਿਸਤਾਨੀ ਆਗੂ ਝੂਠੇ ਵਾਅਦੇ ਕਰ ਕੇ ਇਸਤੇਮਾਲ ਕਰ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਅਮਰੀਕਾ 'ਚ ਖ਼ਾਲਿਸਤਾਨੀ ਅੰਦੋਲਨ ਦੇ ਤਹਿਤ ਨਾਜਾਇਜ਼ ਸਰਗਰਮੀਆਂ ਦਾ ਨੈੱਟਵਰਕ ਫੈਲਿਆ ਹੋਇਆ ਹੈ ਜਿਹੜਾ ਹੁਣ ਬੰਦ ਹੋ ਰਿਹਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਨਵੀਂ ਅਮਰੀਕੀ ਤੇ ਕੈਨੇਡੀਅਨ ਲੀਡਰਸ਼ਿਪ 'ਚ ਇਨ੍ਹਾਂ ਕੱਟੜਪੰਥੀ ਅਨਸਰਾਂ ਨੂੰ ਮਿਲਣ ਵਾਲਾ ਸਮਰਥਨ ਖ਼ਤਮ ਹੋ ਜਾਏਗਾ।

### 'ਖ਼ਾਲਿਸਤਾਨੀਆਂ ਨੂੰ ਗੰਭੀਰਤਾ ਨਾਲ ਨਾ ਲਵੋ'

ਜਸਟਿਨ ਟਰੂਡੋ ਦਾ ਕਾਰਜਕਾਲ ਖ਼ਾਲਿਸਤਾਨੀ ਪ੍ਰਭਾਵ ਲਈ ਉਪਜਾਊ ਜ਼ਮੀਨ ਸਾਬਤ ਹੋਇਆ ਪਰ ਹੁਣ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਵਾਈ 'ਚ ਹਾਲਾਤ ਬਦਲਣ ਵਾਲੇ ਹਨ। ਉਨ੍ਹਾਂ ਕਿਹਾ ਕਿ ਟਰੂਡੋ ਕਮਜ਼ੋਰ ਪ੍ਰਧਾਨ ਮੰਤਰੀ ਸਨ ਜਿਨ੍ਹਾਂ ਦੀਆਂ ਨੀਤੀਆਂ ਭਾਰਤ ਵਿਰੋਧੀ ਏਜੰਡੇ ਤੋਂ ਪ੍ਰੇਰਿਤ ਸਨ। ਉਨ੍ਹਾਂ ਕਿਹਾ ਕਿ ਖ਼ਾਲਿਸਤਾਨ ਸਮਰਥਕਾਂ ਨੂੰ ਸਿੱਖ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹ ਲੋਕ ਸਿੱਖ ਧਰਮ ਦੇ ਸਿਧਾਂਤਾਂ 'ਤੇ ਕੰਮ ਨਹੀਂ ਕਰਦੇ। ਖ਼ਾਲਿਸਤਾਨ ਸਮਰਥਕ ਕੈਨੇਡਾ ਤੇ ਅਮਰੀਕਾ 'ਚ ਸਿੱਖ ਆਬਾਦੀ ਦਾ ਬਹੁਤ ਹੀ ਛੋਟਾ ਫ਼ੀਸਦ ਹੈ ਅਤੇ ਜ਼ਿਆਦਾਤਰ ਸਿੱਖ ਭਾਰਤ ਤੇ ਪੰਜਾਬ ਨਾਲ ਪਿਆਰ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਇਨ੍ਹਾਂ ਦੋਵਾਂ ਦੇਸ਼ਾਂ 'ਚ ਖ਼ਾਲਿਸਤਾਨੀ ਪ੍ਰਭਾਵ ਨਹੀਂ ਰਹੇਗਾ।

**ਨਵੀਂ ਦਿੱਲੀ:**ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਜੀ-7 ਸਿਖਰ ਸੰਮੇਲਨ ਸਮੇਂ ਕੈਨੇਡਾ 'ਚ ਖ਼ਾਲਿਸਤਾਨ ਸਮਰਥਕਾਂ ਦੇ ਪ੍ਰਦਰਸ਼ਨਾਂ ਤੇ ਸਖਤ ਪ੍ਰਤੀਕਿਰਿਆ ਦਿੱਤੀ ਹੈ। ਪੁਰੀ ਨੇ ਕਿਹਾ ਕਿ ਇਹ ਕਿਰਾਏ 'ਤੇ ਆਏ ਹਨ ਤੇ ਇਨ੍ਹਾਂ ਨੂੰ ਗੰਭੀਰਤਾ ਨਾਲ ਲੈਣ ਦੀ ਜ਼ਰੂਰਤ ਨਹੀਂ ਹੈ। ਪੁਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ, 'ਇਹ ਸਭ ਛੱਡੋ, ਕਲ ਇਕ ਹੋਰ ਵੀਡੀਓ ਪ੍ਰਸਾਰਤ ਹੋਣ ਵਾਲਾ ਹੈ। ਉਨ੍ਹਾਂ (ਖਾਲਿਸਤਾਨੀ ਸਮਰਥਕਾਂ) ਨੇ ਗਵਾਂਢੀ ਦੇਸ਼ (ਪਾਕਿਸਤਾਨ) ਵਾਸਤੇ ਧਰਨਾ ਦਿੱਤਾ, ਜਿਸ ਤੋਂ ਫੰਡਿੰਗ ਹੁੰਦੀ ਹੈ ਪਰ ਜਦ ਉਹਨਾਂ ਨੂੰ ਪੈਸੇ ਨਹੀਂ ਮਿਲੇ ਤਾਂ ਉਹ ਉਸ ਦੇ ਖ਼ਿਲਾਫ਼ ਹੋ ਗਏ। ਇਹ ਜੋ ਕਿਰਾਏ 'ਤੇ ਆਏ ਹਨ, ਇਨ੍ਹਾਂ ਨੂੰ ਗੰਭੀਰਤਾ ਨਾਲ ਨਾ ਲਵੋ।'

### ਪਰਵਾਸੀ ਭਾਈਚਾਰੇ ਨੂੰ ਇਕਜੁੱਟ ਰਹਿਣ ਦੀ ਸਲਾਹ

'ਸਿੱਖਸ ਫਾਰ ਅਮਰੀਕਾ' ਦੇ ਪ੍ਰਧਾਨ ਜਸਦੀਪ ਸਿੰਘ ਜੇਸੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕੈਨੇਡਾ ਦੌਰਾ ਦੋਵਾਂ ਦੇਸ਼ਾਂ ਦੇ ਸਬੰਧਾਂ ਦੇ ਮੁੜ ਨਿਰਮਾਣ ਦਾ ਮੰਚ ਬਣੇਗਾ। ਉਨ੍ਹਾਂ ਕਿਹਾ ਕਿ ਸਿੱਖ ਪਰਵਾਸੀ ਭਾਈਚਾਰੇ, ਦਾ ਸਹਿਯੋਗ ਇਸ ਨਵੇਂ ਅਧਿਆਏ ਨੂੰ ਮਜ਼ਬੂਤੀ ਦੇਵੇਗਾ। ਉਨ੍ਹਾਂ ਵਿਦੇਸ਼ 'ਚ ਵਸੇ ਭਾਰਤੀਆਂ ਨੂੰ ਇਕਜੁੱਟ ਰਹਿਣ ਦੀ ਸਲਾਹ ਦਿੱਤੀ। ਉਨ੍ਹਾਂ ਨੇ ਧਾਰਮਿਕ ਏਕਤਾ ਤੇ ਭਾਰਤ ਦੇ ਪ੍ਰਤੀ ਪਿਆਰ ਨੂੰ ਭਾਰਤੀ ਪਰਵਾਸੀਆਂ ਦੀ ਪਛਾਣ ਦੱਸਿਆ ਤੇ ਕਿਹਾ ਕਿ ਹਿੰਦੂ ਸਾਡੇ ਭਰਾ ਹਨ, ਅਸੀਂ ਸਾਰੇ ਧਰਮਾਂ ਦੀ ਸਨਮਾਨ ਕਰਦੇ ਹਾਂ, ਸਾਨੂੰ ਇਕਜੁੱਟ ਰਹਿਣਾ ਚਾਹੀਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਆਲਮੀ ਪੰਜਾਬੀ ਕਾਨਫ਼ਰੰਸ ਕਰਨ ਬਾਰੇ ਵਿਚਾਰਾਂ

**ਮਿਲਵਾਕੀ:** ਬੀਤੇ ਦਿਨ ਨਾਮਵਰ ਸਿੱਖ ਇਤਿਹਾਸਕਾਰ ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਇੱਥੋਂ ਦੇ ਕਾਰੋਬਾਰੀ ਸ. ਦਰਸ਼ਨ ਸਿੰਘ ਧਾਲੀਵਾਲ ਨਾਲ ਮੁਲਾਕਾਤ ਕੀਤੀ। ਸ. ਧਾਲੀਵਾਲ ਦੇ ਘਰ ਤਿੰਨ ਘੰਟੇ ਚੱਲੀ ਇਸ ਬੈਠਕ ਵਿਚ ਹੋਰ ਨੁਕਤਿਆਂ ਬਾਰੇ ਗੱਲਬਾਤ ਤੋਂ ਇਲਾਵਾ ਅਮਰੀਕਾ ਵਿਚ ਇਕ ਬਹੁਤ ਵਿਸ਼ਾਲ ਇੰਟਰਨੈਸ਼ਨਲ ਪੰਜਾਬੀ ਕਾਨਫ਼ਰੰਸ ਕਰਨ ਬਾਰੇ ਵੀ ਵਿਚਾਰਾਂ ਕੀਤੀਆਂ ਗਈਆਂ। ਸ. ਧਾਲੀਵਾਲ ਦਾ ਵਿਚਾਰ ਸੀ ਕਿ ਇਹ ਕਾਨਫ਼ਰੰਸ ਇਕ ਮਿਸਾਲੀ ਕਾਨਫ਼ਰੰਸ ਹੋਣੀ ਚਾਹੀਦੀ ਹੈ ਜਿਸ ਵਿਚ ਚੜ੍ਹਦੇ ਤੇ ਲਹਿੰਦੇ ਪੰਜਾਬ ਹੀ ਨਹੀਂ ਬਲਕਿ ਵਿਦੇਸ਼ਾਂ ਵਿਚ ਵਸਦੇ ਤੀਜੇ ਪੰਜਾਬ ਤੋਂ ਵੀ ਨਾਮਵਰ ਇਤਿਹਾਸਕਾਰ, ਲੇਖਕ, ਕਲਾਕਾਰ ਅਤੇ ਸਮਾਜਿਕ ਆਗੂਆਂ ਦੀ ਸ਼ਮੂਲੀਅਤ ਹੋਵੇ। ਡਾ. ਦਿਲਗੀਰ ਨੇ ਵਾਅਦਾ ਕੀਤਾ ਕਿ ਉਹ ਤਿੰਨਾਂ ਪੰਜਾਬਾਂ ਦਾ ਦੌਰਾ ਕਰ ਕੇ ਇਸ ਕਾਨਫ਼ਰੰਸ ਵਿਚ ਸ਼ਾਮਿਲ ਕੀਤੇ ਜਾਣ ਵਾਲੇ ਫ਼ਨਕਾਰਾਂ, ਲੇਖਕਾਂ ਅਤੇ ਅਕੈਡਮਿਕ ਤੇ ਅਦਬੀ ਹਸਤੀਆਂ ਦੀ ਸ਼ਾਰਟਲਿਸਟਿੰਗ ਕਰਨ ਵਿਚ ਹਿੱਸਾ ਪਾਉਣਗੇ। ਇਹ ਕਾਨਫ਼ਰੰਸ ਅਗਲੀਆਂ ਗਰਮੀਆਂ ਵਿਚ ਕਰਨ ਬਾਰੇ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਪੰਜਾਬ ਟਾਈਮਜ਼ ਅਖ਼ਬਾਰ ਦੀ ਐਡੀਟਰ ਜਸਪ੍ਰੀਤ ਕੌਰ ਵੀ ਹਾਜ਼ਰ ਸਨ।



**ਇੰਡੀਅਨਐਪੋਲਿਸ:** ਇੱਥੇ 13 ਜੂਨ ਦੇ ਦਿਨ ਸ. ਰੇਸ਼ਮ ਸਿੰਘ ਦੇ ਗ੍ਰਹਿ ਵਿਖੇ ਪਤਵੰਤੇ ਸੱਜਣਾਂ ਦੀ ਇਕ ਮੀਟਿੰਗ ਹੋਈ, ਜਿਸ ਵਿਚ ਆਉਣ ਵਾਲੀਆਂ ਗਰਮੀਆਂ ਵਿਚ ਇੰਡੀਅਨਐਪੋਲਿਸ ਵਿਖੇ ''ਪੰਜਾਬ ਸਟੱਡੀਜ਼ ਕਾਨਫਰੰਸ'' ਕਰਨ ਬਾਰੇ ਵਿਚਾਰਾਂ ਹੋਈਆਂ। ਇਸ ਮੌਕੇ ਵਿਚਾਰ ਕੀਤਾ ਗਿਆ ਕਿ ਇਸ ਕਾਨਫਰੰਸ ਵਿਚ ਚੜ੍ਹਦੇ ਤੇ ਲਹਿੰਦੇ ਪੰਜਾਬ ਤੋਂ 10-15 ਸਕਾਲਰ ਬੁਲਾਏ ਜਾਣਗੇ, ਜਿਹੜੇ ਪੰਜਾਬ ਦੇ ਇਤਿਹਾਸ ਅਤੇ ਸੱਭਿਆਚਾਰ ਬਾਰੇ ਖੋਜ ਪੇਪਰ ਪੜ੍ਹਨਗੇ।

ਇਸ ਕਾਨਫਰੰਸ ਦਾ ਇੰਤਜ਼ਾਮ ਸ. ਰੇਸ਼ਮ ਸਿੰਘ, ਸ. ਦਰਸ਼ਨ ਸਿੰਘ (ਇੰਡੀਆਨਾ), ਸ. ਗੁਰਮੁਖ ਸਿੰਘ ਮਿਲਵਾਕੀ, ਸ. ਇੰਦਰਮੋਹਨ ਸਿੰਘ ਛਾਬੜਾ, ਸ. ਠਾਕਰ ਸਿੰਘ ਬਸਾਤੀ ਅਤੇ ਸ. ਸੁਰਿੰਦਰ ਸਿੰਘ ਭਾਟੀਆ ਆਦਿ ਵਲੋਂ ਕੀਤਾ ਜਾਵੇਗਾ। ਇਸ ਮੀਟਿੰਗ ਵਿਚ ਡਾ. ਹਰਜਿੰਦਰ ਸਿੰਘ ਦਿਲਗੀਰ ਉਚੇਰੇ ਤੌਰ 'ਤੇ ਸ਼ਾਮਲ ਹੋਏ ਸਨ। ਉਨ੍ਹਾਂ ਨੇ ਦੱਸਿਆ ਕਿ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਬਹੁਤ ਸਾਰੇ ਸਕਾਲਰਾਂ ਦੀ ਪ੍ਰਵਾਨਗੀ ਪਹਿਲਾਂ ਹੀ ਲੈ ਲਈ ਗਈ ਹੈ। ਇਹ ਕਾਨਫਰੰਸ ਉਨ੍ਹਾਂ ਹੀ ਦਿਨਾਂ ਵਿਚ ਟੋਰਾਂਟੋ ਅਤੇ ਵੈਨਕੂਵਰ ਵਿਚ ਵੀ ਕੀਤੀ ਜਾਵੇਗੀ। ਇਸ ਮੀਟਿੰਗ ਵਿਚ ਗੁਰਸੇਵਕ ਸਿੰਘ ਮਦਰੱਸਾ, ਗਿਆਨੀ ਮਨਜੀਤ ਸਿੰਘ, ਸ. ਮੋਹਨ ਸਿੰਘ ਕੋਚ ਅਤੇ ਸ. ਅਵਤਾਰ ਸਿੰਘ ਇੰਡੀਆਨਾ ਨੇ ਵੀ ਸ਼ਮੂਲੀਅਤ ਕੀਤੀ।












# 'ਨਿਊਯਾਰਕ ਕਿੰਗਜ਼ ਕਬੱਡੀ ਕਲੱਬ' ਨੇ ਜਿੱਤਿਆ ਸ਼ਿਕਾਗੋ ਦਾ ਕਬੱਡੀ ਕੱਪ

## ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਦੇ ਪ੍ਰਬੰਧਕਾਂ ਵਲੋਂ ਕਰਵਾਏ ਕਬੱਡੀ ਮੇਲੇ ਵਿਚ ਕਲਾਕਾਰਾਂ ਨੇ ਬੰਨ੍ਹਿਆ ਰੰਗ























**ਸ਼ਿਕਾਗੋ (ਬਿਊਰੋ):** ਖੇਡ ਮੈਦਾਨ ਵੱਲ ਵਹੀਰਾਂ ਘੱਤੀ ਆਉਂਦੀਆਂ ਕਾਰਾਂ; ਆਏ ਦਰਸ਼ਕ ਮਹਿਮਾਨਾਂ ਨੂੰ ਜੱਫੀਆਂ ਪਾ-ਪਾ ਮਿਲਦੇ ਪ੍ਰਬੰਧਕਾਂ ਦੇ ਖਿੜ੍ਹੇ ਚਿਹਰੇ; ਕੁਝ ਵੱਖਰੇ ਅੰਦਾਜ਼ 'ਚ ਸੂਰਜ ਦੀ ਚਮਕ ਤੇ ਖਿਡਾਰੀਆਂ ਦੇ ਲਿਸ਼ਕਦੇ ਗਠਵੇਂ ਜੁੱਸੇ; ਮੈਚ ਸ਼ੁਰੂ ਹੋਣ ਤੋਂ ਪਹਿਲਾਂ ਬੈਠਕਾਂ ਮਾਰ ਕੇ ਸਰੀਰ ਗਰਮਾ ਰਹੇ ਖਿਡਾਰੀ ਤੇ 'ਕੁੰਡੀਆਂ ਦੇ ਸਿੰਗ ਫਸਦੇ' ਵੇਖਣ ਲਈ ਉਤਾਵਲੇ ਦਰਸ਼ਕ; ਸਪੀਕਰ 'ਤੇ ਹੁੰਦੀਆਂ ਅਨਾਊਂਸਮੈਂਟਾਂ ਤੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ 'ਚ ਲੱਗਦੇ ਆਵਾਜ਼ੇ-ਇਹਨੂੰ ਰੋਕਣਾ ਭਾਖੜੇ ਨੂੰ ਬੰਨ੍ਹ ਮਾਰਨ ਵਾਲੀ ਗੱਲ ਹੈ; ਲੱਗਦੇ ਜੱਫਿਆਂ ਤੇ ਅੰਕ ਲੈ ਕੇ ਉਡਦੇ ਰੇਡਰਾਂ ਨੂੰ ਵੇਖ ਡਾਲਰਾਂ ਦੀ ਹੁੰਦੀ ਵਾਛੜ; ਲੰਗਰ-ਪਾਣੀ ਦਾ ਖੁੱਲ੍ਹਾ ਪ੍ਰਬੰਧ; ਸਪਾਂਸਰਾਂ ਦਾ ਮਾਣ-ਸਨਮਾਨ ਤੇ ਹਰ ਅੰਕ 'ਤੇ ਵੱਜਦੀਆਂ ਤਾੜੀਆਂ-ਇਹ ਨਜ਼ਾਰਾ ਸੀ, ਬਸੀਵੁਡ ਦੀ ਗਰਾਊਂਡ 'ਚ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ ਵਲੋਂ ਕਰਵਾਏ ਗਏ ਕਬੱਡੀ ਕੱਪ ਦਾ। ਮੇਲੇ ਦੇ ਪ੍ਰਬੰਧ ਵਿਚ ਬਲਜੀਤ ਟਿਵਾਣਾ, ਜੱਸੀ ਗਿੱਲ ਅਤੇ ਵਿਕੀ ਸ਼ੰਮੀਪੁਰ ਦਾ ਸ. ਕਮਲਜੀਤ ਸਿੰਘ ਘੁੰਮਣ ਦੀ ਪ੍ਰਧਾਨਗੀ ਹੇਠ ਪੂਰਾ ਜ਼ੋਰ ਲੱਗਿਆ ਹੋਇਆ ਸੀ।

ਕਬੱਡੀ ਕੱਪ ਦੀ ਸਫਲਤਾ ਲਈ ਪੱਬਾਂ ਭਾਰ ਹੋਏ ਪ੍ਰਬੰਧਕ ਸੰਤੁਸ਼ਟ ਸਨ ਕਿ ਮੇਲਾ ਪੂਰਾ ਕਾਮਯਾਬੀ ਨਾਲ ਸੰਪੰਨ ਹੋਇਆ। ਕਬੱਡੀ ਟੂਰਨਾਮੈਂਟ 'ਚ ਦਰਸ਼ਕਾਂ ਦੇ ਸਭ ਤੋਂ ਵੱਡੇ ਇਕੱਠ ਨੇ ਕਬੱਡੀ ਪ੍ਰਤੀ ਦਿਲੋਂ ਰੱਜ ਕੇ ਮੋਹ ਅਤੇ ਪਿਆਰ ਦਾ ਇਜ਼ਹਾਰ ਵੀ ਕੀਤਾ। ਦੁਪਹਿਰ ਬਾਰਾਂ ਕੁ ਵਜੇ ਕਬੱਡੀ ਕੱਪ ਸ਼ੁਰੂ ਹੋਇਆ ਅਤੇ ਸੂਰਜ ਛਿਪਣ ਤੱਕ ਵੱਡੀ ਗਿਣਤੀ ਦਰਸ਼ਕਾਂ ਨੇ ਕਬੱਡੀ ਕੱਪ ਦੇ ਹਰ ਪਲ ਦਾ ਅਨੰਦ ਮਾਣਿਆ। ਇਹ ਇਸ ਗੱਲ ਦਾ ਪ੍ਰਤੀਕ ਸੀ ਕਿ ਹੋਰ ਖੇਡਾਂ ਪ੍ਰਤੀ ਪੰਜਾਬੀਆਂ ਦਾ ਤੇਹ-ਮੋਹ ਤਾਂ ਹੋ ਸਕਦਾ ਹੈ ਪਰ ਉਹ ਆਪਣਾ ਕੁਰਬਾਨ ਸਭ ਕੁਝ ਮਾਂ ਖੇਡ ਕਬੱਡੀ ਤੋਂ ਕਰਨਾ ਚਾਹੁੰਦੇ ਹਨ।

ਬਾਬਾ ਦਲਜੀਤ ਸਿੰਘ ਵਲੋਂ ਅਰਦਾਸ ਉਪਰੰਤ ਕਬੱਡੀ ਕੱਪ ਦਾ ਉਦਘਾਟਨ ਸਾਂਝੇ ਰੂਪ ਵਿਚ ਕੀਤਾ ਗਿਆ। ਮੇਲੇ ਦੇ ਮੁੱਖ ਮਹਿਮਾਨ ਅਮਰਜੀਤ ਢੀਂਡਸਾ ਤੇ ਲਖਵੀਰ ਢੀਂਡਸਾ ਅਤੇ ਚੇਅਰਮੈਨ ਬੱਬੂ ਐਪਲਟਨ ਸਨ, ਜਿਨ੍ਹਾਂ ਕਬੱਡੀ ਕੱਪ ਦੇ ਪ੍ਰਬੰਧਕਾਂ ਅਤੇ ਖਿਡਾਰੀਆਂ ਦੀ ਪੂਰੀ ਪਿੱਠ ਥਾਪੜੀ। ਕਬੱਡੀ ਓਪਨ ਦੇ ਸਾਰੇ ਮੁਕਾਬਲੇ ਪੂਰੇ ਫਸਵੇਂ ਸਨ ਤੇ ਵੇਖਣ 'ਤੇ ਹਰ ਮੈਚ ਫਾਈਨਲ ਘੋਲ ਹੀ ਪ੍ਰਤੀਤ ਹੋ ਰਿਹਾ ਸੀ।

ਨਿਊਯਾਰਕ ਕਬੱਡੀ ਕਲੱਬ ਨੇ ਪਹਿਲਾ ਸਥਾਨ ਹਾਸਲ ਕੀਤਾ ਜਦੋਂਕਿ ਬਾਬਾ ਸੰਗ ਜੀ ਸਪੋਰਟਸ ਕਲੱਬ ਦੀ ਟੀਮ ਦੂਜੇ ਥਾਂ ਰਹੀ। ਬੈਸਟ ਰੇਡਰ ਚਿੱਤਪਾਲ ਚਿੱਟੀ ਅਤੇ ਬੈਸਟ ਸਟਾਪਰ ਯਾਦ ਕੋਟਲੀ ਨੂੰ ਐਲਾਨਿਆ ਗਿਆ।

ਕਬੱਡੀ ਦਾ ਪਹਿਲਾ ਇਨਾਮ ਸਵ. ਸਰਪੰਚ ਇੰਦਰ ਸਿੰਘ ਦੀ ਯਾਦ ਵਿਚ ਖਾਸਰੀਆ ਪਰਿਵਾਰ ਵਲੋਂ ਹਰਜਿੰਦਰ ਸਿੰਘ ਜਿੰਦੀ, ਅਰਵਿੰਦਰ ਸਿੰਘ ਬੂਟਾ ਅਤੇ ਭੁਪਿੰਦਰ ਸਿੰਘ ਟਿੰਕਾ ਅਤੇ ਸਾਰੀ ਟੀਮ ਵਲੋਂ, ਦੂਜਾ ਇਨਾਮ ਗੁਰਸਾਹਿਬ ਸਿੰਘ ਤੂਰ, ਗੁਰਦੀਪ ਤੂਰ, ਗੈਰੀ ਤੂਰ, ਸਤੀਸ਼ ਭਾਰਦਵਾਜ, ਸਤਪਾਲ ਬੈਂਸਾਂ, ਕੁਲਜੀਤ ਗਿਲਜੀਆਂ, ਗੁਰਬਾਜ ਤੂਰ, ਹਰਜਿੰਦਰ ਤੂਰ, ਤੇ ਗੁਰਪ੍ਰੀਤ ਬਰਾੜ ਵੱਲੋਂ ਦਿੱਤਾ ਗਿਆ। ਕਬੱਡੀ ਦੇ ਤੀਜੇ ਇਨਾਮ ਦੇ ਸਪਾਂਸਰ ਜਸਪਾਲ ਅਟਵਾਲ, ਜਸਵਿੰਦਰ, ਸੰਨੀ ਸ਼ੇਰਗਿੱਲ, ਪਵਨ ਬੱਲ, ਸੁਖੀ ਟੁੱਟ, ਹਰਿੰਦਰ ਸੰਧੂ, ਮਨਜੀਤ ਮੱਟੂ, ਲਾਡੀ ਬਡਿਆਲ, ਜੱਸੀ ਗਿੱਲ ਤੇ ਮੰਗਾ ਮੱਟੂ ਅਤੇ ਚੌਥੇ ਇਨਾਮ ਦੇ ਸਪਾਂਸਰ ਰਵਿੰਦਰ ਸਿੰਘ, ਗੁਰਮੀਤ ਸਿੰਘ ਸਰਪੰਚ ਅਤੇ ਹਰਪ੍ਰੀਤ ਸਿੰਘ ਸਨ। ਬੈਸਟ ਰੇਡਰ ਤੇ ਸਟਾਪਰ ਦਾ ਇਨਾਮ ਸਵ. ਫੁੰਮਣ ਸਿੰਘ ਅਤੇ ਸਵ. ਹਰਭਜਨ ਸਿੰਘ ਟਿਵਾਣਾ ਦੀ ਯਾਦ ਵਿਚ ਹਰ ਸਾਲ ਵਾਂਗ ਐਤਕੀਂ ਵੀ ਟਿਵਾਣਾ ਪਰਿਵਾਰ ਵਲੋਂ ਦਿੱਤਾ ਗਿਆ।

ਕਬੱਡੀ ਕੁਮੈਂਟੇਟਰਾਂ ਅਤੇ ਸਟੇਜ ਸੰਚਾਲਕਾਂ ਵਲੋਂ ਰੰਗ-ਬਰੰਗੀ ਲੱਛੇਦਾਰ ਸ਼ੈਲੀ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਵੀ ਕਰਦੀ ਰਹੀ। ਇਉਂ ਇਹ ਖੇਡ ਮੇਲਾ ਕਾਲਾ ਰਸ਼ੀਨ ਤੇ ਸੁਰਜੀਤ ਕਕਰਾਲੀ ਦੀ ਕਮਾਲ ਦੀ ਕੁਮੈਂਟਰੀ 'ਚ ਸਾਰਾ ਦਿਨ ਰੰਗਿਆ ਰਿਹਾ। ਹੈਪੀ ਹੀਰ ਮਾਣ-ਸਨਮਾਨ ਦਿਵਾਉਣ ਵਿਚ ਲੱਗਾ ਹੋਇਆ ਸੀ।

ਸੁਲਤਾਨ ਸ਼ਮਸ਼ਪੁਰ, ਰਾਜੂ ਕੋਟਲਾਭੜੀ, ਮਨੀ ਮੱਲ੍ਹੀਆਂ, ਗੋਪੀ ਮਾਣਕੀ, ਹੈਪੀ ਸੰਧੜ, ਦੀਪੀ ਬੁਰਜਆਲਾ ਆਦਿ ਸਟਾਰ ਖਿਡਾਰੀਆਂ ਦੇ ਕਬੱਡੀ ਪ੍ਰਦਰਸ਼ਨ 'ਤੇ ਪਹਿਲੇ ਮੈਚ ਤੋਂ ਹੀ ਸੌ-ਸੌ ਡਾਲਰ ਦੇ ਇਨਾਮ ਰੇਡਾਂ ਤੇ ਜੱਫਿਆਂ ਲਈ ਲੱਗਦੇ ਰਹੇ। ਸ਼ਾਇਦ ਉਨ੍ਹਾਂ ਦਰਸ਼ਕਾਂ ਨੂੰ ਵੀ ਇਹ ਨਾਮ ਕਦੇ ਨਹੀਂ ਭੁੱਲਣਗੇ ਜੋ ਪਹਿਲੀ ਵਾਰ ਕਬੱਡੀ ਵੇਖਣ ਆਏ ਹੋਣਗੇ।

ਮੇਲੇ ਦੇ ਮੁੱਖ ਪਬੰਧਕਾਂ ਦਾ ਕਹਿਣਾ ਸੀ ਕਿ ਉਹ ਇਸ ਸਫਲਤਾ ਦਾ ਸਾਰਾ ਸਿਹਰਾ ਦਰਸ਼ਕਾਂ ਦੇ ਸਿਰ ਬੰਨ੍ਹਦੇ ਹਨ ਕਿਉਂਕਿ ਸਾਰਾ ਦਿਨ ਵੱਡੀ ਗਿਣਤੀ ਵਿਚ ਉਨ੍ਹਾਂ ਦੀ ਹਾਜ਼ਰੀ ਉਨ੍ਹਾਂ ਨੂੰ ਅਗਲੇ ਵਰ੍ਹਿਆਂ ਵਿਚ ਅਜਿਹੇ ਕਬੱਡੀ ਕੱਪ ਆਯੋਜਿਤ ਕਰਨ ਲਈ ਹੋਰ ਵੀ ਉਤਸ਼ਾਹਿਤ ਕਰੇਗੀ। ਅਗਲੇ ਸਾਲ ਲਈ ਪ੍ਰਧਾਨ ਪਿੰਦੀ ਛੀਨਾ ਤੇ ਉਪ ਪ੍ਰਧਾਨ ਓਂਕਾਰ ਸਹੋਤਾ ਨੂੰ ਐਲਾਨਿਆ ਗਿਆ। ਪ੍ਰਬੰਧਕਾਂ ਵਲੋਂ ਸਮੂਹ ਦਰਸ਼ਕਾਂ ਅਤੇ ਸਪਾਂਸਰਾਂ ਦਾ ਧੰਨਵਾਦ ਕੀਤਾ ਗਿਆ।

ਕਬੱਡੀ ਕੱਪ ਦਾ ਪਹਿਲਾ ਮੈਚ ਬਾਬਾ ਸੰਗ ਜੀ ਕਬੱਡੀ ਕਲੱਬ ਮਿੱਡਵੈਸਟ ਤੇ ਨਾਰਥ ਅਮਰੀਕਾ ਚੜ੍ਹਦਾ ਪੰਜਾਬ ਕੱਬਡੀ ਕਲੱਬ ਵਿਚਾਲੇ ਹੋਇਆ। ਇਸ ਮੁਕਾਬਲੇ ਵਿਚ ਗਗਨ ਨਾਗਰਾ, ਗੋਰਾ, ਮਨੀ, ਪਿੰਦਾ ਤੇ ਹੈਪੀ, ਰੰਧਾਵਾ ਮਸੰਦਾ ਦੇ ਜੱਗੇ, ਨਵਜੋਤ, ਸਮਾਣੇ ਵਾਲਾ ਬੰਨੀ, ਸੇਠੀ, ਬੱਬੂ, ਬਾਦਲ ਤੇ ਭਾਨਾ ਨੇ ਆਪਣੀਆਂ ਟੀਮਾਂ ਲਈ ਵਾਹਵਾ ਜ਼ੋਰ ਅਜ਼ਮਾਈ ਕੀਤੀ। ਨਾਗਰਾ ਤੇ ਨਵਜੋਤ ਦੇ ਵੀ ਆਪੋ ਵਿਚ ਚੰਗੇ ਪੰਜੇ ਫਸੇ। ਖਿਡਾਰੀ ਜੱਗੇ ਤੇ ਮਨੀ ਨੇ ਆਪਣੀ ਟੀਮ ਲਈ ਕਈ ਅੰਕ ਹਾਸਿਲ ਕੀਤੇ। ਸੇਠੀ ਨੇ ਵਧੀਆ ਰੇਡਾਂ ਪਾ ਕੇ ਬੱਲੇ-ਬੱਲੇ ਕਰਵਾਈ। ਅੰਤ ਬਾਬਾ ਸੰਗ ਜੀ ਕਬੱਡੀ ਕਲੱਬ ਨੇ ਨਾਰਥ ਅਮਰੀਕਾ ਚੜ੍ਹਦਾ ਪੰਜਾਬ ਕੱਬਡੀ ਕਲੱਬ ਨੂੰ 39 1/2 ਦੇ ਮੁਕਾਬਲੇ 23 ਅੰਕਾਂ ਨਾਲ ਹਰਾਇਆ। ਦੂਜੇ ਮੈਚ ਵਿਚ ਨਿਊ ਯਾਰਕ ਕਿੰਗਜ਼ ਕਬੱਡੀ ਕਲੱਬ ਤੇ ਪੰਜਾਬ ਸਪੋਰਟਸ ਕਲੱਬ ਫਿਲਾਡੈਲਫੀਆ ਦੀਆਂ ਟੀਮਾਂ ਦੇ ਸਿੰਘ ਫਸੇ ਅਤੇ ਨਿਊ ਯਾਰਕ ਕਿੰਗਜ਼ ਕਬੱਡੀ ਕਲੱਬ ਨੇ ਪੰਜਾਬ ਸਪੋਰਟਸ ਕਲੱਬ ਫਿਲਾਡੇਲਫੀਆ ਦੀ ਟੀਮ ਨੂੰ 39-27 ਦੇ ਅੰਤਰ ਨਾਲ ਮਾਤ ਦਿੱਤੀ। ਚਿਤਪਾਲ ਚਿੱਟੀ ਤੇ ਹਰਜੋਤ ਭੰਡਾਲ ਨੇ ਵਧੀਆ ਰੇਡ ਪਾ ਕੇ ਅਤੇ ਰਵੀ ਨੇ ਵਧੀਆ ਜੱਫੇ ਲਾ ਕੇ ਦਰਸ਼ਕਾਂ ਦੀ ਵਾਹ-ਵਾਹ ਖੱਟੀ। ਚਿਤਪਾਲ ਤੇ ਯਾਦ ਦੀ ਜ਼ੋਰ-ਅਜ਼ਮਾਈ ਵਿਚ ਚਿਤਪਾਲ ਦਾ ਪੱਲੜਾ ਭਾਰੂ ਰਿਹਾ। ਗੋਰੇ ਦੀ ਝਕਾਨੀ ਵਾਹਵਾ ਚੱਲੀ ਤੇ ਕਈ ਵਾਰ ਸ਼ੁਰਲੀ ਵਾਂਗ ਅੰਕ ਲੈ ਕੇ ਆਪਣੇ ਪਾਲੇ ਵਿਚ ਜਾ ਵੜਿਆ। ਯਾਦ ਨੇ ਵਧੀਆ ਜੱਫੇ ਲਾ ਕੇ ਦਰਸ਼ਕਾਂ ਦੀ ਵਾਹ-ਵਾਹ ਖੱਟੀ। ਅੱਧੇ ਸਮੇਂ ਤੱਕ ਸਕੋਰ 16 □ ਤੇ 17 ਸੀ। ਤੀਜੇ ਮੈਚ ਪਹਿਲੇ ਸੈਮੀਫਾਈਨਲ ਵਿਚ ਬਾਬਾ ਸੰਗ ਜੀ ਕਬੱਡੀ ਕਲੱਬ ਦਾ ਪੰਜਾਬ ਸਪੋਰਟਸ ਕਲੱਬ ਫਿਲਾਡੈਲਫੀਆ ਨਾਲ ਪੰਜਾ ਫਸਿਆ। ਬਾਬਾ ਸੰਗ ਜੀ ਕਬੱਡੀ ਕਲੱਬ ਦੀ ਟੀਮ 24 ਦੇ ਮੁਕਾਬਲੇ 30 ਨੰਬਰਾਂ ਨਾਲ ਜੇਤੂ ਰਹੀ ਤੇ ਫਾਈਨਲ ਵਿਚ ਪਹੁੰਚ ਗਈ। ਇਸ ਮੈਚ ਵਿਚ ਗੁਰਇੰਦਰ, ਨਵਜੋਤ, ਰਾਜੂ, ਮਨੀ, ਨਰੈਣਗੜ੍ਹੀਆ ਦਾ ਅਮਨ, ਇੰਦਰਜੀਤ ਸਿੰਘ ਬੰਨੀ, ਕੈਨੇਡਾ ਸਰੀ ਦਾ ਕਰਨ, ਰਾਜੂ ਤੇ ਜੋਤਾ ਨੇ ਵਧੀਆ ਖੇਡ ਦਿਖਾਈ। ਚੌਥਾ ਮੈਚ ਨਿਊ ਯਾਰਕ ਕਿੰਗਜ਼ ਕਬੱਡੀ ਕਲੱਬ ਤੇ ਚੜ੍ਹਦਾ ਪੰਜਾਬ ਕਲੱਬ ਦੀਆਂ ਟੀਮਾਂ ਵਿਚਾਲੇ ਹੋਇਆ, ਜਿਸ ਵਿਚ ਨਿਊ ਯਾਰਕ ਕਿੰਗਜ਼ ਕਬੱਡੀ ਕਲੱਬ ਨੇ 14 ਦੇ ਮੁਕਾਬਲੇ 24 ਅੰਕ ਲੈ ਕੇ ਚੜ੍ਹਦਾ ਪੰਜਾਬ ਸਪੋਰਟਸ ਕਲੱਬ ਨੂੰ ਚਿੱਤ ਕੀਤਾ। ਰੇਡਰ ਚਿਤਪਾਲ ਚਿੱਟੀ, ਹਰਜੋਤ ਭੰਡਾਲ, ਸੇਠੀ, ਅਮਨ, ਗੋਰਾ ਤੇ ਜੱਗੇ ਨੇ ਵਧੀਆ ਖੇਡ ਦਾ ਪ੍ਰਦਰਸ਼ਨ ਕੀਤਾ। ਫਾਈਨਲ ਮੈਚ ਨਿਊ ਯਾਰਕ ਕਿੰਗਜ਼ ਕਲੱਬ ਤੇ ਬਾਬਾ ਸੰਗ ਜੀ ਕਬੱਡੀ ਕਲੱਬ ਵਿਚਾਲੇ ਹੋਇਆ। ਨਿਊ ਯਾਰਕ ਕਿੰਗਜ਼ ਕਬੱਡੀ ਕਲੱਬ ਦੀ ਟੀਮ ਨੇ

(ਬਾਕੀ ਅਗਲੇ ਸਫੇ 'ਤੇ)

*(ਪਿਛਲੇ ਸਫੇ ਦੀ ਬਾਕੀ)*

ਸ਼ੁਰੂ ਵਿਚ ਹੀ ਕਈ ਜੱਫੇ ਇਕੱਠੇ ਲਾ ਕੇ ਦਬਦਬਾ ਕਾਇਮ ਕਰ ਲਿਆ, ਹਾਲਾਂਕਿ ਮੈਚ ਕਾਫੀ ਫਸਵਾਂ ਸੀ। ਗੋਪੀ ਨੇ ਚੰਗੇ ਜੱਫੇ ਮਾਰ ਕੇ ਚੰਗੇ ਸਟਾਪਰ ਦਾ ਸਿੱਕਾ ਜਮਾਇਆ। ਸਮਾਣੇ ਦੇ ਬੰਨੀ ਤੇ ਚਿਤਪਾਲ, ਹਰਜੋਤ, ਰਾਜੂ, ਗੋਰਾ, ਮਨੀ ਬੱਦੋਵਾਲ ਨੇ ਵਧੀਆ ਰੇਡਾਂ ਪਾ ਕੇ ਬੱਲੇ-ਬੱਲੇ ਕਰਵਾਈ। ਰੇਡਰਾਂ ਸੁਲਤਾਨ, ਦੀਪੀ ਨੇ ਵੀ ਵਧੀਆ ਰੇਡਾਂ ਪਾਈਆਂ।

ਖਿਡਾਰੀ ਇਕ ਦੂਜੇ ਦਾ ਗੁੱਟ ਫੜ ਕੇ, ਕੈਚੀਆਂ ਮਾਰ ਕੇ, ਲੱਕ ਤੋਂ ਫੜ ਕੇ, ਡਬਲ ਟੱਚ, ਸਰਕਲ ਤੋਂ ਖਿਡਾਰੀ ਨੂੰ ਬਾਹਰ ਸੁੱਟ ਕੇ, ਕਦੀ ਸੱਜੇ, ਕਦੀ ਖੱਬੇ ਝਕਾਨੀ ਮਾਰਦੇ ਪੂਰਾ ਤਾਣ ਲਾ ਕੇ ਖੇਡ ਰਹੇ ਸਨ। ਕਬੱਡੀ ਦੇ ਪ੍ਰਸ਼ੰਸਕਾਂ ਨੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਲਈ ਡਾਲਰਾਂ ਦਾ ਚੰਗਾ ਮੀਂਹ ਵਰ੍ਹਾਇਆ। ਫਾਈਨਲ ਮੈਚ ਵਿਚ ਜਿੱਤ ਤੱਕ ਇਹ ਕਸ਼ਮਕਸ਼ ਬਰਾਬਰ ਜਾਰੀ ਰਹੀ ਅਤੇ ਜੇਤੂ ਟੀਮ ਨਿਊ ਯਾਰਕ ਕਿੰਗਜ਼ ਕਬੱਡੀ ਕਲੱਬ ਨੇ 39 ਦੇ ਮੁਕਾਬਲੇ 46 ਅੰਕ ਬਣਾ ਕੇ ਜਿੱਤ ਦਰਜ ਕੀਤੀ।

ਵਾਲੀਵਾਲ ਮੁਕਾਬਲੇ ਵਿਚ ਟੋਰਾਂਟੋ ਕਲੱਬ ਨੇ ਪਹਿਲੀ ਅਤੇ ਇੰਡੀਅਨਐਪੋਲਿਸ ਦੀ ਟੀਮ ਨੇ ਦੂਜੀ ਥਾਂ ਮੱਲੀ। ਰੱਸਾਕਸ਼ੀ ਦਾ ਮੁਕਾਬਲਾ ਇੰਡੀਅਨਐਪੋਲਿਸ ਦੀ ਏ-ਬੀ ਟੀਮ ਵਿਚਕਾਰ ਹੋਇਆ, ਜਿਸ ਵਿਚ ਏ ਟੀਮ ਨੇ ਮੱਲ ਮਾਰ ਲਈ।

ਪ੍ਰਬੰਧਕਾਂ ਵਲੋਂ ਦਰਸ਼ਕਾਂ ਦੇ ਮਨੋਰੰਜਨ ਲਈ ਖੁਲ੍ਹੇ ਅਖਾੜੇ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਸੀ, ਜਿਸ ਇਕ ਜਾਂ ਦੋ ਨਹੀਂ ਸਗੋਂ ਚਾਰ ਪੰਜਾਬੀ ਕਲਾਕਾਰਾਂ ਨੇ ਅਜਿਹਾ ਰੰਗ ਬੰਨ੍ਹਿਆ ਕਿ ਦਰਸ਼ਕ ਅਸ਼-ਅਸ਼ ਕਰ ਉਠੇ।

ਪੰਜਾਬ ਦੇ ਉਘੇ ਕਲਾਕਾਰਾਂ ਆਰ ਨੇਤ, ਦੀਪਕ ਢਿੱਲੋਂ ਤੇ ਅਮਰ ਸਹਿੰਬੀ ਦੇ ਨਾਲ ਨਾਲ ਉੱਭਰ ਰਹੀ ਕਲਾਕਾਰਾ ਪ੍ਰੀਤ ਥਿੰਦ ਨੇ ਆਪਣੀ ਗਾਇਕੀ ਦੇ ਜੌਹਰ ਵਿਖਾਏ। ਪ੍ਰੀਤ ਥਿੰਦ ਨੇ ਆਪਣੀ ਦਮਦਾਰ ਆਵਾਜ਼ ਵਿਚ ਆਪਣੇ ਗੀਤ 'ਸ਼ਾਲ ਪਸ਼ਮੀਨਾ', 'ਜੱਟੀ ਐੱਡ', 'ਵੈਲਣ', 'ਮਜਾਜਣ', 'ਗੱਭਰੂ' ਗਾ ਕੇ ਰੌਣਕ ਲਾ ਦਿੱਤੀ। ਸੋਹਣਾ-ਸੁਨੱਖੇ ਗੱਭਰੂ ਅਮਰ ਸਹਿੰਬੀ ਨੇ ਅਕਾਲ ਪੁਰਖ ਨੂੰ ਯਾਦ ਕਰਨ ਤੋਂ ਬਾਅਦ ਆਪਣੇ ਚਰਚਿਤ ਗੀਤਾਂ 'ਆਪਣੇ ਹਿੱਸੇ ਦੀ ਦੁਨੀਆ ਦੇ ਯਾਰ ਸਿਕੰਦਰ ਨੇ', 'ਫੈਮਿਲੀ ਦੀ ਨੂੰਹ, 'ਖਾਨਦਾਨੀ ਬੰਦੇ', 'ਵੱਡੀ ਗੱਲ' ਗਾ ਕੇ ਮੁੰਡੀਰ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਉਸ ਦੀ ਗਾਇਕੀ ਦੀ ਆਰਿਆਂ 'ਚ ਵਾਹਵਾ ਚਰਚਾ ਚੱਲੀ। ਮਗਰੋਂ ਆਪਣੀ ਲੰਮੀ ਹੇਕ ਤੇ ਉਚੀ ਆਵਾਜ਼ ਲਈ ਮਸ਼ਹੂਰ ਦੀਪਕ ਢਿੱਲੋਂ ਸਟੇਜ 'ਤੇ ਆਈ ਤਾਂ ਉਹਦਾ ਸਵਾਗਤ ਤਾੜੀਆਂ ਨਾਲ ਹੋਇਆ। ਉਸ ਨੇ 'ਰਿਸ਼ਤਾ ਕਰ ਦਾਂ ਤੈਨੂੰ ਸਾਲੀਏ', 'ਮਣਕੇ ਟੁੱਟਦੇ ਜਾਂਦੇ ਆ, 'ਨਵਾਂ ਲੈ ਲਿਆ ਟਰੱਕ ਤੇਰੇ ਯਾਰ ਨੇ', ਨਾਲ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ। ਅਖੀਰ 'ਚ ਨੌਜਵਾਨਾਂ 'ਚ ਖਾਸਾ ਮਕਬੂਲ ਗਾਇਕ ਆਰ ਨੇਤ ਜਦੋਂ ਆਇਆ ਤਾਂ ਮੁੰਡਿਆਂ ਨੇ ਚੀਕਾਂ, ਕੂਕਾਂ ਨਾਲ ਉਸਦਾ ਸਵਗਤ ਕੀਤਾ। ਉਸ ਨੇ ਆਉਂਦਿਆਂ ਹੀ ਮੁੰਡਿਆਂ ਦੀ ਪਸੰਦ ਦੇ ਗਾਣੇ, 'ਤੇਰੇ ਯਾਰ ਨੂੰ ਦੱਬਣ ਨੂੰ ਫਿਰਦੇ ਆ', 'ਤੇਰਾ ਯਾਰ ਡਿਫਾਲਟਰ ਤਾਂ ਹੋਇਆ, 'ਬੇਬੇ ਬਾਪੂ' , 'ਜੰਪ' ਗਾਏ ਤਾਂ ਮੇਲੀਆਂ ਨੇ ਵੀ ਉਸ ਨੂੰ ਭੰਗੜੇ ਪਾ-ਪਾ ਦਿਖਾਏ। ਰੈਵ ਇੰਦਰ ਨੇ ਵੀ ਆਪਣੀ ਗਾਇਕੀ ਨਾਲ ਸੋਹਣਾ ਸਮਾਂ ਬੰਨ੍ਹਿਆ। ਕਈ ਦਰਸ਼ਕਾਂ ਵਲੋਂ ਭਾਵੇਂ ਸਟੇਜ 'ਤੇ ਜਾ ਕੇ ਕਲਾਕਾਰਾਂ ਨਾਲ ਫੋਟੋਆਂ ਖਿਚਵਾਉਣ ਦੀ ਜ਼ਿਦ ਵੀ ਕੀਤੀ ਜਾ ਰਹੀ ਸੀ ਪਰ ਐਤਕੀਂ ਪਹਿਲਾਂ ਹੀ ਪ੍ਰਬੰਧਕਾਂ ਵਲੋਂ ਸਖਤ ਹਦਾਇਤਾਂ ਕਾਰਨ ਕਿਸੇ ਨੂੰ ਸਟੇਜ 'ਤੇ ਨਾ ਚੜ੍ਹਨ ਦਿੱਤਾ ਗਿਆ।

ਮੇਲਾ ਹੋਵੇ ਤੇ ਨਿੱਕੀ-ਮੋਟੀ ਲੜਾਈ ਨਾ ਹੋਵੇ, ਇਹ ਕਿਵੇਂ ਹੋ ਸਕਦੈ। ਐਤਕੀਂ ਵੀ ਭਾਵੇਂ ਕੁਝ ਨੌਜਵਾਨਾਂ 'ਚ ਤੂੰ-ਤੂੰ ਮੈਂ ਮੈਂ ਹੋ ਗਈ ਸੀ ਪਰ ਪ੍ਰਬੰਧਕਾਂ ਨੇ ਵਿਚ ਪੈ ਕੇ ਉਨ੍ਹਾਂ ਨੂੰ ਸਮਝਾ ਦਿੱਤਾ, ਜਿਸ ਮਗਰੋਂ ਮਾਹੌਲ ਕਾਬੂ 'ਚ ਹੀ ਰਿਹਾ। ਮੇਲੀਆਂ ਲਈ ਖਾਣ-ਪੀਣ ਦਾ ਵੀ ਚੰਗਾ ਬੰਦੋਬਸਤ ਸੀ। ਕੇ ਕੇ ਪੰਮਾ ਵਲੋਂ ਖਾਣਾ ਤੇ ਚਾਹ-ਪਕੌੜਿਆਂ ਦਾ ਖੁਲ੍ਹਾ ਲੰਗਰ ਲਾਇਆ ਗਿਆ ਸੀ। ਆਈਸ ਕਰੀਮ ਟਰੱਕ ਤੋਂ ਬੱਚੇ ਵੀ ਆਪਣੀ ਮਨਪਸੰਦ ਆਈਸ ਕਰੀਮ ਲੈ ਕੇ ਕਾ ਰਹੇ ਸਨ। ਬੀਬੀਆਂ ਲਈ ਖਰੀਦੋ-ਫਰੋਖਤ ਵਾਸਤੇ ਸੂਟ, ਜੁੱਤੀਆਂ, ਗਹਿਣਿਆਂ ਦੇ ਸਟਾਲ ਵੀ ਲੱਗੇ ਹੋਏ ਸਨ, ਜਿਸ ਤੋਂ ਬੀਬੀਆਂ ਗਰਮੀਆਂ ਦੇ ਕੱਪੜਿਆਂ ਦੀ ਸ਼ਾਪਿੰਗ ਕਰ ਕੇ ਖੁਸ਼ ਨਜ਼ਰ ਆ ਰਹੀਆਂ ਸਨ।

















**ਤਸਵੀਰਾਂ: ਏਸ਼ੀਅਨ ਮੀਡੀਆ ਯੂ.ਐੱਸ.ਏ.**

## 'ਵਨਨੈੱਸ ਰਨ 2025' ਵਿਚ 300 ਤੋਂ ਵੱਧ ਦੌੜਾਕਾਂ ਨੇ ਲਿਆ ਹਿੱਸਾ

**ਪੈਲਾਟਾਈਨ:** 7 ਜੂਨ ਸ਼ਨਿਚਰਵਾਰ ਦੀ ਸਵੇਰ ਨੂੰ ਡੀਅਰ ਗਰੋਵ ਫਾਰੈਸਟ ਪ੍ਰਿਜ਼ਰਵ ਵਿਖੇ 300 ਤੋਂ ਵੱਧ ਦੌੜਾਕ, ਵਾਕਰ, ਅਤੇ ਵਾਲੰਟੀਅਰ ਇਕੱਠੇ ਹੋਏ, ਅਤੇ ਵਨਨੈੱਸ ਰਨ, 5K ਅਤੇ 10K ਰਨ/ਵਾਕ ਈਵੈਂਟ ਵਿਚ ਹਿੱਸਾ ਲੈਣ ਲਿਆ। ਇਹ ਦੌੜ ਸਿਹਤ, ਸਦਭਾਵਨਾ ਅਤੇ ਉਮੀਦ ਲਈ ਭਾਈਚਾਰੇ ਨੂੰ ਇਕਜੁੱਟ ਕਰਦੀ ਹੈ।

ਗੈਰ-ਲਾਭਕਾਰੀ Oneness Run ਦੁਆਰਾ ਆਯੋਜਿਤ, ਇਹ ਇਵੈਂਟ ਸਿਰਫ਼ ਇਕ ਦੌੜ ਨਹੀਂ ਸਗੋਂ ਭਾਈਚਾਰੇ ਦੀ ਏਕਤਾ ਦਾ ਜਸ਼ਨ ਹੈ। ਇਸ ਦੌਰਾਨ ਵਿਭਿੰਨ ਪਿਛੋਕੜ ਵਾਲੇ ਪੰਜ ਹਾਈ ਸਕੂਲ ਸੀਨੀਅਰਾਂ ਨੂੰ ਉਨ੍ਹਾਂ ਦੀ ਅਕਾਦਮਿਕ ਉੱਤਮਤਾ, ਲੀਡਰਸ਼ਿਪ, ਅਤੇ ਕਮਿਊਨਿਟੀ ਸੇਵਾ ਪ੍ਰਤੀ ਵਚਨਬੱਧਤਾ ਨੂੰ ਮਾਨਤਾ ਦਿੰਦੇ ਹੋਏ, Oneness Youth Scholarship Program ਦੁਆਰਾ ਹਰੇਕ ਨੂੰ $1,500 ਦੇ ਵਜ਼ੀਫੇ ਦਿੱਤੇ ਗਏ।

ਵਨਨੇਸ ਰਨ ਦੇ ਬੁਲਾਰੇ ਨੇ ਆਖਿਆ ਕਿ "ਇਕੱਠੇ ਦੌੜਨਾ ਸ਼ਕਤੀਸ਼ਾਲੀ ਹੈ, ਪਰ ਕਿਸੇ ਕਾਰਨ ਲਈ ਦੌੜਨਾ ਹੋਰ ਵੀ ਪ੍ਰੇਰਨਾਦਾਇਕ ਹੈ। ਇਸ ਸਮਾਗਮ ਵਿਚ ਵਜ਼ੀਫ਼ੇ ਦੇ ਕੇ, ਅਸੀਂ ਏਕਤਾ ਦੇ ਆਪਣੇ ਮਿਸ਼ਨ ਨੂੰ ਅਗਲੀ ਪੀੜ੍ਹੀ ਵਿਚ ਲੈ ਕੇ ਜਾਣ ਦੇ ਯੋਗ ਹੋ ਗਏ ਹਾਂ।"ਵਜ਼ੀਫੇ ਲਈ ਫੰਡ ਰੇਸ ਰਜਿਸਟ੍ਰੇਸ਼ਨਾਂ, ਦਾਨੀਆਂ ਦੇ ਯੋਗਦਾਨ, ਅਤੇ ਸਪਾਂਸਰਾਂ ਦੀ ਸਹਾਇਤਾ ਦੁਆਰਾ ਇਕੱਠੇ ਕੀਤੇ ਗਏ ਸਨ। ਪ੍ਰਾਪਤ ਕਰਤਾਵਾਂ ਨੂੰ ਇੱਕ ਸੰਖੇਪ ਸਮਾਰੋਹ ਦੌਰਾਨ ਮਾਨਤਾ ਦਿੱਤੀ ਗਈ ਸੀ ਜੋ ਭਾਈਚਾਰੇ ਦੀ ਸ਼ਕਤੀ ਅਤੇ ਸਾਂਝੇ ਉਦੇਸ਼ ਨੂੰ ਦਰਸਾਉਂਦੀ ਸੀ।

ਸਕਾਲਰਸ਼ਿਪ ਅਵਾਰਡਾਂ ਤੋਂ ਇਲਾਵਾ, ਇਸ ਮੌਕੇ ਹਰ ਉਮਰ ਦੇ ਭਾਗੀਦਾਰਾਂ ਨੇ ਜੰਗਲ ਦੇ ਤਾਜ਼ਗੀ ਵਾਲੇ ਵਾਤਾਵਰਨ, ਪਰਿਵਾਰਕ ਗਤੀਵਿਧੀਆਂ, ਸੰਗੀਤ, ਅਤੇ ਇਵੈਂਟ ਦੇ ਥੀਮ: ਵਿਭਿੰਨਤਾ ਵਿਚ ਏਕਤਾ ਨੂੰ ਦਰਸਾਉਂਦੇ ਮਾਹੌਲ ਦਾ ਆਨੰਦ ਲਿਆ। ਵਨਨੇਸ ਰਨ ਇੱਕ ਸਵੈਸੇਵੀ-ਅਗਵਾਈ ਵਾਲੀ ਪਹਿਲਕਦਮੀ ਹੈ ਜੋ ਕਮਿਊਨਿਟੀ ਮੈਂਬਰਾਂ ਦੇ ਸਮਰਪਣ ਅਤੇ ਸਥਾਨਕ ਕਾਰੋਬਾਰਾਂ ਅਤੇ ਭਾਈਵਾਲਾਂ ਦੇ ਸਮਰਥਨ ਦੁਆਰਾ ਸੰਭਵ ਹੋਈ ਹੈ। ਹਰ ਕੋਈ ਇਸ ਵਿਚ ਭਾਗ ਲੈ ਸਕਦਾ ਹੈ ਅਤੇ ਵਾਲੰਟੀਅਰ ਸੇਵਾ ਵੀ ਨਿਭਾ ਸਕਦਾ ਹੈ।

## 'ਕਿੰਗਜ਼ ਡੇਅ' ਮੌਕੇ ਟਰੰਪ ਪ੍ਰਸ਼ਾਸਨ ਵਿਰੁੱਧ ਮੁਜ਼ਾਹਰੇ

**ਸਾਨ ਫਰਾਂਸਿਸਕੋ:** ਡੱਚ ਕਿੰਗ ਵਿਲੀਅਮ ਅਲੈਗਜ਼ੈਂਡਾ ਦੀ ਯਾਦ 'ਚ ਮਨਾਏ ਜਾਣ ਵਾਲੇ 'ਕਿੰਗਜ਼ ਡੇ' ਮੌਕੇ ਅਮਰੀਕਾ ਭਰ 'ਚ ਟਰੰਪ ਪ੍ਰਸ਼ਾਸਨ ਦੇ ਖਿਲਾਫ 'ਨੋ ਕਿੰਗਜ਼' ਦਿਵਸ ਦੇ ਵਿਰੋਧ ਵਜੋਂ ਮਨਾਇਆ ਗਿਆ। ਇਸ ਦੌਰਾਨ ਦੇਸ਼ ਭਰ ਵਿਚ ਲਗਭਗ 2,000 ਵਿਰੋਧ ਪ੍ਰਦਰਸ਼ਨ ਤੇ ਰੈਲੀਆਂ ਕੀਤੀਆਂ ਗਈਆਂ। ਕੁਝ ਖੇਤਰਾਂ ਵਿਚ ਪ੍ਰਦਰਸ਼ਨਕਾਰੀਆਂ ਨੇ ਬਰਫ਼ੀਲੇ ਮੌਸਮ ਦਾ ਸਾਹਮਣਾ ਕਰਦੇ ਹੋਏ ਵੀ ਪ੍ਰਵਾਸੀਆਂ ਦੇ ਅਧਿਕਾਰਾਂ ਦਾ ਸਮਰਥਨ ਕਰਨ ਵਾਲੇ ਚਿੰਨ੍ਹ ਖੜ੍ਹੇ ਕੀਤੇ ਤੇ ਨਾਅਰੇ ਲਗਾਏ। ਫਲੋਰੀਡਾ ਵਿਚ, ਮਾਰਚ ਕਰਨ ਵਾਲੇ ਟਰੰਪ ਦੇ ਪਾਮ ਬੀਚ ਅਸਟੇਟ, ਮਾਰ-ਏ-ਲਾਗੋ ਦੇ ਨੇੜੇ ਵੀ ਇਕੱਤਰ ਹੋਏ। ਉੱਧਰ ਵਾਈਟ ਹਾਊਸ ਦੇ ਬਾਹਰ ਪ੍ਰਦਰਸ਼ਨਕਾਰੀ ਇੱਕ ਘੰਟੇ ਤੋਂ ਵੱਧ ਜੋਰਦਾਰ ਵਿਰੋਧ ਪ੍ਰਦਰਸ਼ਨ ਕਰਦੇ ਰਹੇ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਡਾਇਪਰ ਪਹਿਨੇ ਹੋਏ 20 ਫੁੱਟ ਦੇ ਗੁਬਾਰੇ ਨੂੰ ਫੁਲਾਇਆ ਗਿਆ ਤੇ ਲਾਸ ਏਂਜਲਸ ਦੇ ਗਲੋਰੀਆ ਮੋਲੀਨਾ ਗ੍ਰੈਂਡ ਪਾਰਕ ਵਿਚ ਇੱਕ ਸਾਰਡਾਈਨ ਭੀੜ ਵਿਚੋਂ ਲੰਘਿਆ।

'ਨੋ ਕਿੰਗਜ਼ ਡੇ' ਮਾਰਚ ਮੌਕੇ ਕਿਤੇ ਵੀ



ਕਾਨੂੰਨ ਲਾਗੂ ਕਰਨ ਵਾਲਿਆਂ ਨਾਲ ਟਕਰਾਅ ਹੋਣ ਦੀ ਖਬਰ ਨਹੀਂ ਹੈ। ਪ੍ਰਦਰਸ਼ਨਕਾਰੀਆਂ ਦੇ ਉਤੋਂ ਦੀ ਹੈਲੀਕਾਪਟਰ ਲੰਘਦੇ ਰਹੇ ਪਰ ਨਾਅਰੇ ਤੇ ਤਾਲੀਆਂ ਦੀ ਆਵਾਜ ਮੱਧਮ ਨਾ ਹੋਈ। ਨਿਊਯਾਰਕ, ਫਿਲਾਡੇਲਫੀਆ ਅਤੇ ਹਿਊਸਟਨ ਵਰਗੇ ਸ਼ਹਿਰਾਂ ਵਿਚ ਕਾਨੂੰਨਸਾਜ਼ਾਂ, ਯੂਨੀਅਨ ਆਗੂਆਂ ਤੇ ਕਾਰਕੁੰਨਾਂ ਨੇ ਟਰੰਪ ਦੇ ਵਿਰੋਧ ਵਿਚ ਅਮਰੀਕੀ ਝੰਡੇ ਤੇ ਚਿੰਨ੍ਹ ਲਹਿਰਾਉਂਦੇ ਹੋਏ ਵੱਡੇ ਇਕੱਠ ਵਿਚ ਭਾਸ਼ਣ ਦਿੱਤੇ। ਫਿਲਾਡੇਲਫੀਆ ਵਿਚ ਇਕ 61 ਸਾਲਾ ਨਰਸ ਵੈਨ ਟ੍ਰਾਈਸਟ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਸਾਨੂੰ ਆਪਣੇ ਲੋਕਤੰਤਰ ਦੀ ਰੱਖਿਆ ਕਰਨ ਦੀ ਲੋੜ ਹੈ। 29 ਸਾਲਾ ਐਲੀਡੀਆ ਬ੍ਰਏਨਰੋਸਟੋ ਨੇ ਦੱਸਿਆ ਕਿ ਉਸਨੇ ਦੇਸ਼ ਵਿਚ ਰਹਿ ਰਹੇ ਗੈਰ-ਦਸਤਾਵੇਜ਼ੀ ਪਰਿਵਾਰਕ ਮੈਂਬਰਾਂ ਵਲੋਂ ਮਾਰਚ ਕੀਤਾ ਹੈ। ਉਸਨੇ ਤੇ ਉਸਦੀ ਧੀ ਨੇ ਇੱਕ ਤਖ਼ਤੀ ਫੜੀ ਹੋਈ ਸੀ ਜਿਸ 'ਤੇ ਲਿਖਿਆ ਸੀ 'ਪਰਿਵਾਰ ਇਕੱਠੇ ਰਹਿੰਦੇ ਹਨ। ਇਕ ਲੋਕ 'ਨੋ ਕਿੰਗਜ਼' ਵਿਰੋਧ ਪ੍ਰਦਰਸ਼ਨ ਵਿਚ ਹਿੱਸਾ ਲੈ ਰਹੇ ਸਨ ਤੇ ਦੂਜੇ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਾਸ਼ਿੰਗਟਨ, ਡੀ।ਸੀ। ਵਿਚ ਇੱਕ ਫੌਜੀ ਪਰੇਡ ਦੀ ਪ੍ਰਧਾਨਗੀ ਕਰ ਰਹੇ ਸਨ।


# ਸਟਰਲਿੰਗ ਹਾਈਟਸ ਗੁਰਦੁਆਰਾ ਸਾਹਿਬ ਵਿਖੇ ਘੱਲੂਘਾਰਾ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਏ

**ਸਟਰਲਿੰਗ ਹਾਈਟਸ:** ਲੰਘੇ ਹਫਤੇ ਇੱਥੋਂ ਦੇ ਗੁਰਦੁਆਰਾ ਸਾਹਿਬ ਵਿਖੇ ਸਿੱਖ ਕੌਮ ਉੱਤੇ ਵਾਪਰੇ ਤੀਜੇ ਘੱਲੂਘਾਰੇ ਨੂੰ ਸਮਰਪਿਤ ਸਮਾਗਮ ਕਰਵਾਏ ਗਏ। ਇਸ ਮੌਕੇ ਰੱਖੇ ਗਏ ਸਹਿਜ ਪਾਠ ਦੇ ਭੋਗ ਪਾਏ ਗਏ। ਉਪਰੰਤ ਹਜ਼ੂਰੀ ਕੀਰਤਨੀ ਜਥੇ ਵਲੋਂ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ ਗਿਆ।

ਇਸ ਮੌਕੇ ਬੁਲਾਰਿਆਂ ਨੇ ਜਿੱਥੇ ਤੀਜਾ ਘੱਲੂਘਾਰਾ ਵਾਪਰਨ ਦੇ ਕਾਰਨਾਂ ਬਾਰੇ ਵਿਚਾਰਾਂ ਸਾਂਝੀਆਂ ਕੀਤੀਆਂ, ਉਥੇ ਹੀ ਅਜੋਕੇ ਸਮੇਂ ਵੀ ਇੰਡੀਆ ਵਿਚ ਸਿੱਖਾਂ ਨਾਲ ਹੋ ਰਹੀਆਂ ਵਧੀਕੀਆਂ ਬਾਰੇ ਵੀ ਚਾਨਣਾ ਪਾਇਆ।

ਐਤਵਾਰ ਦੇ ਦੀਵਾਨ ਦੀ ਸਮਾਪਤੀ ਤੋਂ ਬਾਅਦ ਲੰਗਰ ਹਾਲ ਵਿਚ ਡਾਕੂਮੈਂਟਰੀ (Battle of Amritsar) ਸੰਗਤਾਂ ਨੂੰ ਵਿਖਾਈ ਗਈ ਅਤੇ ਸੰਗਤ ਨੇ ਬਹੁਤ ਧਿਆਨ ਅਤੇ ਸ਼ਾਂਤ ਮਾਹੌਲ ਵਿਚ ਇਹ ਡਾਕੂਮੈਂਟਰੀ ਵੇਖੀ।

ਪ੍ਰਬੰਧਕਾਂ ਨੇ ਸਾਰਿਆਂ ਨੂੰ ਬੱਚਿਆਂ ਸਣੇ ਇਹ ਫਿਲਮ ਜ਼ਰੂਰ ਵੇਖਣ ਦੀ ਅਪੀਲ ਕੀਤੀ ਕਿਉਂਕਿ ਇਸ ਨੂੰ ਬਣਾਉਣ ਵਾਲਿਆਂ ਨੇ ਬਹੁਤ ਮਿਹਨਤ ਨਾਲ ਇਸ ਨੂੰ ਤਿਆਰ ਕੀਤਾ ਹੈ। ਉਨ੍ਹਾਂ ਆਖਿਆ ਕਿ ਸਾਨੂੰ ਆਪਣੇ ਇਤਿਹਾਸ ਨੂੰ ਯਾਦ ਰੱਖਣ ਅਤੇ ਆਪਣੇ ਬੱਚਿਆਂ ਨੂੰ ਸਿੱਖ ਇਤਿਹਾਸ ਤੋਂ ਜਾਣੂੰ ਕਰਵਾਉਣ ਲਈ ਇਹ ਡਾਕੂਮੈਂਟਰੀ ਜ਼ਰੂਰ ਵੇਖਣੀ ਚਾਹੀਦੀ ਹੈ।




# ਪੰਜਾਬੀ ਸਕੂਲ ਦੇ ਬੱਚਿਆਂ ਦੇ ਨਤੀਜੇ ਆਏ

**ਸਟਰਲਿੰਗ ਹਾਈਟਸ:** ਇੱਥੋਂ ਦੇ ਗੁਰਦੁਆਰਾ ਸਾਹਿਬ ਵਿਖੇ ਚੱਲ ਰਹੇ ਪੰਜਾਬੀ ਸਕੂਲ ਦੇ ਬੱਚਿਆਂ ਦੇ ਨਤੀਜੇ ਆ ਗਏ ਹਨ। ਪੰਜਾਬੀ ਸਕੂਲ ਵਿਚ ਪਹਿਲੀ ਤੋਂ ਲੈ ਕੇ ਛੇ ਗਰੇਡ ਵਿਚ ਲਗਪਗ 55 ਬੱਚੇ ਪੜ੍ਹਦੇ ਹਨ। ਹਰ ਗਰੇਡ ਵਿਚੋਂ ਪਾਸ ਹੋ ਕੇ ਅਗਲੇ ਗਰੇਡ ਵਿਚ ਬਹੁਤੀ ਗਿਣਤੀ ਵਿਚ ਬੱਚੇ ਪਹੁੰਚੇ ਹਨ। ਇਸ ਸਕੂਲ ਵਿਚ ਪੰਜਾਬੀ ਦੇ ਨਾਲ ਨਾਲ ਬੱਚਿਆਂ ਨੂੰ ਗੁਰਬਾਣੀ ਕੀਰਤਨ ਕਰਨ, ਪਾਠ ਕਰਨ, ਸਿੱਖੀ ਅਤੇ ਸਿੱਖ ਇਤਿਹਾਸ ਬਾਰੇ ਪੜ੍ਹਾਇਆ ਜਾਂਦਾ ਹੈ। ਇਸ ਸਭ ਦੇ ਲਈ ਪੰਜਾਬੀ ਸਕੂਲ ਦੇ ਸਾਰੇ ਅਧਿਆਪਕ ਸਾਹਿਬਾਨ ਦੀ ਮਿਹਨਤ ਅਤੇ ਬੱਚਿਆਂ ਦੇ ਮਾਪਿਆਂ ਦਾ ਵੱਡਾ ਯੋਗਦਾਨ ਹੈ।

ਇਸ ਸਕੂਲ ਦੇ ਕਈ ਬੱਚੇ ਕੌਮੀ ਪੱਧਰ ਦੇ ਗੁਰਬਾਣੀ ਜਾਂ ਸਿੱਖ ਇਤਿਹਾਸ ਨਾਲ ਸਬੰਧਤ ਭਾਸ਼ਣਾਂ ਵਿਚ ਹਿੱਸਾ ਲੈਂਦੇ ਰਹਿੰਦੇ ਹਨ। ਪੰਜਾਬੀ ਸਕੂਲ ਵਿਚ ਫਾਈਨਲ ਕਲਾਸ ਵਿਚੋਂ ਪਾਸ ਹੋਣ ਵਾਲੇ ਬੱਚਿਆਂ ਨੂੰ ਐਤਵਾਰ ਦੇ ਦੀਵਾਨ ਵਿਚ ਸਰਟੀਫਿਕੇਟ ਅਤੇ ਹੋਰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।









## ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ 22 ਜੂਨ ਨੂੰ

**ਸਟਰਲਿੰਗ ਹਾਈਟਸ:** ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸਟਰਲਿੰਗ ਹਾਈਟਸ ਦੇ ਗੁਰਦੁਆਰਾ ਸਾਹਿਬ ਵਿਖੇ ਐਤਵਾਰ 22 ਜੂਨ ਨੂੰ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਸ਼ੁਕਰਵਾਰ 20 ਜੂਨ ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ, ਜਿਨ੍ਹਾਂ ਦੇ ਭੋਗ 22 ਜੂਨ ਦਿਨ ਐਤਵਾਰ ਨੂੰ ਪਾਏ ਜਾਣਗੇ। ਇਨ੍ਹਾਂ ਸਮਾਗਮਾਂ ਦੌਰਾਨ ਹਜ਼ੂਰੀ ਕੀਰਤਨੀ ਜਥੇ ਦੇ ਨਾਲ ਬਾਹਰੋਂ ਵੀ ਜਥੇ ਹਾਜ਼ਰੀ ਭਰਨਗੇ। ਗੁਰਦੁਆਰਾ ਸਾਹਿਬ ਵਿਖੇ ਚੱਲ ਰਹੇ ਪੰਜਾਬੀ ਅਤੇ ਗੁਰਮਤਿ ਸਕੂਲ ਦੇ ਵਿਦਿਆਰਥੀ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖ ਇਤਿਹਾਸ ਬਾਰੇ ਸੰਗਤ ਨਾਲ ਸਾਂਝ ਪਾਉਣਗੇ। ਸਮੂਹ ਸੰਗਤ ਨੂੰ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ। ਤਿੰਨੋ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ।



# ਕੈਰੋਲ ਸਟੀਮ ਵਿਖੇ 4 ਜੁਲਾਈ ਦੀ ਪਰੇਡ ਵਿਚ ਸ਼ਮੂਲੀਅਤ ਕਰੇਗਾ ਸਿੱਖ ਭਾਈਚਾਰਾ

ਕੈਰੋਲ ਸਟੀਮ, ਬਲੂਮਿੰਗਡੇਲ, ਗਲੇਨਡੇਲ ਹਾਈਟਸ, ਬਾਰਟਲੇਟ, ਹੈਨੋਵਰ ਪਾਰਕ ਅਤੇ ਆਸ-ਪਾਸ ਦੇ ਉਪਨਗਰਾਂ ਵਿਚ ਰਹਿਣ ਵਾਲੇ ਸਿੱਖਾਂ ਵਲੋਂ ਕੈਰੋਲ ਸਟੀਮ ਵਿਖੇ ਕਰਵਾਈ ਜਾ ਰਹੀ 4 ਜੁਲਾਈ ਦੀ ਪਰੇਡ ਵਿਚ ਸ਼ਮੂਲੀਅਤ ਕੀਤੀ ਜਾ ਰਹੀ ਹੈ। ਇਸ ਪਰੇਡ ਦੌਰਾਨ ਗੈਰੀ ਐਵੇਨਿਊ ਅਤੇ ਫਾਊਂਟੇਨ ਵਿਊ ਡਰਾਈਵ ਦੇ ਕਰਾਸਿੰਗ 'ਤੇ ਆਪਣੀਆਂ ਕਾਰਾਂ ਪਾਰਕ ਕੀਤੀਆਂ ਜਾ ਸਕਣਗੀਆਂ। (ਫਾਊਂਟੇਨ ਵਿਊ ਡਰਾਈਵ ਆਰਮੀ ਟ੍ਰੇਲ ਰੋਡ ਦੇ ਦੱਖਣ ਵੱਲ ਹੈ)। ਪਾਰਕਿੰਗ ਮੁਫਤ ਹੋਵੇਗੀ ਅਤੇ ਪਾਰਕਿੰਗ ਲੱਭਣ ਲਈ ਇੱਕ ਝਰਨੇ ਦੀ ਨਿਸ਼ਾਨੀ ਰੱਖੀ ਜਾ ਸਕਦਾ ਹੈ।

ਬੱਸਾਂ ਤੁਹਾਨੂੰ ਕਾਊਂਟੀ ਫਾਰਮ ਰੋਡ/ਲਾਇਸ ਰੋਡ 'ਤੇ ਪਰੇਡ ਦੇ ਸ਼ੁਰੂਆਤੀ ਪੁਆਇੰਟ 'ਤੇ ਲੈ ਜਾਣਗੀਆਂ। ਪਰੇਡ ਪਾਰਕਿੰਗ ਵਾਲੀ ਥਾਂ 'ਤੇ ਹੀ ਸਮਾਪਤ ਹੋਵੇਗੀ।

ਸ਼ੁੱਕਰਵਾਰ 4 ਜੁਲਾਈ ਨੂੰ ਸਵੇਰੇ 10 ਵਜੇ ਪਰੇਡ ਸ਼ੁਰੂ ਹੋਵੇਗੀ ਅਤੇ ਅਸੈਂਬਲੀ ਦਾ ਸਮਾਂ ਸਵੇਰੇ 9 ਵਜੇ ਹੈ। ਪਰੇਡ ਲਾਈਸ ਰੋਡ 'ਤੇ ਪੂਰਬ ਵੱਲ ਜਾਵੇਗੀ ਅਤੇ ਗੈਰੀ ਐਵੇਨਿਊ ਤੋਂ ਪਹਿਲਾਂ ਸਮਾਪਤ ਹੋਵੇਗੀ, ਜਿੱਥੇ ਕਾਰਾਂ ਪਾਰਕ ਕੀਤੀਆਂ ਗਈਆਂ ਹੋਣਗੀਆਂ। ਪਰੇਡ ਵਿਚ ਸ਼ਾਮਲ ਹੋਣ ਵਾਲੇ ਸਾਰੇ ਲੋਕ ਬੈਨਰਾਂ ਦੇ ਪਿੱਛੇ ਤੁਰਨਗੇ ਕਿਉਂਕਿ ਇਸ ਪਰੇਡ ਵਿਚ ਕੋਈ ਫਲੋਟ ਨਹੀਂ ਹੈ। ਪਰੇਡ ਤੋਂ ਬਾਅਦ ਲੰਗਰ ਵਰਤਾਇਆ ਜਾਵੇਗਾ।

ਇਸ ਦੌਰਾਨ ਡਰੈੱਸ ਕੋਡ ਵੀ ਰੱਖਿਓ ਗਿਆ ਹੈ, ਜੋ ਕਿ ਪੁਰਸ਼ਾਂ ਲਈ ਬਲੈਕ ਪੈਂਟ, ਲਾਲ ਦਸਤਾਰ, ਅਮਰੀਕਨ ਥੀਮ ਕਾਲਰਡ ਕਮੀਜ਼ ਅਤੇ ਔਰਤਾਂ/ਕੁੜੀਆਂ ਲਈ ਲਾਲ ਜਾਂ ਨੀਲੀ ਚੁੰਨੀ ਦੇ ਨਾਲ ਚਿੱਟਾ ਸਲਵਾਰ ਅਤੇ ਕਮੀਜ਼ ਹੈ।

ਸਾਰਿਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਸਿੱਖ ਭਾਈਚਾਰੇ ਦੀ ਏਕਤਾ ਦਿਖਾਉਣ ਲਈ ਆਪਣੇ ਦੋਸਤਾਂ ਅਤੇ ਪਰਿਵਾਰਾਂ ਸਣੇ ਇਸ ਪਰੇਡ ਵਿਚ ਸ਼ਾਮਲ ਹੋਣ।




# ਜਹਾਜ਼ ਹਾਦਸੇ ਦੀ ਜਾਂਚ ਕਮੇਟੀ ਭਵਿੱਖੀ ਸਾਵਧਾਨੀਆਂ ਬਾਰੇ ਵੀ ਸਿਫ਼ਾਰਸ਼ਾਂ ਕਰੇਗੀ

**ਨਵੀਂ ਦਿੱਲੀ/ਅਹਿਮਦਾਬਾਦ:** ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਕਿਹਾ ਕਿ ਹਾਦਸੇ ਦੇ ਕਾਰਨਾਂ ਦੀ ਜਾਂਚ ਲਈ ਕੇਂਦਰੀ ਗ੍ਰਹਿ ਸਕੱਤਰ ਦੀ ਅਗਵਾਈ ਹੇਠ ਉੱਚ ਪੱਧਰੀ ਕਮੇਟੀ ਬਣਾਈ ਹੈ ਜੋ 'ਭਵਿੱਖ 'ਚ ਅਜਿਹੀਆਂ ਘਟਨਾਵਾਂ ਰੋਕਣ ਤੇ ਉਨ੍ਹਾਂ ਨਾਲ ਨਜਿੱਠਣ ਲਈ ਵਿਸ਼ੇਸ਼ ਦਿਸ਼ਾ ਨਿਰਦੇਸ਼ ਤਿਆਰ ਕਰਨ 'ਤੇ ਧਿਆਨ ਕੇਂਦਰਿਤ ਕਰੇਗੀ। ਉੱਧਰ ਏਅਰ ਇੰਡੀਆ ਜਹਾਜ਼ ਹਾਦਸੇ ਮਗਰੋਂ ਹੁਣ ਤੱਕ ਕੁੱਲ 270. ਲਾਸ਼ਾਂ ਅਹਿਮਦਾਬਾਦ ਸਿਵਲ ਹਸਪਤਾਲ ਲਿਆਂਦੀਆਂ ਗਈਆਂ, ਜਿਨ੍ਹਾਂ 'ਚੋਂ ਡੀਐੱਨਏ ਸੈਂਪਲਾਂ ਦੇ ਆਧਾਰ 'ਤੇ ਲਾਸ਼ਾਂ ਦੀ ਪਛਾਣ ਕਰ ਲਈ ਗਈ ਹੈ। ਦੂਜੇ ਪਾਸੇ ਹਾਦਸੇ 'ਚ ਨੁਕਸਾਨੇ ਬੀ.ਜੇ ਮੈਡੀਕਲ ਕਾਲਜ ਦੇ ਹੋਸਟਲਾਂ ਨੂੰ ਜਾਂਚ ਦੇ ਸਿਲਸਿਲੇ 'ਚ ਖਾਲੀ ਕਰਵਾਇਆ ਜਾ ਗਿਆ ਹੈ ਅਤੇ ਹਾਦਸੇ ਵਾਲੀ ਥਾਂ 'ਤੇ ਕੇਂਦਰੀ ਤੇ ਰਾਜ ਸਰਕਾਰ ਦੀਆਂ ਏਜੰਸੀਆਂ ਤੋਂ ਇਲਾਵਾ ਕੌਮੀ ਸੁਰੱਖਿਆ ਗਾਰਡ (ਐੱਨਐੱਸਜੀ) ਦੀ ਟੀਮ ਵੀ ਤਾਇਨਾਤ ਕੀਤੀ ਗਈ ਹੈ। ਇਸ ਹਾਦਸੇ 'ਚ ਬਚੇ ਇੱਕੋ-ਇੱਕ ਯਾਤਰੀ ਵਿਸ਼ਵਾਸ ਕੁਮਾਰ ਰਮੇਸ਼ ਦੀ ਹਾਲਤ ਸਥਿਰ ਹੈ।

ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਕਿਹਾ ਕਿ ਅਹਿਮਦਾਬਾਦ 'ਚ ਵਾਪਰੇ ਜਹਾਜ਼ ਹਾਦਸੇ ਦੇ ਕਾਰਨਾਂ ਦੀ ਜਾਂਚ ਲਈ ਕੇਂਦਰੀ ਗ੍ਰਹਿ ਸਕੱਤਰ ਗੋਵਿੰਦ ਮੋਹਨ ਦੀ ਅਗਵਾਈ ਹੇਠ ਇੱਕ ਉੱਚ ਪੱਧਰੀ ਕਮੇਟੀ ਬਣਾਈ ਗਈ ਹੈ ਤੇ ਜਾਂਚ ਸੁਚਾਰੂ ਢੰਗ ਨਾਲ ਅੱਗੇ ਵੱਧ ਰਹੀ ਹੈ।

ਮੰਤਰਾਲੇ ਨੇ ਕਿਹਾ ਉੱਚ ਪੱਧਰ ਜਾਂਚ ਕਮੇਟੀ 'ਭਵਿੱਖ 'ਚ ਅਜਿਹੀਆਂ ਘਟਨਾਵਾਂ ਰੋਕਣ ਤੇ ਉਨ੍ਹਾਂ ਨਾਲ ਨਜਿੱਠਣ ਲਈ ਵਿਸ਼ੇਸ਼ ਦਿਸ਼ਾ ਨਿਰਦੇਸ਼ ਤਿਆਰ ਕਰਨ 'ਤੇ ਧਿਆਨ ਕੇਂਦਰਿਤ ਕਰੇਗੀ ਅਤੇ ਤਿੰਨ ਮਹੀਨੇ ਅੰਦਰ ਆਪਣੀ ਰਿਪੋਰਟ ਪ੍ਰਕਾਸ਼ਤ ਕਰੇਗੀ। ਸ਼ਹਿਰੀ ਹਵਾਬਾਜ਼ੀ ਮੰਤਰੀ ਕੇ ਰਾਮਮੋਹਨ ਨਾਇਡੂ ਨੇ ਕਿਹਾ, 'ਬਲੈਕ ਬਾਕਸ ਦੀ ਡੀਕੋਡਿੰਗ ਨਾਲ, ਜਹਾਜ਼ ਹਾਦਸੇ ਤੋਂ ਕੁਝ ਸਮਾਂ ਪਹਿਲਾਂ ਕੀ ਹੋਇਆ ਸੀ, ਬਾਰੇ ਪੂਰੀ ਜਾਣਕਾਰੀ ਮਿਲ ਸਕੇਗੀ।' ਉਨ੍ਹਾਂ ਕਿਹਾ ਕਿ ਦੇਸ਼ 'ਚ ਜਹਾਜ਼ ਸੁਰੱਖਿਆ ਦੇ ਬਹੁਤ ਸਖ਼ਤ ਤੇ ਮਜ਼ਬੂਤ ਪ੍ਰੋਟੋਕੋਲ ਹਨ ਅਤੇ ਸੁਰੱਖਿਆ ਨੂੰ ਹੋਰ ਬਿਹਤਰ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਕਿਹਾ, 'ਜਹਾਜ਼ ਹਾਦਸੇ ਬਾਰੇ ਜੋ ਵੀ ਪੈਮਾਨੇ ਹਨ, ਉਨ੍ਹਾਂ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ।'

ਸ਼ਹਿਰੀ ਹਵਾਬਾਜ਼ੀ ਸਕੱਤਰ ਸਮੀਰ ਕੁਮਾਰ ਸਿਨਹਾ ਨੇ ਕਿਹਾ ਕਿ ਏਅਰ ਇੰਡੀਆ ਜਹਾਜ਼ ਹਾਦਸੇ ਦੀ ਜਾਂਚ ਸੁਚਾਰੂ ਢੰਗ ਨਾਲ ਜਾਰੀ ਹੈ। ਹਵਾਈ ਹਾਦਸਾ ਜਾਂਚ ਬਿਊਰੋ (ਏਏਆਈਬੀ) ਹਾਦਸੇ ਦੀ ਜਾਂਚ ਕਰ ਰਿਹਾ ਹੈ। ਪੱਤਰਕਾਰ ਸੰਮੇਲਨ ਤੋਂ ਪਹਿਲਾਂ ਹਾਦਸੇ ਦੇ ਪੀੜਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।



# ਜੇ ਮਾਂ ਹੁੰਦੀ ਏ ਛਾਂ ਪਿਤਾ ਹੁੰਦੇ ਰੁੱਖ ਵਰਗੇ

**ਕਰਾਊਨ ਪੁਆਇੰਟ (ਇੰਡਿਆਨਾ):** ਪੰਦਰਾਂ ਜੂਨ ਨੂੰ ਜਿੱਥੇ ਸਿੱਖ ਧਰਮ ਵਿਚ ਹਾੜ੍ਹ ਮਹੀਨੇ ਦੀ ਸੰਗਰਾਂਦ ਦਾ ਦਿਨ ਸੀ, ਉਥੇ ਹੀ ਦੁਨੀਆਂ ਭਰ ਵਿਚ ਮਨਾਇਆ ਜਾਂਦਾ ਪਿਤਾ ਦਿਵਸ (ਫਾਦਰਜ਼ ਡੇਅ) ਵੀ ਇਸੇ ਦਿਨ ਸੀ। ਭਾਈ ਹਰਪਾਲ ਸਿੰਘ ਜੀ, ਭਾਈ ਜਸਵਿੰਦਰ ਸਿੰਘ ਜੀ ਅਤੇ ਭਾਈ ਰਵਿੰਦਰਜੀਤ ਸਿੰਘ ਜੀ ਦੇ ਜਥੇ ਨੇ ਮਨੋਹਰ ਕੀਰਤਨ ਅਤੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਪੰਜਾਬੀ ਸਕੂਲ ਦੇ ਬੱਚਿਆਂ ਨੇ ਪਿਤਾ ਦਿਵਸ ਸਬੰਧੀ ਕਵਿਤਾਵਾਂ ਅਤੇ ਸਮੂਹਿਕ ਗਾਣੇ/ਕਵਿਤਾ ਰਾਹੀਂ ਆਪਣੀ ਹਾਜ਼ਰੀ ਲੁਆਈ। ਗੁਰਸਿਫ਼ਤ ਕੌਰ ਨੇ ਕਵਿਤਾ 'ਪਿਉ' ਸੁਣਾਈ:

ਰੁਤਬਾ ਪਿਉ ਦਾ ਸੰਸਾਰ ਵਿਚ ਬਹੁਤ ਉੱਚਾ
ਥਾਂ ਪਿਉ ਦੀ ਕੋਈ ਨਹੀਂ ਲੈ ਸਕਦਾ।

ਉਸ ਤੋਂ ਬਾਅਦ ਵੀਹ ਦੇ ਕਰੀਬ ਬੱਚਿਆਂ ਨੇ ਸਾਂਝੀ ਕਵਿਤਾ ਦਾ ਗਾਇਨ ਕੀਤਾ, ਜਿਸ ਦੀ ਅਗਵਾਈ ਗੁਰਸਿਮਰਤ ਕੌਰ, ਨਵਕੀਰਤ ਕੌਰ, ਗੁਰਸਿਫ਼ਤ ਕੌਰ, ਮਨਸੀਰਤ ਕੌਰ ਅਤੇ ਸਹਿਜਦੀਪ ਸਿੰਘ ਨੇ ਕੀਤੀ। ਬਾਕੀ ਬੱਚਿਆਂ ਨੇ ਬਹੁਤ ਹੀ ਸਲੀਕੇ ਨਾਲ ਇਨ੍ਹਾਂ ਦੇ ਮਗਰ ਕਵਿਤਾ ਦੇ ਬੋਲ ਉਚਾਰੇ। ਜੋ ਪੰਜਾਬੀ ਸਕੂਲ ਦੇ ਇੰਚਾਰਜ ਪੰਜਾਬੀ ਲੇਖਕ/ਕਵੀ ਰਵਿੰਦਰ ਸਿੰਘ ਸਹਿਰਾਅ ਵਲੋਂ ਲਿਖੇ ਹੋਏ ਸਨ:

ਜੇ ਮਾਂ ਹੁੰਦੀ ਏ ਛਾਂ, ਪਿਤਾ ਹੁੰਦੇ ਰੁੱਖ ਵਰਗੇ।
ਜ਼ਿੰਦਗੀ ਦੇ ਵਿਚ ਆਉਂਦੇ, ਹਰ ਦੁੱਖ ਸੁਖ ਵਰਗੇ।
ਜੇ ਦੋਸਤ ਵਰਗਾ ਪਿਤਾ, ਸਭ ਨੂੰ ਮਿਲ ਜਾਵੇ
ਫਿਰ ਜ਼ਿੰਦਗੀ ਸਭ ਦੀ, ਫੁੱਲਾਂ ਵਾਂਗੂੰ ਖਿਲ ਜਾਵੇ।

ਸਾਰੇ ਬੱਚਿਆਂ ਨੇ ਇਕ ਆਵਾਜ਼ ਹੋ ਕੇ ਸਾਰੇ ਪਿਤਾਵਾਂ ਨੂੰ ਇਸ ਦਿਨ ਦੀ ਵਧਾਈ ਦਿੱਤੀ।




# ਈਰਾਨ-ਇਜ਼ਰਾਈਲ ਵਿਚਾਲੇ ਵੀ ਸਮਝੌਤਾ ਕਰਵਾ ਸਕਦਾ ਹਾਂ: ਟਰੰਪ



**ਨਿਊਯਾਰਕ/ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਤਵਾਰ ਦਾਅਵਾ ਨੂੰ ਕੀਤਾ ਕਿ ਉਹ ਈਰਾਨ ਤੇ ਇਜ਼ਰਾਈਲ ਵਿਚਕਾਰ ਉਸੇ ਤਰ੍ਹਾਂ ਸਮਝੌਤਾ ਕਰਵਾ ਸਕਦੇ ਹਨ, ਜਿਵੇਂ ਉਨ੍ਹਾਂ ਨੇ ਰਵਾਇਤੀ ਵਿਰੋਧੀਆਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਮਝੌਤਾ ਕਰਵਾ ਕੇ ਜੰਗ ਰੁਕਵਾ ਦਿੱਤੀ ਸੀ । ਟਰੁੱਥ ਸੋਸ਼ਲ ਮੀਡੀਆ 'ਤੇ ਇਕ ਪੋਸਟ 'ਚ ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਇਸ ਮੁੱਦੇ 'ਤੇ ਹੁਣ ਬਹੁਤ ਸਾਰੀਆਂ ਫੋਨ ਕਾਲਾਂ ਤੇ ਮੀਟਿੰਗਾਂ ਹੋ ਰਹੀਆਂ ਹਨ।

# ਟਰੰਪ ਨੇ ਖਾਮੇਨੇਈ ਨੂੰ ਮਾਰਨ ਦੀ ਇਜ਼ਰਾਇਲੀ ਯੋਜਨਾ ਨੂੰ 'ਵੀਟੋ' ਕੀਤਾ



**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਜ਼ਰਾਈਲ ਵਲੋਂ ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮੇਨੇਈ ਨੂੰ ਮਾਰਨ ਲਈ ਅਮਰੀਕਾ ਨੂੰ ਪੇਸ਼ ਕੀਤੀ ਗਈ ਯੋਜਨਾ ਨੂੰ ਰੱਦ (ਵੀਟੋ) ਕਰ ਦਿੱਤਾ ਹੈ। ਇਸ ਮਾਮਲੇ ਤੋਂ ਜਾਣੂ ਇਕ ਅਮਰੀਕੀ ਅਧਿਕਾਰੀ ਅਨੁਸਾਰ ਇਜ਼ਰਾਈਲੀਆਂ ਨੇ ਹਾਲ ਹੀ ਦੇ ਦਿਨਾਂ 'ਚ ਟਰੰਪ ਪ੍ਰਸ਼ਾਸਨ ਨੂੰ ਸੂਚਿਤ ਕੀਤਾ ਕਿ ਉਨ੍ਹਾਂ ਨੇ ਖਾਮੇਨੇਈ ਨੂੰ ਮਾਰਨ ਲਈ ਇਕ ਭਰੋਸੇਯੋਗ ਯੋਜਨਾ ਤਿਆਰ ਕੀਤੀ ਸੀ। ਯੋਜਨਾ ਬਾਰੇ ਜਾਣਕਾਰੀ ਦਿੱਤੇ ਜਾਣ ਤੋਂ ਬਾਅਦ ਵਾਈਟ ਹਾਊਸ ਨੇ ਇਜ਼ਰਾਈਲੀ ਅਧਿਕਾਰੀਆਂ ਨੂੰ ਸਪੱਸ਼ਟ ਕਰ ਦਿੱਤਾ ਕਿ ਟਰੰਪ ਇਜ਼ਰਾਈਲੀਆਂ ਵਲੋਂ ਇਹ ਕਦਮ ਚੁੱਕਣ ਦੇ ਵਿਰੁੱਧ ਹਨ।

# ਸਕੂਲ ਜਾਣ ਤੋਂ ਵਾਂਝੇ ਹਨ ਦੁਨੀਆ ਭਰ ਦੇ 27 ਕਰੋੜ ਤੋਂ ਵੱਧ ਬੱਚੇ

**ਨਵੀਂ ਦਿੱਲੀ:** ਯੂਨੈਸਕੋ ਦੀ ਗਲੋਬਲ ਐਜੂਕੇਸ਼ਨ ਮਾਨੀਟਰਿੰਗ ਟੀਮ (ਜੀ.ਈ.ਐਮ.) ਦੇ ਅਨੁਸਾਰ ਦੁਨੀਆ ਭਰ 'ਚ 27.2 ਕਰੋੜ ਬੱਚੇ ਸਕੂਲ ਨਹੀਂ ਜਾ ਪਾ ਰਹੇ ਹਨ। ਇਹ ਅੰਕੜੇ। ਅੰਕੜੇ ਪਿਛਲੇ ਅੰਦਾਜ਼ੇ ਨਾਲੋਂ ਲਗਭਗ 2 ਕਰੋੜ, ਤੋਂ ਵੱਧ ਹਨ।

ਟੀਮ ਨੇ ਆਪਣੀ ਤਾਜ਼ਾ ਰਿਪੋਰਟ 'ਚ

**ਰਪੋਰਟ 'ਚ ਇਹ ਵੀ ਨੋਟ ਕੀਤਾ ਗਿਆ ਕਿ ਸਕੂਲ ਨਾ ਜਾਣ ਵਾਲੇ ਬੱਚਿਆਂ ਦੀ ਗਿਣਤੀ ਦਾ ਸੁਭਾਵਿਕ ਘੱਟ ਅੰਦਾਜ਼ਾ ਲਗਾਇਆ ਗਿਆ ਹੈ, ਕਿਉਂਕਿ ਦੇਸ਼ਾਂ ਵਿਚਕਾਰ ਚੱਲ ਰਹੇ ਟਕਰਾਵਾਂ ਦੇ ਮੱਦੇਨਜ਼ਰ ਡਾਟਾ ਸੰਗ੍ਰਹਿ 'ਚ ਰੁਕਾਵਟ ਆਉਂਦੀਆਂ ਹਨ।**

ਦੱਸਿਆ ਹੈ ਕਿ 2025 ਤੱਕ ਦੇਸ਼ ਆਪਣੇ ਕਾਫੀ ਰਾਸ਼ਟਰੀ ਟੀਚਿਆਂ ਤੋਂ ਪਛੜ ਜਾਣਗੇ। ਇਸਦੇ ਵੀ 2 ਕਾਰਨ ਹਨ।

ਪਹਿਲਾ ਨਵਾਂ ਦਾਖਲਾ ਤੇ ਹਾਜ਼ਰੀ ਡੇਟਾ 'ਚ ਕਮੀ ਹੈ। 2021 'ਚ ਅਫਗਾਨਿਸਤਾਨ 'ਚ ਸੈਕੰਡਰੀ ਸਕੂਲ ਦੀ ਉਮਰ ਦੀਆਂ ਕੁੜੀਆਂ 'ਤੇ ਪਾਬੰਦੀ ਵੀ ਇਸ ਵਾਧੇ 'ਚ ਯੋਗਦਾਨ ਪਾਉਂਦੀ ਹੈ। ਦੂਜਾ, ਸਕੂਲ ਨਾ -ਜਾਣ ਵਾਲੇ ਬੱਚਿਆਂ ਦੀ ਗਿਣਤੀ 'ਚ ਵਾਧੇ ਦਾ ਕਾਰਨ ਸੰਯੁਕਤ ਰਾਸ਼ਟਰ ਦੇ ਨਵੀਨਤਮ ਆਬਾਦੀ ਅਨੁਮਾਨਾਂ 'ਚ ਵਾਧਾ ਹੈ, ਜਿਸ ਨਾਲ ਅਜਿਹੇ ਬੱਚਿਆਂ ਦੀ ਗਿਣਤੀ 'ਚ 1.3 ਕਰੋੜ ਦਾ ਵਾਧਾ ਹੋਇਆ ਹੈ। ਰਿਪੋਰਟ 'ਚ ਇਹ ਵੀ ਨੋਟ ਕੀਤਾ ਗਿਆ ਕਿ ਸਕੂਲ ਨਾ ਜਾਣ ਵਾਲੇ ਬੱਚਿਆਂ ਦੀ ਗਿਣਤੀ ਦਾ ਸੁਭਾਵਿਕ ਘੱਟ ਅੰਦਾਜ਼ਾ ਲਗਾਇਆ ਗਿਆ ਹੈ, ਕਿਉਂਕਿ ਦੇਸ਼ਾਂ ਵਿਚਕਾਰ ਚੱਲ ਰਹੇ ਟਕਰਾਵਾਂ ਦੇ ਮੱਦੇਨਜ਼ਰ ਡਾਟਾ ਸੰਗ੍ਰਹਿ 'ਚ ਰੁਕਾਵਟ ਆਉਂਦੀਆਂ ਹਨ ਵਿਸ਼ਵਵਿਆਪੀ ਆਬਾਦੀ ਅਨੁਮਾਨਾਂ 'ਚ ਤਬਦੀਲੀ ਵੀ ਸਕੂਲ ਨਾ ਜਾਣ ਵਾਲੀ ਦਰ ਤੇ ਬੱਚਿਆਂ ਦੀ ਗਿਣਤੀ ਦੇ ਅਨੁਮਾਨਾਂ ਨੂੰ ਪ੍ਰਭਾਵਿਤ ਕਰਦੀ ਹੈ ਪਰ ਉਸ ਪ੍ਰਭਾਵ ਦੀ ਤੀਬਰਤਾ ਦਾਖਲੇ ਤੇ ਹਾਜ਼ਰੀ ਦੇ ਡਾਟਾ ਦੇ ਸਰੋਤ 'ਤੇ ਨਿਰਭਰ ਕਰਦੀ ਹੈ। ਕੁੱਲ ਮਿਲਾ ਕੇ, ਪ੍ਰਾਇਮਰੀ ਸਕੂਲ-ਉਮਰ ਦੇ ਲਗਭਗ 11 ਫ਼ੀਸਦੀ ਬੱਚੇ (7.8 ਕਰੋੜ), ਹੇਠਲੇ ਸੈਕੰਡਰੀ ਸਕੂਲ- ਉਮਰ ਦੇ 15 ਫ਼ੀਸਦੀ ਕਿਸ਼ੋਰ (6.4 ਕਰੋੜ) ਤੇ ਉੱਚ ਸੈਕੰਡਰੀ ਸਕੂਲ- ਉਮਰ ਦੇ 31 ਫ਼ੀਸਦੀ ਨੌਜਵਾਨ (13 ਕਰੋੜ) ਸਕੂਲ ਨਹੀਂ ਜਾ ਰਹੇ ਹਨ। ਮਾਡਲ ਨੇ ਖੇਤਰੀ ਤੇ ਕੌਮਾਂਤਰੀ ਔਸਤ ਦੇ ਅੰਦਰੂਨੀ ਤੌਰ 'ਤੇ ਇਕਸਾਰ ਰੁਝਾਨ ਪੈਦਾ ਕਰਨ ਲਈ ਕਈ ਡਾਟਾ ਸਰੋਤਾਂ (ਪ੍ਰਸ਼ਾਸਕੀ, ਸਰਵੇਖਣ ਅਤੇ ਜਨਗਣਨਾ) ਦੀ ਵਰਤੋਂ ਕੀਤੀ।



# ਟਰੰਪ ਨੇ ਫਾਰਮਾਂ, ਹੋਟਲਾਂ ਅਤੇ ਰੈਸਟੋਰੈਂਟਾਂ 'ਚ ਇੰਮੀਗ੍ਰੇਸ਼ਨ ਗ੍ਰਿਫਤਾਰੀਆਂ ਰੋਕਣ ਦਾ ਦਿੱਤਾ ਆਦੇਸ਼

**ਸਾਨ ਫਰਾਂਸਿਸਕੋ:** ਇੰਮੀਗ੍ਰੇਸ਼ਨ ਤੇ ਤੇ ਕਸਟਮ 1 ਇਨਫੋਰਸਮੈਂਟ (ਆਈਸ) ਦੇ ਸਤਾਏ ਲੋਕਾਂ ਲਈ ਇਹ ਬੜੀ ਰਾਹਤ ਭਰੀ ਖਬਰ ਹੈ ਕਿ ਟਰੰਪ ਪ੍ਰਸਾਸ਼ਨ ਨੇ ਫਾਰਮਾਂ, ਰੈਸਟੋਰੈਂਟ ਤੇ ਹੋਟਲਾਂ 'ਚ ਗ੍ਰਿਫਤਾਰੀਆਂ ਰੋਕਣ ਦੇ ਨਿਰਦੇਸ਼ ਦਿੱਤੇ ਹਨ, ਰਾਸ਼ਟਰਪਤੀ ਦੀ ਗੈਰ-ਕਾਨੂੰਨੀ । ਇੰਮੀਗ੍ਰੇਸ਼ਨ 'ਤੇ ਕਾਰਵਾਈ ਮੁੱਖ ਉਦਯੋਗਾਂ ਨੂੰ ਨੁਕਸਾਨ ਪਹੁੰਚਾ ਰਹੀ ਹੈ। ਵਰਕਸਾਈਟ ਇਮੀਗ੍ਰੇਸ਼ਨ ਇਨਫੋਰਸਮੈਂਟ ਆਪ੍ਰੇਸ਼ਨਾਂ 'ਤੇ ਰੋਕ ਖੇਤੀਬਾੜੀ, ਪ੍ਰਾਹੁਣਚਾਰੀ ਤੇ ਰੈਸਟੋਰੈਂਟ ਉਦਯੋਗਾਂ 'ਤੇ ਲਾਗੂ ਹੁੰਦੀ ਹੈ, ਜੋਕਿ ਪ੍ਰਵਾਸੀਆਂ ਤੋਂ ਮਜ਼ਦੂਰੀ 'ਤੇ ਵੱਡੇ ਪੱਧਰ 'ਤੇ ਨਿਰਭਰ ਕਰਦੇ ਹਨ, ਜਿਨ੍ਹਾਂ 'ਚੋਂ ਬਹੁਤ ਸਾਰੇ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ 'ਚ ਹਨ। ਸੂਤਰਾਂ ਨੇ ਅੰਦਰੂਨੀ ਕਾਰਵਾਈਆਂ, 'ਤੇ ਚਰਚਾ ਕਰਨ ਲਈ ਨਾਮ ਗੁਪਤ ਰੱਖਣ ਦੀ ਬੇਨਤੀ ਕੀਤੀ ਇਹ ਟਰੰਪ ਪ੍ਰਸ਼ਾਸਨ ਲਈ ਮਹੱਤਵਪੂਰਨ ਮੋੜ ਵੀ ਹੈ, ਜਿਸ ਨੇ ਦੇਸ਼ 'ਚ ਰਹਿ ਰਹੇ ਲੱਖਾਂ ਪ੍ਰਵਾਸੀਆਂ ਨੂੰ ਬਿਨਾਂ ਕਾਨੂੰਨੀ ਸਥਿਤੀ ਦੇ ਦੇਸ਼ ਨਿਕਾਲਾ ਦੇਣ ਦਾ ਵਾਅਦਾ ਕੀਤਾ ਹੈ ਭਾਵੇਂ ਇੰਮੀਗੇਸ਼ਨ ਤੇ ਉਨ੍ਹਾਂ ਦਾ ਅਪਰਾਧਿਕ ਇਤਿਹਾਸ ਹੋਵੇ ਜਾਂ ਨਾ ਤੇ ਇਹ ਅਮਰੀਕਾ ਭਰ 'ਚ ਇੰਮੀਗ੍ਰੇਸ਼ਨ ਗ੍ਰਿਫਤਾਰੀਆਂ 'ਚ ਇਕ ਵਿਸ਼ਾਲ ਵਿਸਥਾਰ ਦੇ ਵਿਚਕਾਰ ਆਇਆ ਹੈ, ਜਿਸ ਨੇ ਲਾਸ ਏਂਜਲਸ ਸਮੇਤ ਪ੍ਰਮੁੱਖ ਅਮਰੀਕੀ ਸ਼ਹਿਰਾਂ 'ਚ ਆਈਸ ਦੀਆਂ ਗਤੀਵਿਧੀਆਂ ਵਿਰੁੱਧ ਵਿਰੋਧ ਪ੍ਰਦਰਸ਼ਨ ਕੀਤੇ।

ਆਈਸ ਲਾਗੂ ਕਰਨ ਨੂੰ ਸੀਮਤ ਕਰਨ ਦੇ ਅਚਾਨਕ ਫੈਸਲੇ ਬਾਰੇ ਪੁੱਛੇ ਜਾਣ 'ਤੇ ਇੱਕ ਸਰੋਤ ਨੇ ਕਿਹਾ ਕਿ ਰਾਸ਼ਟਰਪਤੀ ਏਜੰਸੀ ਦੇ ਕਾਰਜਾਂ ਦੇ ਪੈਮਾਨੇ ਤੋਂ ਅਣਜਾਣ ਸਨ। ਟਰੰਪ ਨੇ ਆਪਣੇ ਆਦੇਸ਼ ਵਿਚ ਕਿਹਾ ਹੈ ਕਿ ਅਸੀਂ ਕਿਸਾਨਾਂ ਨੂੰ ਆਪਣੇ ਨਾਲ ਨਹੀਂ ਜੋੜ ਸਕਦੇ ਤੇ ਨਾ ਹੀ ਉਨ੍ਹਾਂ ਦੇ ਸਾਰੇ ਲੋਕਾਂ ਨੂੰ ਵਾਪਸ ਨਹੀਂ ਭੇਜ ਸਕਦੇ। ਇਸ ਕਦਮ ਬਾਰੇ ਪੁੱਛੇ ਜਾਣ 'ਤੇ, ਹੋਮਲੈਂਡ ਸਕਿਓਰਿਟੀ ਵਿਭਾਗ ਦੀ ਬੁਲਾਰਨ ਟ੍ਰਿਸੀਆ ਮੈਕਲਾਫਲਿਨ ਨੇ ਕਿਹਾ ਕਿ ਅਸੀਂ ਰਾਸ਼ਟਰਪਤੀ ਦੇ ਨਿਰਦੇਸ਼ਾਂ ਦੀ ਪਾਲਣਾ ਕਰਾਂਗੇ ਤੇ ਅਮਰੀਕਾ। ਦੀਆਂ ਸੜਕਾਂ ਤੋਂ ਸਭ ਤੋਂ ਭੈੜੇ ਅਪਰਾਧੀ ਗੈਰ-ਕਾਨੂੰਨੀ ਪਰਦੇਸੀਆਂ ਨੂੰ ਹਟਾਉਣ ਲਈ ਕੰਮ ਕਰਨਾ ਜਾਰੀ ਰੱਖਾਂਗੇ । ਹਾਲ ਹੀ ਦੇ ਹਫ਼ਤਿਆਂ ਵਿਚ ਆਈਸ ਦੀਆਂ ਗ੍ਰਿਫ਼ਤਾਰੀਆਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ ਤੇ ਵਧੇਰੇ ਹਮਲਾਵਰ ਰਣਨੀਤੀਆਂ ਅਪਣਾਈਆਂ ਹਨ, ਜਿਸ ਵਿਚ ਪ੍ਰਵਾਸੀਆਂ ਤੇ ਸ਼ਰਨ ਮੰਗਣ ਵਾਲਿਆਂ ਨੂੰ ਉਨ੍ਹਾਂ ਦੀਆਂ ਅਦਾਲਤੀ ਸੁਣਵਾਈਆਂ ਤੇ ਚੈੱਕ-ਇੰਨ ਮੁਲਾਕਾਤਾਂ ਵਿਚ ਸ਼ਾਮਿਲ ਹੋਣ ਲਈ ਗ੍ਰਿਫਤਾਰ ਕਰਨ ਦੀਆਂ ਕੋਸ਼ਿਸ਼ਾਂ ਸ਼ਾਮਿਲ ਹਨ। ਇਸ ਮਹੀਨੇ ਵਿਚ ਹੁਣ ਤੱਕ ਆਈਸ ਨੇ ਔਸਤਨ ਹਰ ਰੋਜ਼ 1,300 ਤੋਂ ਵੱਧ ਗ੍ਰਿਫ਼ਤਾਰੀਆਂ ਕੀਤੀਆਂ ਹਨ, ਜੋਕਿ ਰਾਸ਼ਟਰਪਤੀ ਟਰੰਪ ਦੇ ਕਾਰਜਕਾਲ ਦੇ ਪਹਿਲੇ 100 ਦਿਨਾਂ ਤੋਂ 100 ਫੀਸਦੀ ਤੋਂ ਵੱਧ ਹੈ, ਜਦੋਂ ਏਜੰਸੀ ਨੇ 660 ਰੋਜ਼ਾਨਾ ਗ੍ਰਿਫ਼ਤਾਰੀ ਦਰ ਦਰਜ ਕੀਤੀ ਸੀ । ਆਈਸ ਦੇਸ਼ ਭਰ ਵਿਚ 56,000 ਤੋਂ ਵੱਧ ਲੋਕਾਂ ਨੂੰ ਨਜ਼ਰਬੰਦੀ ਵਿਚ ਰੱਖ ਰਿਹਾ ਸੀ, ਜੋਕਿ ਇਕ ਰਿਕਾਰਡ ਹੈ।



# ਭਾਈ ਅੰਮ੍ਰਿਤਪਾਲ ਸਿੰਘ ਮਹਿਰੋਂ ਦੁਬਈ ਭੱਜਿਆ

**ਬਠਿੰਡਾ:** ਇੰਸਟਾਗ੍ਰਾਮ 'ਤੇ ਮਸ਼ਹੂਰ ਕੰਚਨ ਕੁਮਾਰੀ ਉਰਫ਼ ਕਮਲ ਭਾਬੀ ਵਾਸੀ ਲੁਧਿਆਣਾ ਦੀ ਹੱਤਿਆ ਮਾਮਲੇ 'ਚ ਨਾਮਜ਼ਦ ਭਾਈ ਅੰਮ੍ਰਿਤਪਾਲ ਸਿੰਘ ਮਹਿਰੋਂ ਆਪਣੀ ਗ੍ਰਿਫ਼ਤਾਰੀ ਦੇ ਡਰੋਂ ਵਿਦੇਸ਼ ਭੱਜ ਗਿਆ ਹੈ, ਜਿਸ ਦਾ ਖ਼ੁਲਾਸਾ ਬਠਿੰਡਾ ਦੇ ਐੱਸ.ਐੱਸ.ਪੀ. ਅਮਨੀਤ ਕੌਂਡਲ ਨੇ ਇਸ ਸੰਬੰਧੀ ਪ੍ਰੈੱਸ ਕਾਨਫਰੰਸ ਕਰਕੇ ਕੀਤਾ। ਇਸ ਤੋਂ ਇਲਾਵਾ ਪੁਲਿਸ ਨੇ ਇਸ ਮਾਮਲੇ 'ਚ ਦੋ ਹੋਰ ਵਿਅਕਤੀਆਂ ਨੂੰ ਨਾਮਜ਼ਦ ਅਤੇ ਮੁਕੱਦਮੇ 'ਚ ਕੁਝ ਹੋਰ ਧਾਰਾਵਾਂ ਦਾ ਵਾਧਾ ਕੀਤਾ ਹੈ, ਜਦਕਿ ਇਸ ਮਾਮਲੇ 'ਚ ਗ੍ਰਿਫ਼ਤਾਰ ਕੀਤੇ ਗਏ ਭਾਈ ਮਹਿਰੋਂ ਦੇ ਸਾਥੀ ਜਸਪ੍ਰੀਤ ਸਿੰਘ ਅਤੇ ਨਿਮਰਤਜੀਤ ਸਿੰਘ ਦਾ ਪੁਲਿਸ ਨੂੰ ਤਿੰਨ ਦਿਨਾਂ ਦਾ ਹੋਰ ਰਿਮਾਂਡ ਮਿਲਿਆ ਹੈ। ਐੱਸ.ਐੱਸ.ਪੀ. ਨੇ ਦੱਸਿਆ ਕਿ ਮਾਮਲੇ ਦੀ ਜਾਂਚ ਦੌਰਾਨ ਸਾਹਮਣੇ ਆਇਆ ਕਿ ਕੰਚਨ ਕੁਮਾਰੀ ਦੀ ਹੱਤਿਆ ਕਰਨ ਸਮੇਂ ਭਾਈ ਅੰਮ੍ਰਿਤਪਾਲ ਸਿੰਘ ਮਹਿਰੋਂ ਆਪਣੇ ਸਾਥੀ ਜਸਪ੍ਰੀਤ ਸਿੰਘ ਅਤੇ ਨਿਮਰਤਜੀਤ ਸਿੰਘ ਨਾਲ ਮੌਜੂਦ ਸੀ, ਜੋ ਵਾਰਦਾਤ ਨੂੰ ਅੰਜਾਮ ਦੇਣ ਦੇ ਤੁਰੰਤ ਬਾਅਦ ਰਾਤ ਨੂੰ ਹੀ ਅੰਮ੍ਰਿਤਸਰ ਚਲਾ ਗਿਆ ਸੀ ਤੇ ਉੱਥੋਂ ਸਵੇਰੇ 9 ਵਜੇ ਇਕ ਜਹਾਜ਼ ਰਾਹੀਂ ਯੂਨਾਈਟਿਡ ਅਰਬ ਅਮੀਰਾਤ (ਯੂ.ਏ.ਈ.) ਚਲਾ ਗਿਆ । ਉਨ੍ਹਾਂ ਕਿਹਾ ਕਿ ਉਸ ਦੇ ਵਿਦੇਸ਼ ਭੱਜਣ ਦੇ ਖ਼ਦਸ਼ੇ ਨੂੰ ਦੇਖਦਿਆਂ ਬੀਤੇ ਕੱਲ੍ਹ ਹੀ ਬਠਿੰਡਾ ਪੁਲਿਸ ਨੇ ਉਸ ਦਾ ਲੁੱਕਆਊਟ ਸਰਕੂਲਰ ਜਾਰੀ ਕੀਤਾ ਸੀ ਤੇ ਜਦੋਂ ਉਸ ਦਾ ਪਾਸਪੋਰਟ ਨੰਬਰ ਹਾਸਿਲ ਕਰਕੇ ਉਸ ਦੀ ਯਾਤਰਾ ਸਥਿਤੀ (ਟ੍ਰੈਵਲ ਹਿਸਟਰੀ) ਪਤਾ ਕੀਤੀ ਗਈ ਤਾਂ ਉਸ ਦੇ ਯੂਨਾਈਟਿਡ ਅਰਬ ਅਮੀਰਾਤ ਚਲੇ ਜਾਣ ਬਾਰੇ ਪਤਾ ਲੱਗਿਆ। ਉਨ੍ਹਾਂ ਦੱਸਿਆ ਕਿ ਕੰਚਨ ਕੁਮਾਰੀ ਕਤਲ ਮਾਮਲੇ 'ਚ ਗ੍ਰਿਫ਼ਤਾਰ ਜਸਪ੍ਰੀਤ ਸਿੰਘ ਮਹਿਰੋਂ ਅਤੇ ਨਿਮਰਤਜੀਤ ਸਿੰਘ ਹਰੀਕੇ ਪੱਤਣ ਨੇ ਪੁਲਿਸ ਰਿਮਾਂਡ ਦੌਰਾਨ ਮੰਨਿਆ ਕਿ ਭਾਈ ਅੰਮ੍ਰਿਤਪਾਲ ਸਿੰਘ ਮਹਿਰੋਂ ਵਲੋਂ ਕੰਚਨ ਕੁਮਾਰੀ ਦੀ ਹੱਤਿਆ ਕਰਨ ਦੀ ਪਿਛਲੇ ਤਿੰਨ ਮਹੀਨਿਆਂ ਤੋਂ ਯੋਜਨਾ ਬਣਾਈ ਜਾ ਰਹੀ ਸੀ ਤੇ ਉਸ ਨੂੰ ਲੁਧਿਆਣਾ ਤੋਂ ਬਠਿੰਡਾ ਲਿਆਉਣ ਉਪਰੰਤ ਉਸ ਦੀ ਹੱਤਿਆ ਕਰਨ ਸਮੇਂ ਤੱਕ ਭਾਈ ਮਹਿਰੋਂ ਉਨ੍ਹਾਂ ਦੇ ਨਾਲ ਮੌਜੂਦ ਸੀ ਤੇ ਉਸ ਦੇ ਕਹਿਣ 'ਤੇ ਉਨ੍ਹਾਂ ਨੇ ਕੱਪੜੇ ਨਾਲ ਕੰਚਨ ਦਾ ਉਸ ਦੀ ਗੱਡੀ 'ਚ ਗਲਾ ਘੁੱਟ ਕੇ ਮਾਰ ਦਿੱਤਾ ਸੀ, ਜਦਕਿ ਉਸ ਤੋਂ ਪਹਿਲਾਂ ਕੰਚਨ ਵਲੋਂ ਆਪਣਾ ਆਈ ਫੋਨ ਅਤੇ ਟੱਚ ਸਕਰੀਨ ਫੋਨ ਦਾ ਪਾਸਵਰਡ ਨਾ ਦੱਸਣ 'ਤੇ ਕੁੱਟਮਾਰ ਕਰਕੇ ਉਸ ਦੇ ਦੋਵੇਂ ਫੋਨ ਖੋਹੇ ਗਏ। ਉਨ੍ਹਾਂ ਦੱਸਿਆ ਕਿ ਘਟਨਾ ਨੂੰ ਅੰਜਾਮ ਦੇਣ ਸਮੇਂ ਉਨ੍ਹਾਂ ਦੇ ਨਾਲ ਦੋ ਹੋਰ ਕਾਰ ਸਵਾਰ ਵਿਅਕਤੀ ਵੀ ਮੌਜੂਦ ਸਨ, ਜਿਨ੍ਹਾਂ 'ਚੋਂ ਇਕ ਦੀ ਪਹਿਚਾਣ ਰਣਜੀਤ ਸਿੰਘ ਵਾਸੀ ਪਿੰਡ ਸੋਹਲ (ਤਰਨ ਤਾਰਨ) ਵਜੋਂ ਹੋਈ ਹੈ, ਜਦਕਿ ਦੂਜੇ ਵਿਅਕਤੀ ਅਤੇ ਉਨ੍ਹਾਂ ਦੀ ਗੱਡੀ ਦੀ ਸ਼ਨਾਖ਼ਤ ਕੀਤੀ ਜਾ ਰਹੀ ਹੈ। ਐੱਸ।ਐੱਸ।ਪੀ। ਨੇ ਦੱਸਿਆ ਕਿ ਉਕਤ ਰਣਜੀਤ ਸਿੰਘ ਤੇ ਨਾਮਾਲੂਮ ਵਿਅਕਤੀ ਨੂੰ ਕੰਚਨ ਕੁਮਾਰੀ ਹੱਤਿਆ ਮਾਮਲੇ ਸੰਬੰਧੀ ਥਾਣਾ ਕੈਂਟ 'ਚ ਦਰਜ ਮੁਕੱਦਮੇ 'ਚ ਨਾਮਜ਼ਦ ਕਰ ਦਿੱਤਾ ਹੈ ਤੇ ਮੁਕੱਦਮੇ 'ਚ ਕੁਝ ਹੋਰ ਧਾਰਾਵਾਂ ਦਾ ਵੀ ਵਾਧਾ ਕੀਤਾ ਹੈ।

## ਕਮਲ ਭਾਬੀ ਕਤਲ ਮਾਮਲੇ 'ਚ ਦੋ ਹੋਰ ਨਾਮਜ਼ਦ





# ਦੀਪਿਕਾ ਲੂਥਰਾ ਨੂੰ ਫਿਰ ਆਈ ਈਮੇਲ 'ਤੇ ਧਮਕੀ

ਦੀਪਿਕਾ ਲੂਥਰਾ ਦੇ ਬਿਆਨਾਂ 'ਤੇ ਅੰਮ੍ਰਿਤਪਾਲ ਸਿੰਘ ਮਹਿਰੋਂ ਖ਼ਿਲਾਫ਼ ਕੇਸ ਦਰਜ ਕੀਤੇ ਜਾਣ ਤੋਂ ਬਾਅਦ ਦੀਪਿਕਾ ਨੂੰ ਈਮੇਲ 'ਤੇ ਮੁੜ ਧਮਕੀ ਆਈ ਹੈ, ਜਿਸ ਬਾਰੇ ਜਾਣਕਾਰੀ ਦਿੰਦੇ ਹੋਏ ਦੀਪਿਕਾ ਲੂਥਰਾ ਨੇ ਦੱਸਿਆ ਕਿ ਇਹ ਧਮਕੀ ਉਸ ਨੂੰ ਕਥਿਤ ਤੌਰ 'ਤੇ ਬੱਬਰ ਖ਼ਾਲਸਾ ਇੰਟਰਨੈਸ਼ਨਲ ਜਥੇਬੰਦੀ ਵਲੋਂ ਦਿੱਤੀ ਗਈ ਹੈ। ਉਸ ਨੇ ਦੱਸਿਆ ਕਿ ਉਸ ਨੂੰ ਧਮਕੀਆਂ ਮਿਲੀਆਂ ਹਨ, ਜਿੰਨੀ ਮਰਜ਼ੀ ਸੁਰੱਖਿਆ ਲੈ ਲਓ, ਤੇਰੀ ਜਾਨ ਨਹੀਂ ਛੁੱਟਣੀ। ਤੇਰੀਆਂ ਮੁੜ ਵੀਡੀਓ ਪੈ ਰਹੀਆਂ ਹਨ। ਅਤੇ ਤੇਰਾ ਪਤਾ ਮਿਲ ਗਿਆ ਹੈ।



ਪੰਜਾਬ ਟਾਈਮਜ਼

*21 ਜੂਨ, ਸ਼ਨਿਚਰਵਾਰ*

# ਟਰੰਪ ਅਤੇ ਮਸਕ ਦਾ ਤਕਰਾਰ

*ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਦੇ ਰਾਸ਼ਟਰਪਤੀ ਤੋਂ ਜਿਸ ਤਰ੍ਹਾਂ ਦੀ ਸਿਆਣਪ, ਗੰਭੀਰਤਾ ਅਤੇ ਪ੍ਰੌੜ੍ਹਤਾ ਦੀ ਆਸ ਕੀਤੀ ਜਾਂਦੀ ਹੈ, ਡੋਨਲਡ ਟਰੰਪ ਦੇ ਨਿੱਤ ਦਿਨ ਨਵੇਂ ਤੋਂ ਨਵੇਂ ਬਿਆਨ ਇਸ ਦੀ ਗਵਾਹੀ ਨਹੀਂ ਭਰਦੇ। ਇਨ੍ਹਾਂ ਬਿਆਨਾਂ ਦੀ ਨਾ ਸਿਰਫ਼ ਬਹੁਤੇ ਲੋਕਾਂ ਵਲੋਂ ਆਲੋਚਨਾ ਹੀ ਹੋ ਰਹੀ ਹੈ, ਸਗੋਂ ਇਨ੍ਹਾਂ ਨਾਲ ਵੱਡਾ ਵਿਵਾਦ ਵੀ ਛਿੜਿਆ ਨਜ਼ਰ ਆਉਂਦਾ ਹੈ। ਡੋਨਲਡ ਟਰੰਪ ਅਮਰੀਕਾ ਦਾ ਰਾਸ਼ਟਰਪਤੀ ਹੈ ਅਤੇ ਐਲਨ ਮਸਕ ਦੁਨੀਆ ਦਾ ਸਭ ਤੋਂ ਅਮੀਰ ਵਿਅਕਤੀ ਹੈ। ਇਸ ਵਾਰ ਹੋਈਆਂ ਰਾਸ਼ਟਰਪਤੀ ਚੋਣਾਂ ਵਿਚ ਮਸਕ ਨੇ ਟਰੰਪ ਅਤੇ ਉਸ ਦੀ ਰਿਪਬਲਿਕਨ ਪਾਰਟੀ ਦੀ ਡਟ ਕੇ ਮਦਦ ਕੀਤੀ, ਜਿਸ ਦੀ ਚਰਚਾ ਵੱਡੀ ਪੱਧਰ 'ਤੇ ਹੋਈ ਸੀ। ਇੱਥੇ ਹੀ ਨਹੀਂ, ਉਸ ਨੇ ਚੋਣ ਲੜ ਰਹੇ ਟਰੰਪ ਅਤੇ ਹੋਰ ਰਿਪਬਲਿਕਨ ਉਮੀਦਵਾਰਾਂ ਦੀ ਮਦਦ ਲਈ 300 ਮਿਲੀਅਨ ਡਾਲਰ (ਲਗਭਗ 26 ਅਰਬ ਰੁਪਏ) ਦੀ ਰਾਸ਼ੀ ਵੀ ਖ਼ਰਚ ਕੀਤੀ ਸੀ। ਟਰੰਪ ਚੋਣ ਜਿੱਤ ਕੇ ਅਮਰੀਕਾ ਵਰਗੇ ਦੇਸ਼ ਦੇ 47ਵੇਂ ਰਾਸ਼ਟਰਪਤੀ ਬਣ ਗਏ। ਰਾਸ਼ਟਰਪਤੀ ਬਣਦਿਆਂ ਹੀ ਉਨ੍ਹਾਂ ਨੇ ਮਸਕ ਨੂੰ ਸਰਕਾਰੀ ਤੌਰ 'ਤੇ ਅਜਿਹਾ ਵਿਭਾਗ ਸੌਂਪਿਆ, ਜਿਸ ਦਾ ਕੰਮ ਸਰਕਾਰੀ ਪੱਧਰ 'ਤੇ ਹੁੰਦੀ ਹਰ ਤਰ੍ਹਾਂ ਦੀ ਫਜ਼ੂਲ ਖ਼ਰਚੀ ਨੂੰ ਰੋਕਣਾ ਸੀ। ਇਸ ਵਿਚ ਦੁਨੀਆ ਭਰ ਅਮਰੀਕਾ ਦੀਆਂ ਜੋ ਮਾਨਵਵਾਦੀ ਯੋਜਨਾਵਾਂ ਚੱਲ ਰਹੀਆਂ ਹਨ, ਜਿਸ ਵਿਚ ਸੰਯੁਕਤ ਰਾਸ਼ਟਰ ਵਲੋਂ ਅਪਣਾਈਆਂ ਯੋਜਨਾਵਾਂ ਵੀ ਸ਼ਾਮਿਲ ਹਨ, ਦੇ ਖ਼ਰਚਾਂ ਵਿਚ ਕਟੌਤੀ ਕਰਨਾ ਵੀ ਸ਼ਾਮਿਲ ਸੀ।*

*ਮਸਕ ਨੇ ਕੌਮਾਂਤਰੀ ਵਾਤਾਵਰਨ ਦੀਆਂ ਸਮੱਸਿਆਵਾਂ ਨਾਲ ਸੰਬੰਧਿਤ ਵੱਡੀਆਂ ਯੋਜਨਾਵਾਂ ਅਤੇ ਸੰਯੁਕਤ ਰਾਸ਼ਟਰ ਰਾਹੀਂ ਲੋੜਵੰਦ ਅਤੇ ਗਰੀਬ ਮੁਲਕਾਂ ਦੇ ਬੱਚਿਆਂ ਅਤੇ ਔਰਤਾਂ ਦੀ ਭਲਾਈ ਲਈ ਚਲਾਈਆਂ ਯੋਜਨਾਵਾਂ 'ਤੇ ਕੀਤੇ ਜਾਂਦੇ ਖ਼ਰਚਿਆਂ ਲਈ ਅਮਰੀਕਾ ਵਲੋਂ ਦਿੱਤੀ ਜਾਂਦੀ ਵਿੱਤੀ ਸਹਾਇਤਾ ਇਕ ਤਰ੍ਹਾਂ ਨਾਲ ਬੰਦ ਹੀ ਕਰ ਦਿੱਤੀ। ਵੱਡੀ ਪੱਧਰ 'ਤੇ ਸਰਕਾਰੀ ਦਫ਼ਤਰਾਂ 'ਚੋਂ ਮੁਲਾਜ਼ਮਾਂ ਦੀਆਂ ਕੀਤੀਆਂ ਗਈਆਂ ਛਾਂਟੀਆਂ ਨਾਲ ਇਕ ਤਰ੍ਹਾਂ ਨਾਲ ਹਫੜਾ-ਦਫੜੀ ਮਚ ਗਈ। ਪਿਛਲੇ ਦਿਨੀਂ ਟਰੰਪ ਪ੍ਰਸ਼ਾਸਨ ਵਲੋਂ ਟੈਕਸਾਂ ਸੰਬੰਧੀ ਤਿਆਰ ਕੀਤੇ ਗਏ ਨਵੇਂ ਮਸੌਦੇ ਨੂੰ ਲੈ ਕੇ ਟਰੰਪ 'ਤੇ ਮਸਕ ਵਿਚਕਾਰ ਮਤਭੇਦ ਪੈਦਾ ਹੋ ਗਏ, ਜਿਨ੍ਹਾਂ ਨੇ ਵੱਡੇ ਤਕਰਾਰ ਦਾ ਰੂਪ ਧਾਰਨ ਕਰ ਲਿਆ।*

*ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਬਹੁਤੀ ਸ਼ਕਤੀ ਅਤੇ ਬਹੁਤਾ ਪੈਸਾ ਵਿਅਕਤੀ ਦੇ ਸਿਰ ਨੂੰ ਚੜ੍ਹ ਜਾਂਦਾ ਹੈ, ਇਨ੍ਹਾਂ ਦੋਹਾਂ ਦੇ ਚਰਿੱਤਰ ਤੋਂ ਇਹ ਗੱਲ ਵਿਸ਼ੇਸ਼ ਰੂਪ ਵਿਚ ਝਲਕਦੀ ਹੈ। ਦੋਹਾਂ ਵਿਚਲਾ ਵਿਵਾਦ ਇੰਨਾ ਵਧ ਗਿਆ ਕਿ ਮਸਕ ਨੇ ਅਮਰੀਕਾ ਵਿਚ ਇਕ ਨਵੀਂ ਪਾਰਟੀ ਬਣਾਉਣ ਦੀ ਗੱਲ ਛੇੜ ਦਿੱਤੀ। ਇਸ ਦੇਸ਼ ਵਿਚ ਪਹਿਲਾਂ ਰਿਪਬਲਕਿਨ ਅਤੇ ਡੈਮੋਕ੍ਰੇਟਿਕ ਦੋ ਹੀ ਪਾਰਟੀਆਂ ਦਾ ਪ੍ਰਭਾਵ ਰਿਹਾ ਹੈ। ਤੀਸਰੀ ਪਾਰਟੀ ਦੀ ਗੱਲ ਛੇੜਨ ਦੇ ਨਾਲ-ਨਾਲ ਮਸਕ ਨੇ ਟਰੰਪ ਦੀਆਂ ਨੀਤੀਆਂ ਨੂੰ ਵੀ ਭੰਡਣਾ ਸ਼ੁਰੂ ਕਰ ਦਿੱਤਾ ਅਤੇ ਇੱਥੋਂ ਤੱਕ ਵੀ ਕਿਹਾ ਕਿ ਰਾਸ਼ਟਰਪਤੀ 'ਤੇ ਇਨ੍ਹਾਂ ਲਈ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ। ਟਰੰਪ ਨੇ ਵੀ ਹੁਣ ਮਸਕ ਨਾਲੋਂ ਤੋੜ-ਵਿਛੋੜੇ ਦਾ ਐਲਾਨ ਕਰ ਦਿੱਤਾ ਹੈ। ਉਸ ਨੂੰ ਹਰ ਤਰ੍ਹਾਂ ਦੀਆਂ ਧਮਕੀਆਂ ਦੇ ਨਾਲ ਇੱਥੋਂ ਤੱਕ ਵੀ ਕਿਹਾ ਹੈ ਕਿ ਜੇਕਰ ਉਹ ਆਉਂਦੀਆਂ ਚੋਣਾਂ ਵਿਚ ਡੈਮੋਕ੍ਰੇਟਿਕ ਪਾਰਟੀ ਦੀ ਮਦਦ ਕਰੇਗਾ ਤਾਂ ਉਸ ਦਾ ਹਸ਼ਰ ਮਾੜਾ ਹੋਵੇਗਾ। ਮਸਕ ਦੀਆਂ ਕੰਪਨੀਆਂ ਪਹਿਲਾਂ ਹੀ ਰਾਸ਼ਟਰਪਤੀ ਵਲੋਂ ਅਪਣਾਈਆਂ ਨਵੀਆਂ ਨੀਤੀਆਂ ਅਤੇ ਉਨ੍ਹਾਂ ਤੋਂ ਉੱਠਦੇ ਵਿਵਾਦਾਂ ਕਾਰਨ ਖ਼ਸਾਰੇ ਵਿਚ ਜਾਣੀਆਂ ਸ਼ੁਰੂ ਹੋ ਗਈਆਂ ਹਨ, ਜਿਨ੍ਹਾਂ ਦੇ ਸ਼ੇਅਰ ਹੋਰ ਵੀ ਡਿਗਣ ਦੀ ਸੰਭਾਵਨਾ ਹੈ। ਪਹਿਲਾਂ ਵੱਡੀ ਦੋਸਤੀ ਦਾ ਦਮ ਭਰਦੇ ਅਤੇ ਕੁਝ ਮਹੀਨਿਆਂ ਵਿਚ ਹੀ ਇਕ-ਦੂਜੇ ਦੇ ਦੁਸ਼ਮਣ ਬਣੇ ਇਨ੍ਹਾਂ ਦੋਹਾਂ ਵਿਅਕਤੀਆਂ ਦੇ ਵਿਵਾਦ ਤੋਂ ਇਨ੍ਹਾਂ ਦੀਆਂ ਹਲਕੀਆਂ ਸ਼ਖ਼ਸੀਅਤਾਂ ਦਾ ਝਲਕਾਰਾ ਜ਼ਰੂਰ ਮਿਲਦਾ ਹੈ।*

*ਟਰੰਪ ਨੇ ਆਪਣੇ ਦੇਸ਼ ਵਿਚੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕੱਢਣ ਲਈ ਜੋ ਢੰਗ-ਤਰੀਕੇ ਅਪਣਾਏ ਹਨ, ਉਨ੍ਹਾਂ ਕਾਰਨ ਵੀ ਦੇਸ਼ ਭਰ ਵਿਚ ਵੱਡੀ ਬੇਚੈਨੀ ਪੈਦਾ ਹੋਈ ਹੈ। ਪ੍ਰਸ਼ਾਸਨ ਸੰਭਾਲਦਿਆਂ ਹੀ ਜਿਸ ਤਰੀਕੇ ਨਾਲ ਉਸ ਨੇ ਗ਼ੈਰ-ਕਾਨੂੰਨੀ ਪ੍ਰਵਾਸੀਆਂ, ਜਿਨ੍ਹਾਂ ਵਿਚ ਭਾਰਤੀ ਅਤੇ ਹੋਰ ਦੇਸ਼ਾਂ ਦੇ ਲੋਕ ਵੀ ਸ਼ਾਮਿਲ ਹਨ, ਨੂੰ ਫ਼ੌਜੀ ਜਹਾਜ਼ਾਂ ਵਿਚ ਭਰ ਕੇ ਅਤੇ ਬੇੜੀਆਂ ਅਤੇ ਹੱਥਕੜੀਆਂ ਲਗਾ ਕੇ ਆਪਣੇ ਮੁਲਕ 'ਚੋਂ ਕੱਢਿਆ ਸੀ, ਉਸ ਕਾਰਨ ਵੀ ਅੱਜ ਬਹੁਤੇ ਦੇਸ਼ਾਂ ਵਿਚ ਉਸ ਪ੍ਰਤੀ ਵੱਡੀ ਨਾਰਾਜ਼ਗੀ ਪੈਦਾ ਹੋ ਚੁੱਕੀ ਹੈ। ਹੁਣ ਅਮਰੀਕਾ ਦੇ ਵੱਡੇ ਸ਼ਹਿਰ ਲਾਸ ਏਂਜਲਸ ਵਿਚ ਕਈ ਦਿਨਾਂ ਤੋਂ ਇਸ ਨੀਤੀ ਵਿਰੁੱਧ ਜੋ ਵੱਡੇ ਮੁਜ਼ਾਹਰੇ ਹੋ ਰਹੇ ਹਨ, ਉਨ੍ਹਾਂ ਨੇ ਵੀ ਟਰੰਪ ਪ੍ਰਸ਼ਾਸਨ ਨੂੰ ਇਕ ਵੱਡੀ ਚੁਣੌਤੀ ਦਿੱਤੀ ਹੈ। ਕੈਨੇਡਾ ਅਤੇ ਗ੍ਰੀਨਲੈਂਡ ਵਰਗੇ ਮੁਲਕ ਪਹਿਲਾਂ ਹੀ ਉਸ ਨਾਲ ਨਾਰਾਜ਼ ਹੋ ਚੁੱਕੇ ਹਨ। ਟਰੰਪ ਵਲੋਂ ਆਪ-ਮੁਹਾਰੇ ਢੰਗ ਨਾਲ ਟੈਰਿਫ ਲਾਗੂ ਕਰਨ ਕਰਕੇ ਵੀ ਅੱਜ ਦਰਜਨਾਂ ਹੀ ਦੇਸ਼ ਅਮਰੀਕਾ ਦੇ ਖ਼ਿਲਾਫ਼ ਹੋ ਚੁੱਕੇ ਹਨ। ਇਸ ਸਥਿਤੀ ਲਈ ਜੇਕਰ ਉਸ ਦਾ ਮਸਕ ਵਰਗਾ ਸਾਥੀ ਹੀ ਉਸ ਨੂੰ ਛੱਡ ਕੇ ਉਸ ਦਾ ਪੱਕਾ ਵਿਰੋਧੀ ਬਣਿਆ ਨਜ਼ਰ ਆਉਂਦਾ ਹੈ ਤਾਂ ਇਸ ਦਾ ਸੰਦੇਸ਼ ਵੀ ਅਮਰੀਕਾ ਦੇ ਨਾਲ-ਨਾਲ ਦੁਨੀਆ ਭਰ ਵਿਚ ਟਰੰਪ ਦੀ ਸਾਖ਼ ਨੂੰ ਵੱਡੀ ਹੱਦ ਤੱਕ ਘਟਾਉਣ ਵਾਲਾ ਸਾਬਤ ਹੋ ਸਕਦਾ ਹੈ। ਨਵੇਂ ਰਾਸ਼ਟਰਪਤੀ ਦੀਆਂ ਆਪਹੁਦਰੀਆਂ ਕਾਰਵਾਈਆਂ ਕਰ ਕੇ ਅੱਜ ਅਮਰੀਕਾ ਵੀ ਸਮੁੱਚੇ ਰੂਪ ਵਿਚ ਬਚਾਅ ਵਾਲੀ ਸਥਿਤੀ ਵਿਚ ਖੜ੍ਹਾ ਦਿਖਾਈ ਦੇ ਰਿਹਾ ਹੈ।*


## ਠਾਹ-ਸੋਟਾ

-ਚਾਚਾ ਬੇਲਿਹਾਜ਼

### ਡਰਾਉਣਾ ਦੌਰ ਚੁਫੇਰੇ!

*ਐਕਸੀਡੈਂਟਾਂ ਦੀਆਂ ਖਬਰਾਂ ਨੇ ਰੋਜ ਦੇਖੋ, ਚੜ੍ਹਨੋਂ ਸੜਕ 'ਤੇ ਖਲਕਤ ਡਰਾਇ ਦਿੱਤੀ।*
*ਫੈਲ ਗਈ ਖੁਦਕਸ਼ੀਆਂ ਦੀ 'ਵਬਾ' ਭੈੜੀ, ਸਬਰ ਸ਼ੁਕਰ ਦੀ ਫਿਤਰਤ ਭੁਲਾਇ ਦਿੱਤੀ।*
*'ਗੈਂਗਵਾਦ' ਤੇ ਨਸ਼ਿਆਂ ਦੀ ਮਹਾਂਮਾਰੀ, ਨਵੀਂ ਪੀੜ੍ਹੀ ਹੀ ਜਿਨ੍ਹਾਂ ਭਟਕਾਇ ਦਿੱਤੀ।*
*ਕਤਲੋਗਾਰਤ ਵੀ ਆਏ ਦਿਨ ਵਧੀ ਜਾਵੇ, ਆਮ ਲੋਕਾਂ 'ਚ ਦਹਿਸ਼ਤ ਵਧਾਇ ਦਿੱਤੀ।*
*ਓਧਰ 'ਡਰੋਨ ਮਿਜ਼ਾਈਲਾਂ' ਨੇ ਅੱਤ ਚੁੱਕੀ, ਸਾਰੀ ਦੁਨੀਆਂ ਨੂੰ ਝੁਣਝੁਣੀ ਲਾਇ ਦਿੱਤੀ।*
*ਵਿਚ ਗੁਜਰਾਤ ਦੇ ਜਿਹੜਾ ਜਹਾਜ ਡਿੱਗਾ, ਉਸ ਤਕਨਾਲੋਜੀ ਸੋਚਾਂ ਵਿਚ ਪਾਇ ਦਿੱਤੀ!*

# ਗਿਆਰਾਂ ਸਾਲ, ਗਿਆਰਾਂ ਦਿਨ ਕਾਰਗੁਜ਼ਾਰੀ ਕੀ?




26 ਮਈ, 2014 ਨੂੰ ਭਾਜਪਾ ਆਗੂ ਨਰੇਂਦਰ ਮੋਦੀ ਨੇ ਦੇਸ਼ ਭਾਰਤ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਸੰਭਾਲੀ। ਗਿਆਰਾਂ ਸਾਲ, ਗਿਆਰਾਂ ਦਿਨ ਬੀਤ ਗਏ ਹਨ, ਉਨ੍ਹਾਂ ਨੂੰ ਇਹ ਸ਼ਕਤੀਸ਼ਾਲੀ ਅਹੁਦਾ ਸੰਭਾਲਿਆ।

ਮੋਦੀ ਜੀ ਦੇ ਸ਼ਬਦਾਂ ਦਾ ਸੰਖੇਪ ਜਾਣੀਏ ਤਾਂ ਉਹ ਇਹ ਕਹਿੰਦੇ ਹਨ ਕਿ ਇਸ ਸਮੇਂ ਵਿਚ ਉਨ੍ਹਾਂ ਉਹ ਕੰਮ ਕੀਤੇ ਹਨ, ਜਿਹੜੇ (ਆਜ਼ਾਦੀ ਦਿਹਾੜੇ) 15 ਅਗਸਤ 1947 ਜਾਂ (ਗਣਤੰਤਰ ਦਿਹਾੜੇ) 26 ਜਨਵਰੀ 1950 ਤੋਂ ਬਾਅਦ 2014 ਤੱਕ ਕਿਸੇ ਪ੍ਰਧਾਨ ਮੰਤਰੀ ਜਾਂ ਕਿਸੇ ਸਰਕਾਰ ਨੇ ਨਹੀਂ ਕੀਤੇ। ਉਨ੍ਹਾਂ ਤੋਂ ਪਹਿਲਾਂ ਸਾਰੇ ਪ੍ਰਧਾਨ ਮੰਤਰੀਆਂ ਨੇ ਤਾਂ ਦੇਸ਼ ਦੇ ਲੋਕਾਂ ਨੂੰ ਗੁੰਮਰਾਹ ਹੀ ਕੀਤਾ ਹੈ, ਲੋਕਾਂ ਲਈ ਕੋਈ ਕੰਮ ਨਹੀਂ ਕੀਤਾ। ਗਿਆਰਾਂ ਸਾਲਾਂ, ਗਿਆਰਾਂ ਦਿਨਾਂ 'ਚ ਸਿਰਫ਼ ਉਨ੍ਹਾਂ ਨੇ ਹੀ ਦੇਸ਼ ਚ ਵਿਕਾਸ ਦੀਆਂ ਨੇਰ੍ਹੀਆਂ ਲਿਆ ਦਿੱਤੀਆਂ ਹਨ। ਲੋਕਾਂ ਦੇ ਪੈਰਾਂ ਥੱਲੇ ਮਖਮਲ ਵਿਛਾ ਦਿੱਤੀ ਹੈ। ਚੱਪਲਾਂ ਵਾਲੇ ਵੀ ਜਹਾਜ਼ੇ ਚੜ੍ਹਾ ਦਿੱਤੇ ਹਨ।



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਦੇਸ਼ 'ਚ ਅਮੀਰ ਅਤੇ ਵੱਡੇ ਅਮੀਰ 20 ਫ਼ੀਸਦੀ ਹਨ, ਅਤੇ ਬਹੁਤ ਗਰੀਬ 20 ਫ਼ੀਸਦੀ ਹਨ। ਇਨ੍ਹਾਂ ਦੋਹਾਂ ਵਰਗਾਂ 'ਚ ਨਾ-ਬਰਾਬਰੀ ਇੰਨੀ ਵੱਡੀ ਹੈ ਕਿ ਨੇੜ ਭਵਿੱਖ ਵਿਚ ਇਹ ਖੱਪਾ ਪੂਰਾ ਹੋਣ ਦੇ ਕੋਈ ਆਸਾਰ ਹੀ ਨਹੀਂ। ਹੇਠਲੇ 20 ਫ਼ੀਸਦੀ ਲੋਕਾਂ 'ਚ ਡਰ ਦੀ ਭਾਵਨਾ ਹੈ, ਅਸੁਰੱਖਿਆ ਹੈ। ਦੇਸ਼ ਬਹੁ ਗਿਣਤੀ, ਸੰਪਰਦਾਇਕ ਅਤੇ ਜਾਤੀ ਸੰਘਰਸ਼ ਦਾ ਸਾਹਮਣਾ ਕਰ ਰਿਹਾ ਹੈ। ਨਫ਼ਰਤੀ ਭਾਸ਼ਣ ਅਤੇ ਲਿਖਤਾਂ, ਸਰਕਾਰਾਂ ਤੇ ਪੂੰਜੀਪਤੀਆਂ 'ਚ ਖੁੱਲ੍ਹਾ ਗੱਠਜੋੜ, ਅਪਰਾਧਿਕ ਰੁਚੀਆਂ 'ਚ ਵਾਧਾ, ਨਿਆਂਪਾਲਿਕਾ ਦਾ ਪਤਨ, ਸੰਘੀ ਢਾਂਚੇ 'ਚ ਤਰੇੜਾਂ ਨਹੀਂ ਦਰਾੜਾਂ ਅਤੇ ਵਧ ਰਹੀਆਂ ਹਾਕਮਾਂ ਦੀਆਂ ਡਿਕਟੇਟਰਾਨਾਂ ਰੁਚੀਆਂ ਨੇ ਦੇਸ਼ ਨੂੰ ਤਬਾਹੀ ਕੰਢੇ ਲਿਆ ਖੜ੍ਹਾ ਕੀਤਾ ਹੈ। ਕਿੱਡੀ ਵੱਡੀ ਹੈ ਇਹ ਪ੍ਰਾਪਤੀ ਇੰਨੇ ਵਰ੍ਹਿਆਂ 'ਚ!

ਸਿਖਰਲੇ ਅਤੇ ਹੇਠਲੇ ਵਰਗਾਂ ਦਾ ਅੰਤਰ ਅਤੇ ਸਿਖਰਲਿਆਂ ਨੂੰ ਬਖ਼ਸ਼ੀਆਂ ਜਾ ਰਹੀਆਂ ਹਕੂਮਤੀ ਸੁਵਿਧਾਵਾਂ ਇਸ ਗੱਲੋਂ ਪ੍ਰਮਾਣਿਤ ਹਨ ਕਿ ਅਹਿਮਦਾਬਾਦ ਅਤੇ ਮੁੰਬਈ ਵਿਚਕਾਰ ਚਲਾਈ ਜਾਣ ਵਾਲੀ ਬੁਲਟ ਟ੍ਰੇਨ ਪ੍ਰਯੋਜਨਾ ਉੱਤੇ 1,08,000 ਕਰੋੜ ਖ਼ਰਚੇ ਜਾਣੇ ਹਨ ਜਦ ਕਿ ਧਨ ਦੀ ਭਾਰੀ ਘਾਟ ਕਾਰਨ ਰੇਲ ਵਿਚ ਆਮ ਲੋਕਾਂ ਲਈ ਸੁਵਿਧਾਵਾਂ ਤਹਿਸ-ਨਹਿਸ ਹੋਈਆਂ ਪਈਆਂ ਹਨ। 2014 ਤੋਂ 2025 ਵਿਚਕਾਰ 29,970 ਲੋਕ ਰੇਲ ਹਾਦਸਿਆਂ 'ਚ ਮਾਰੇ ਗਏ ਅਤੇ 30,214 ਜ਼ਖ਼ਮੀ ਹੋਏ, ਇਹ ਦੇਸ਼ ਦੇ ਸਭ ਤੋਂ ਵੱਡੇ ਮਹਿਕਮੇ 'ਚ ਵਾਪਰਿਆ ਹੈ।

ਦੇਸ਼ ਦੇ ਬਿਹਤਰ ਜੀਵਨ ਦੀ ਕੁੰਜੀ, ਉਸ ਦੇਸ਼ ਦੇ ਨਾਗਰਿਕ ਦੀ ਪ੍ਰਤੀ ਜੀਅ ਆਮਦਨ ਹੈ ਨਾ ਕਿ ਜੀਡੀਪੀ ਦਾ ਆਕਾਰ। ਦੇਸ਼ ਦੀ ਪ੍ਰਤੀ ਜੀਅ ਆਮਦਨ 10 ਸਾਲਾਂ ਵਿਚ 1,438 ਅਮਰੀਕੀ ਡਾਲਰ ਤੋਂ 2,711 ਡਾਲਰ ਤੱਕ ਵਧੀ ਅਤੇ ਗਿਆਰਵੇਂ ਸਾਲ ਇਹ 2,878 ਤੱਕ ਪਹੁੰਚੀ। ਇਸ ਲਿਹਾਜ਼ ਨਾਲ ਭਾਰਤ 196 ਦੇਸ਼ਾਂ ਵਿਚੋਂ 136ਵੇਂ ਸਥਾਨ 'ਤੇ ਹੈ। ਵਿਕਸਿਤ ਦੇਸ਼ ਬਣਨ ਲਈ ਕਿਸੇ ਦੇਸ਼ ਦੀ ਆਮਦਨ ਪ੍ਰਤੀ ਜੀਅ 14,000 ਡਾਲਰ ਜ਼ਰੂਰੀ ਹੈ। ਦੇਸ਼ ਦਾ ਆਮ ਨਾਗਰਿਕ ਕਦੋਂ ਇਸ ਆਮਦਨ ਪੱਧਰ 'ਤੇ ਪੁੱਜ ਸਕੇਗਾ? ਜਦ ਕਿ ਉਸ ਦੇ ਆਰਥਿਕ ਹਾਲਾਤ ਬਹੁਤ ਪਤਲੇ ਹਨ। ਪਰ ਦੇਸ਼ ਦਾ ਵੱਡਾ, ਵਿਸ਼ੇਸ਼ ਵਰਗ ਵੱਡੀਆਂ ਉਡਾਰੀਆਂ ਭਰ ਰਿਹਾ ਹੈ।

ਪਿਛਲੇ ਦਿਨੀਂ ਅਖ਼ਬਾਰਾਂ ਦੀਆਂ ਸੁਰਖੀਆਂ 'ਚ ਇਹ ਖਬਰ ਛਾਈ ਰਹੀ ਹੈ ਕਿ ਭਾਰਤ ਵਿਚ ਗਰੀਬੀ ਘਟ ਗਈ ਹੈ। ਗਰੀਬੀ ਤੋਂ ਹੇਠਲੇ ਪੱਧਰ 'ਤੇ ਬਹੁਤ ਘੱਟ ਲੋਕ ਰਹਿ ਗਏ ਹਨ। ਗਰੀਬੀ ਦੇ ਸ਼ਹਿਰਾਂ 'ਚ ਦਰਸ਼ਨ ਕਰਨੇ ਹੋਣ ਤਾਂ ਮੁੰਬਈ 'ਚ ਮਰੀਨ ਡਰਾਈਵ 'ਤੇ ਜਾਓ, ਪਤਾ ਲੱਗ ਜਾਏਗਾ ਕਿ ਦਹਾਕਿਆਂ ਤੋਂ ਇੱਥੇ ਲੋਕ ਬਿਨਾਂ ਛੱਤ ਤੋਂ ਬਸੇਰਾ ਕਰਦੇ ਹਨ। ਬੱਚੀਆਂ ਚੂੜੀਆਂ ਵੇਚ ਕੇ ਗੁਜ਼ਾਰਾ ਕਰਦੀਆਂ ਹਨ ਅਤੇ ਮਸਾਂ ਢਿੱਡ ਭਰਦੀਆਂ ਹਨ। ਹੈਰਾਨੀ ਵਾਲੀ ਗੱਲ ਹੈ ਕਿ ਕੀ ਇਹ ਗਰੀਬੀ ਨਹੀਂ? ਪਰ ਦੂਜੇ ਪਾਸੇ ਗਗਨ ਚੁੰਬੀ ਇਮਾਰਤਾਂ, ਹਾਈਵੇ ਵਧ ਰਹੇ ਹਨ। ਕਿਸ ਵਾਸਤੇ ਤੇ ਕਿਉਂ?

ਯਾਦ ਕਰ ਸਕਦੇ ਹੋ ਕਰੋਨਾ ਕਾਲ ਨੂੰ ਜਦੋਂ ਸ਼ਹਿਰਾਂ 'ਚੋਂ ਕੰਮ ਕਰਦੇ ਮਜ਼ਦੂਰ ਫੈਕਟਰੀਆਂ ਤੇ ਕਾਰੋਬਾਰ ਬੰਦ ਹੋਣ ਕਾਰਨ, ਪੈਦਲ ਆਪਣੇ ਪਿਛਲੇ ਪਿੰਡਾਂ ਤੱਕ ਚਾਲੇ ਪਾ ਗਏ। ਸਿਰਫ਼ ਮਗਨਰੇਗਾ ਹੀ ਇਕ ਸਕੀਮ ਸੀ, ਜਿਸ ਅਧੀਨ ਇਹ ਕਾਮੇ ਪਿੰਡਾਂ ਚ ਕੰਮ 'ਤੇ ਲੱਗੇ ਤੇ ਮਜ਼ਦੂਰਾਂ ਪ੍ਰਤੀ ਦਿਨ 250 ਰੁਪਏ ਪ੍ਰਾਪਤ ਕਰ ਸਕੇ, ਉਹ ਵੀ ਸਾਲ ਦੇ 100 ਦਿਨ ਪਰ ਭੁੱਖੇ ਮਰਨੋਂ ਬਚੇ ਰਹੇ। ਇਸ ਕਾਲ ਦੀ ਪ੍ਰਾਪਤੀ ਵੇਖੋ, ਸੈਂਕੜੇ ਹੋਰ ਧਨਾਢ ਅਰਬਪਤੀਆਂ ਦੀ ਲਿਸਟ ਵਿਚ ਸ਼ਾਮਿਲ ਹੋ ਗਏ।

ਪਰ ਸਵਾਲ ਹੈ ਕਿ 11 ਸਾਲਾਂ 11 ਦਿਨਾਂ ਦੇ ਸ਼ਾਸਨ ਕਾਲ ਚ ਕਿ ਮੋਦੀ ਜੀ ਦੀ ਸਰਕਾਰ ਗਰੀਬੀ ਹਟਾਉਣ ਦੇ ਨਵੇਂ ਢੰਗ ਤਰੀਕੇ, ਸਾਧਨ ਲੱਭ ਸਕੀ? ਉਸ ਵੱਲੋਂ ਮਗਨਰੇਗਾ ਨੂੰ ਨਿੰਦਿਆ ਗਿਆ। ਪਹਿਲੀਆਂ ਚਲਦੀਆਂ ਵਿਕਾਸ ਸਕੀਮਾਂ ਦੇ ਰੰਗ-ਢੰਗ ਬਦਲ ਦਿੱਤੇ ਗਏ। ਹੁਣ ਯੋਜਨਾਵਾਂ ਬਣਦੀਆਂ ਹਨ ਉਹ, ਜਿਹੜੀਆਂ ਹਾਕਮਾਂ ਪੱਲੇ ਵੋਟ ਪਾਉਂਦੀਆਂ ਹਨ। ਮਹਾਰਾਸ਼ਟਰ ਸੂਬੇ ਦੀ ਚੋਣ ਜਿੱਤਣ ਲਈ ਭਾਰਤੀ ਜਨਤਾ ਪਾਰਟੀ ਨੇ 'ਲਾਡਲੀ ਬਹਿਨਾ' ਯੋਜਨਾ ਬਣਾ ਲਈ। ਜਾਂ ਫਿਰ ਸਰਕਾਰਾਂ ਇਹੋ ਜਿਹੇ ਢੰਗ-ਤਰੀਕੇ ਲੱਭਦੀਆਂ ਹਨ ਲੋਕਾਂ ਨੂੰ ਖੈਰਾਤ ਵੰਡਣ ਦੇ, ਜਿਸ ਨਾਲ ਉਨਾਂ ਦੀ ਪਾਰਟੀ ਤਾਕਤ 'ਚ ਆਉਂਦੀ ਹੈ। ਇਹ ਖੈਰਾਤਾਂ ਲੈਣ ਲਈ ਲੰਬੀਆਂ ਕਤਾਰਾਂ ਲੱਗਦੀਆਂ ਹਨ, ਕਿੰਨਾਂ ਲੋਕਾਂ ਦੀਆਂ ਆਖ਼ਰ? ਬਿਨਾਂ ਸ਼ੱਕ ਗਰੀਬਾਂ ਦੀਆਂ। 80 ਕਰੋੜ ਇਹੋ ਗਰੀਬ ਲੋਕ ਉਹ ਮੁਫ਼ਤ ਦਾ ਰਾਸ਼ਨ ਪ੍ਰਾਪਤ ਕਰਦੇ ਹਨ ਤਾਂ ਫਿਰ ਗਰੀਬਾਂ ਦੀ ਲਿਸਟ ਕਿਵੇਂ ਘਟੀ? 4,026 ਦਿਨਾਂ ਦੀ ਮੋਦੀ ਹਕੂਮਤ ਆਮ ਲੋਕਾਂ ਪੱਲੇ ਕੀ ਪਾ ਸਕੀ?

ਇੱਕ ਵਿਕਾਸਸ਼ੀਲ ਦੇਸ਼ ਆਪਣੀ ਤਰੱਕੀ ਦੀ ਵਾਰਤਾ ਵੱਡੇ ਅੰਕੜਿਆਂ 'ਚ ਦਿਖਾਉਂਦੇ ਹਨ। ਦੱਸਦੇ ਹਨ ਕਿ ਵੱਡੀ ਮਾਤਰਾ ਚ ਸਕੂਲ ਖੋਲੇ, ਸੜਕਾਂ ਦਾ ਨਿਰਮਾਣ ਹੋਇਆ ਹੈ। ਪਰ ਕੀ ਮਾਤਰਾ ਵਿਚ ਵਾਧਾ ਦੇਸ਼ ਦੀ ਤਰੱਕੀ ਹੈ? ਕੀ ਚੰਗਾ ਰਾਜ ਪ੍ਰਬੰਧ ਹੈ? ਚੰਗਾ ਰਾਜ ਪ੍ਰਬੰਧ ਉਸਨੂੰ ਮੰਨਿਆ ਜਾਂਦਾ ਹੈ ਜਦ ਦੇਸ਼ 'ਚ ਸਾਰਿਆਂ ਲਈ ਵਧੀਆ, ਮਜ਼ਬੂਤ ਅਤੇ ਨਿਆਂ-ਸੰਗਤ ਵਿਵਸਥਾ ਹੋਵੇ ਅਤੇ ਹਰ ਵਿਅਕਤੀਆਂ ਨੂੰ ਸੰਤੁਸ਼ਟੀ ਹੋਵੇ ਕਿ ਉਸਦਾ ਅਤੇ ਉਸਦੇ ਪਰਿਵਾਰ ਦਾ ਭਵਿੱਖ ਹੋਰ ਵੀ ਚੰਗੇਰਾ ਬਣੇਗਾ। ਕੀ ਮੋਦੀ ਜੀ ਦੱਸ ਸਕਦੇ ਹਨ ਕਿ ਕਿੰਨੇ ਲੱਖ ਲੋਕਾਂ ਦਾ ਜੀਵਨ ਪੱਧਰ ਵਧਿਆ? ਕਿੰਨੇ ਲੱਖ ਲੋਕਾਂ ਨੂੰ ਬਿਹਤਰ ਰੁਜ਼ਗਾਰ ਮਿਲਿਆ। ਕੀ ਲੋਕ ਇਸ ਸਮੇਂ ਦੌਰਾਨ ਬੇਰੁਜ਼ਗਾਰੀ, ਗਰੀਬੀ ਤੋਂ ਡਰ ਰਹਿਤ ਹੋ ਸਕੇ?

ਇਸ ਤੋਂ ਵੀ ਵੱਡੀ ਗੱਲ ਇਹ ਜਾਨਣ ਵਾਲੀ ਹੈ ਕਿ ਇਸ ਸਮੇਂ ਦੌਰਾਨ ਕਿ ਭਾਰਤ 'ਚ ਨਿਆਂ-ਸੰਗਤ ਵਿਵਸਥਾ ਬਣ ਸਕੀ ਹੈ? ਕੀ ਕਾਨੂੰਨ ਵਿਵਸਥਾ ਚੰਗੀ ਹੋਈ ਹੈ? ਕੀ ਲੋਕ ਪਹਿਲਾਂ ਨਾਲੋਂ ਸੌਖਾ ਮਹਿਸੂਸ ਕਰ ਸਕੇ ਹਨ? ਕੀ ਔਰਤਾਂ ਮਾਨਸਿਕ ਤੌਰ 'ਤੇ ਸੁਰੱਖਿਅਤ ਮਹਿਸੂਸ ਕਰਦੀਆਂ ਹਨ?

***ਰਾਜ ਭਾਗ ਦੇ ਇੰਨੇ ਸਾਲਾਂ ਚ ਮੋਦੀ ਜੀ ਨੇ ਅੱਧੇ ਤੋਂ ਵੱਧ ਦੁਨੀਆਂ ਦੇ ਦੇਸ਼ਾਂ ਦਾ ਦੌਰਾ ਕਰ ਲਿਆ ਆਪਣੀ ਸਖਸ਼ੀਅਤ ਦੇ ਉਭਾਰ ਲਈ। ਉਨ੍ਹਾਂ ਨੇ ਕਿੰਨੇ ਦੇਸ਼ ਮਿੱਤਰ ਬਣਾਏ, ਉਹ ਇਸ ਗੱਲ ਤੋਂ ਵੇਖਿਆ ਜਾ ਸਕਦਾ ਹੈ ਕਿ ਪਾਕਿਸਤਾਨ ਨਾਲ ਕੁਝ ਦਿਨਾਂ ਦੀ ਲੜਾਈ ਦੌਰਾਨ ਕੋਈ ਵੀ ਦੇਸ਼ ਉਨ੍ਹਾਂ ਨਾਲ ਨਹੀਂ ਖੜ੍ਹਿਆ, ਅਮਰੀਕਾ ਵੀ ਨਹੀਂ। ਉਨ੍ਹਾਂ ਇਨ੍ਹਾਂ ਸਾਲਾਂ 'ਚ ਦੇਸ਼ ਦੀ ਵਿਦੇਸ਼ੀ ਨੀਤੀ ਨਾਲ ਜਿਵੇਂ ਖਿਲਵਾੜ ਕੀਤਾ, ਉਨਾਂ ਦੀ ਕਾਰਗੁਜ਼ਾਰੀ 'ਤੇ ਸਵਾਲ ਤਾਂ ਉੱਠਣਗੇ ਹੀ।***

ਇਨ੍ਹਾਂ ਸਾਲਾਂ ਚ ਵੱਡੀਆਂ ਸ਼ਰਮਨਾਕ ਘਟਨਾਵਾਂ ਵਾਪਰੀਆਂ ਹਨ। ਮਣੀਪੁਰ, ਦਿੱਲੀ ਅਤੇ ਦੇਸ਼ ਦੇ ਹੋਰ ਕਈ ਥਾਵਾਂ ਉੱਤੇ ਫਿਰਕੂ ਫਸਾਦ ਹੋਏ, ਉਸ ਕਾਰਨ ਦੇਸ਼ ਦੇ ਘੱਟ ਗਿਣਤੀ ਲੋਕ ਅਸੁਰੱਖਿਅਤ ਹੋਏ। ਕਈ ਹਾਲਤਾਂ 'ਚ ਘੱਟ ਗਿਣਤੀ ਲੋਕ ਆਪਣੇ-ਆਪ ਨੂੰ ਦੂਜੇ ਦਰਜੇ ਦੇ ਸ਼ਹਿਰੀ ਮੰਨਣ ਲੱਗ ਪਏ, ਜਿਹੜੇ ਲਗਾਤਾਰ ਧਾਰਮਿਕ ਬਹੁ ਗਿਣਤੀ ਲੋਕਾਂ ਦੇ ਧੱਕੇ, ਧੌਂਸ ਦਾ ਸ਼ਿਕਾਰ ਹੋਏ ਹਨ।

2014 'ਚ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਾਗਡੋਰ ਸੰਭਾਲੀ ਤਾਂ ਦੇਸ਼ ਦੀ ਪਾਰਲੀਮੈਂਟ 'ਚ ਗਿਣਤੀ ਦੇ ਕੁਝ ਵਿਅਕਤੀ ਹੀ ਸਨ, ਜਿਨਾਂ ਉਤੇ ਅਪਰਾਧਿਕ ਕੇਸ ਦਰਜ ਸਨ। ਮੋਦੀ ਜੀ ਨੇ ਐਲਾਨਿਆ ਸੀ ਕਿ ਕਿਸੇ ਉਸ ਵਿਅਕਤੀ ਨੂੰ ਦੇਸ਼ ਦੀ ਕਾਨੂੰਨ ਘੜਨੀ ਸਭਾ 'ਚ ਬੈਠਣ ਦੀ ਆਗਿਆ ਉਹ ਅੱਗੋਂ ਤੋਂ ਨਹੀਂ ਦੇਣਗੇ, ਜਿਨਾਂ 'ਤੇ ਅਪਰਾਧਿਕ ਮਾਮਲੇ ਹਨ। ਪਰ 2024 ਦੀ ਪਾਰਲੀਮੈਂਟ ਚ 46 ਫ਼ੀਸਦੀ ਮੈਂਬਰ ਪਾਰਲੀਮੈਂਟ, ਅਪਰਾਧਿਕ ਕੇਸਾਂ ਵਾਲੇ ਬੈਠੇ ਹਨ। ਇਹ ਪਿਛਲੇ ਸਮੇਂ ਦੀ ਰਿਕਾਰਡ ਗਿਣਤੀ ਹੈ। ਕੀ ਇਸ ਨੂੰ 11 ਸਾਲਾਂ ਦੀ ਵੱਡੀ ਪ੍ਰਾਪਤੀ 'ਚ ਸ਼ਾਮਿਲ ਕੀਤਾ ਜਾਵੇ ਕਿ ਦੇਸ਼ 'ਚ ਧੰਨ ਕੁਬੇਰ ਅਪਰਾਧਿਕ ਪਿਛੋਕੜ ਵਾਲੇ ਧੱਕੜ ਲੋਕਾਂ ਦਾ ਕਬਜ਼ਾ ਹੋ ਗਿਆ ਹੈ? ਕੀ ਇਨ੍ਹਾਂ ਤੋਂ ਆਮ ਆਦਮੀ ਨੂੰ ਕੋਈ ਇਨਸਾਫ਼ ਮਿਲਣ ਦੀ ਤਵੱਕੋ ਹੈ

ਦੇਸ਼ ਦੀ ਸਾਰੀ ਸ਼ਕਤੀ ਪ੍ਰਧਾਨ ਮੰਤਰੀ ਦੇ ਹੱਥਾਂ 'ਚ ਕੇਂਦਰਿਤ ਹੈ। ਸਵੇਰੇ-ਸ਼ਾਮ ਉਨਾਂ ਦੇ ਨਾਂ ਦੀ ਮਾਲਾ ਮੀਡੀਆ 'ਚ ਜਪੀ ਜਾਂਦੀ ਹੈ। ਪਾਰਟੀ ਪੱਧਰ ਉੱਤੇ ਉਨ੍ਹਾਂ ਦਾ ਵੱਡਾ ਜਸ ਗਾਇਆ ਜਾਂਦਾ ਹੈ। ਇਨ੍ਹਾਂ ਸ਼ਕਤੀਆਂ ਦੇ ਬਾਵਜੂਦ ਜੇਕਰ ਦੇਸ਼ ਬਿਹਤਰ, ਜ਼ਿਆਦਾ ਮਜ਼ਬੂਤ ਅਤੇ ਨਿਆਂ-ਸੰਗਤ ਨਹੀਂ ਬਣਦਾ ਤਾਂ ਉਸ ਦੀ ਕਾਰਗੁਜ਼ਾਰੀ ਉੱਤੇ ਪ੍ਰਸ਼ਨਚਿੰਨ੍ਹ ਤਾਂ ਲੱਗਣਗੇ ਹੀ।

ਰਾਜ ਭਾਗ ਦੇ ਇੰਨੇ ਸਾਲਾਂ ਚ ਮੋਦੀ ਜੀ ਨੇ ਅੱਧੇ ਤੋਂ ਵੱਧ ਦੁਨੀਆਂ ਦੇ ਦੇਸ਼ਾਂ ਦਾ ਦੌਰਾ ਕਰ ਲਿਆ ਆਪਣੀ ਸਖਸ਼ੀਅਤ ਦੇ ਉਭਾਰ ਲਈ। ਉਨ੍ਹਾਂ ਨੇ ਕਿੰਨੇ ਦੇਸ਼ ਮਿੱਤਰ ਬਣਾਏ, ਉਹ ਇਸ ਗੱਲ ਤੋਂ ਵੇਖਿਆ ਜਾ ਸਕਦਾ ਹੈ ਕਿ ਪਾਕਿਸਤਾਨ ਨਾਲ ਕੁਝ ਦਿਨਾਂ ਦੀ ਲੜਾਈ ਦੌਰਾਨ ਕੋਈ ਵੀ ਦੇਸ਼ ਉਨ੍ਹਾਂ ਨਾਲ ਨਹੀਂ ਖੜ੍ਹਿਆ, ਅਮਰੀਕਾ ਵੀ ਨਹੀਂ। ਉਨ੍ਹਾਂ ਇਨ੍ਹਾਂ ਸਾਲਾਂ 'ਚ ਦੇਸ਼ ਦੀ ਵਿਦੇਸ਼ੀ ਨੀਤੀ ਨਾਲ ਜਿਵੇਂ ਖਿਲਵਾੜ ਕੀਤਾ, ਉਨਾਂ ਦੀ ਕਾਰਗੁਜ਼ਾਰੀ 'ਤੇ ਸਵਾਲ ਤਾਂ ਉੱਠਣਗੇ ਹੀ।

11 ਸਾਲ, 11 ਦਿਨਾਂ ਦਾ ਸਮਾਂ ਕੋਈ ਘੱਟ ਨਹੀਂ ਹੁੰਦਾ। ਇਸ ਸਮੇਂ ਨੂੰ 'ਸਭ ਕਾ ਸਾਥ ਸਭ ਕਾ ਵਿਕਾਸ' ਲਈ ਵਰਤਿਆ ਜਾ ਸਕਦਾ ਹੈ। ਪਰ ਵਿਕਾਸ ਤਾਂ ਉਨ੍ਹਾਂ ਆਪਣੇ ਨਿੱਜੀ ਹਿੱਤਾਂ ਨੂੰ ਸਾਹਮਣੇ ਰੱਖ ਕੇ ਕੀਤਾ ਜਾਂ ਕਰਵਾਇਆ। ਦੇਸ਼ ਦੇ ਸੰਘੀ ਢਾਂਚੇ ਨੂੰ ਸੱਟ ਮਾਰੀ, ਧਾਰਮਿਕ ਘੱਟ ਗਿਣਤੀਆਂ ਦਾ ਵਿਸ਼ਵਾਸ ਤਾਰ-ਤਾਰ ਕੀਤਾ, ਸੰਵਿਧਾਨ ਦੀਆਂ ਪਰੰਪਰਾਵਾਂ ਨੂੰ ਤੋੜ ਕੇ ਵਿਰੋਧੀ ਸਰਕਾਰਾਂ ਤੋੜੀਆਂ, ਖੁਦ ਮੁਖਤਾਰ ਸੰਸਥਾਵਾਂ ਨੂੰ ਆਪਣੇ ਹਿੱਤਾਂ ਲਈ ਵਰਤਿਆ, ਨਿਆਂਪਾਲਿਕਾ ਨੂੰ ਕਮਜ਼ੋਰ ਕਰਨ ਲਈ ਯਤਨ ਕੀਤੇ, ਵਿਚਾਰਾਂ ਦੀ ਆਜ਼ਾਦੀ ਉੱਤੇ ਵੱਡੀ ਸੱਟ ਮਾਰੀ, ਆਪਣੇ ਵਿਰੋਧੀਆਂ ਨੂੰ ਜੇਲ੍ਹਾਂ 'ਚ ਡੱਕਿਆ। ਤਾਂ ਫਿਰ ਮੋਦੀ ਜੀ ਦੀ ਕਾਰਗੁਜ਼ਾਰੀ ਉੱਤੇ ਸਵਾਲ ਤਾਂ ਉੱਠਣੇ ਹੀ ਸਨ, ਜੋ ਉੱਠ ਰਹੇ ਹਨ।

# ਇਰਾਨ ਉੱਪਰ ਹਮਲਾ: ਇਜ਼ਰਾਇਲੀ ਦਹਿਸ਼ਤਵਾਦ ਦੇ ਫੈਲਦੇ ਪੰਜੇ

*ਇਰਾਨ ਉੱਪਰ ਇਜ਼ਰਾਇਲੀ ਹਮਲੇ ਨਾਲ ਮੱਧ ਪੂਰਬ ਵਿਚ ਭਿਆਨਕ ਸੰਕਟ ਬਣ ਗਿਆ ਹੈ ਜਿਸ ਦੇ ਹੋਰ ਵੀ ਡੂੰਘਾ ਹੋਣ ਦੇ ਆਸਾਰ ਹਨ। ਇਜ਼ਰਾਇਲੀ ਹਮਲੇ ਦਾ ਅਸਲ ਮਨੋਰਥ ਕੀ ਹੈ ਅਤੇ ਉਸ ਵੱਲੋਂ ਲਗਾਏ ਦੋਸ਼ਾਂ ਦਾ ਸੱਚ ਕੀ ਹੈ, ਇਸ ਵਿਚ ਟਰੰਪ ਦੀ ਅਗਵਾਈ ਹੇਠ ਅਮਰੀਕਨ ਸਟੇਟ ਦੀ ਕੀ ਭੂਮਿਕਾ ਹੈ?- ਇਨ੍ਹਾਂ ਸਵਾਲਾਂ ਦੀ ਚਰਚਾ ਸਾਡੇ ਕਾਲਮ-ਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।-ਸੰਪਾਦਕ*

**ਬੂਟਾ ਸਿੰਘ ਮਹਿਮੂਦਪੁਰ**

13 ਜੂਨ ਸ਼ਾਮ ਨੂੰ ਇਜ਼ਰਾਈਲ ਵੱਲੋਂ ਇਰਾਨ ਉੱਪਰ ਹਵਾਈ ਅਤੇ ਮਿਜ਼ਾਇਲ ਹਮਲੇ ਨਾਲ ਮੱਧ ਪੂਰਬ ਵਿਚ ਬਹੁਤ ਹੀ ਚਿੰਤਾਜਨਕ ਹਾਲਾਤ ਬਣ ਗਏ ਹਨ। 1980 ਦੇ ਦਹਾਕੇ ਦੇ ਇਰਾਨ-ਇਰਾਕ ਯੁੱਧ ਤੋਂ ਬਾਅਦ ਇਹ ਇਰਾਨ ਉੱਪਰ ਸਭ ਤੋਂ ਵੱਡਾ ਹਮਲਾ ਹੈ। ਸ਼ੁਰੂ 'ਚ ਹੀ ਘੱਟੋ-ਘੱਟ 78 ਲੋਕਾਂ ਦੇ ਮਾਰੇ ਜਾਣ ਅਤੇ 300 ਤੋਂ ਵੱਧ ਲੋਕਾਂ ਦੇ ਜ਼ਖ਼ਮੀ ਹੋਣ ਦੀ ਰਿਪੋਰਟ ਹੈ। ਇਰਾਨ ਦੀ ਹਵਾਈ ਰੱਖਿਆ ਪ੍ਰਣਾਲੀ, ਪ੍ਰਮਾਣੂ ਸਥਾਨਾਂ, ਮਹੱਤਵਪੂਰਨ ਫ਼ੌਜੀ ਅਧਿਕਾਰੀਆਂ ਅਤੇ ਕਮਾਂਡ ਸੈਂਟਰਾਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਇਸ ਹਮਲੇ ਵਿਚ ਛੇ ਪ੍ਰਮਾਣੂ ਵਿਗਿਆਨੀ, ਇਰਾਨ ਦੀ ਫ਼ੌਜ ਦੇ ਚੀਫ਼ ਆਫ਼ ਸਟਾਫ਼ ਅਤੇ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰਪਸ (ਆਈ.ਆਰ.ਜੀ.ਸੀ) ਦੇ ਪ੍ਰਮੁੱਖ ਕਮਾਂਡਰ ਸਮੇਤ 20 ਆਹਲਾ ਫ਼ੌਜੀ ਅਧਿਕਾਰੀ ਮਾਰ ਦਿੱਤੇ ਗਏ। (2020 'ਚ ਇਰਾਨ ਦੇ ਸਭ ਤੋਂ ਵੱਡੇ ਪ੍ਰਮਾਣੂ ਵਿਗਿਆਨੀ ਮੋਹਸਿਨ ਫਖ਼ਰਿਜ਼ਦੇਹ ਵੀ ਇਜ਼ਰਾਇਲ ਵੱਲੋਂ ਰਿਮੋਟ ਨਾਲ ਸੰਚਾਲਤ ਹਮਲੇ ਵਿਚ ਮਾਰ ਦਿੱਤੇ ਗਏ ਸਨ।) ਮੁੱਖ ਤੇਲ-ਸੋਧਕ ਕਾਰਖ਼ਾਨੇ ਅਤੇ ਦੁਨੀਆ ਦੇ ਸਭ ਤੋਂ ਵੱਡੇ ਕੁਦਰਤੀ ਗੈਸ ਖੇਤਰ ਉੱਪਰ ਵੀ ਹਮਲੇ ਕੀਤੇ ਗਏ ਹਨ।

ਇਰਾਨ ਵੱਲੋਂ ਵੀ ਇਜ਼ਰਾਇਲ ਦੇ ਯੇਰੂਸ਼ਲਮ ਅਤੇ ਤੇਲ-ਅਵੀਵ ਸ਼ਹਿਰਾਂ ਉੱਪਰ ਡਰੋਨਾਂ ਅਤੇ ਮਿਜ਼ਾਇਲਾਂ ਨਾਲ ਜਵਾਬੀ ਹਮਲੇ ਕੀਤੇ ਗਏ ਹਨ। ਇਜ਼ਰਾਇਲੀ ਲੋਕ ਹਮਲਿਆਂ ਦੇ ਖ਼ੌਫ਼ ਨਾਲ ਸਹਿਮੇ ਹੋਏ ਹਨ। ਨੇਤਨਯਾਹੂ ਅਤੇ ਉਸਦੇ ਚੋਟੀ ਦੇ ਅਧਿਕਾਰੀ ਮਹਿਫ਼ੂਜ਼ ਬੰਕਰਾਂ ਵਿਚ ਜਾ ਲੁਕੇ ਹਨ। ਨੇਤਨਯਾਹੂ ਜੁੰਡਲੀ ਨੂੰ ਇਰਾਨ ਵੱਲੋਂ ਇਸ ਕਦਰ ਜਵਾਬੀ ਹਮਲੇ ਦੀ ਉਮੀਦ ਨਹੀਂ ਸੀ। ਇਸ ਲੜਾਈ ਦਾ ਨਤੀਜਾ ਚਾਹੇ ਕੁਝ ਵੀ ਹੋਵੇ, ਇਕ ਵਾਰ ਤਾਂ ਇਰਾਨ ਨੇ ਇਜ਼ਰਾਇਲ ਦਾ 'ਫ਼ੌਲਾਦੀ ਸੁਰੱਖਿਆ ਕਵੱਚ' ਤੋੜ ਕੇ ਇਸ ਦਾ ਅਜਿੱਤ ਹੋਣ ਦਾ ਗ਼ਰੂਰ ਭੰਨ ਦਿੱਤਾ ਹੈ। ਹੁਣ ਇਰਾਨ ਦੇ ਜਵਾਬੀ ਹਮਲੇ ਤੋਂ ਬੁਖਲਾ ਕੇ ਇਜ਼ਰਾਇਲੀ ਫ਼ੌਜ ਨੇ ਗਾਜ਼ਾ ਦੀ ਤਰ੍ਹਾਂ ਇੱਥੇ ਵੀ ਪੀਣ ਵਾਲੇ ਪਾਣੀ, ਸੀਵਰ, ਬਿਜਲੀ ਅਤੇ ਹੋਰ ਜ਼ਰੂਰੀ ਲੋੜਾਂ ਦੀ ਪੂਰਤੀ ਦਾ ਬੁਨਿਆਦੀ-ਢਾਂਚਾ ਤਬਾਹ ਕਰਨਾ ਸ਼ੁਰੂ ਕਰ ਦਿੱਤਾ ਹੈ। ਟਰੰਪ ਵੱਲੋਂ ਇਜ਼ਰਾਇਲ ਦੀ ਨਿਖੇਧੀ ਕਰਨ ਦੀ ਬਜਾਏ ਇਰਾਨ ਨੂੰ ਧਮਕਾਉਣ ਤੋਂ ਸਪਸ਼ਟ ਹੈ ਕਿ ਇਹ ਹਮਲਾ ਅਮਰੀਕਾ-ਇਜ਼ਰਾਇਲ ਦੇ ਸਾਂਝੇ ਹਿਤਾਂ ਤੋਂ ਪ੍ਰੇਰਿਤ ਹੈ ਅਤੇ ਇਰਾਨ ਦੀ ਸੱਤਾ, ਖ਼ਾਸ ਕਰਕੇ ਪ੍ਰਮੁੱਖ ਆਗੂ ਉਨ੍ਹਾਂ ਦੇ ਨਿਸ਼ਾਨੇ 'ਤੇ ਹੈ।

ਆਸਟਰੀਆ, ਫਰਾਂਸ, ਕੈਨੇਡਾ ਅਤੇ ਯੂਰਪੀ ਯੂਨੀਅਨ ਨੇ ਆਪਣੀ ਖ਼ਸਲਤ ਅਨੁਸਾਰ ਇਜ਼ਰਾਇਲ ਦੇ ਭੜਕਾਊ ਹਮਲੇ ਦਾ ਵਿਰੋਧ ਕਰਨ ਦੀ ਬਜਾਏ 'ਡੂੰਘੀ ਚਿੰਤਾ' ਪ੍ਰਗਟਾਈ ਹੈ ਅਤੇ ਦੋਹਾਂ ਧਿਰਾਂ ਨੂੰ ਸੰਜਮ ਵਰਤਣ ਲਈ ਕਿਹਾ ਹੈ। ਇਜ਼ਰਾਇਲ ਦਾ ਸਭ ਤੋਂ ਮਹੱਤਵਪੂਰਨ ਯੁੱਧਨੀਤਕ ਭਾਈਵਾਲ ਅਮਰੀਕਾ ਅਜੇ ਸਿੱਧਾ ਫ਼ੌਜੀ ਹਮਲੇ ਵਿਚ ਸ਼ਾਮਲ ਤਾਂ ਨਹੀਂ ਹੋਇਆ ਪਰ ਪਰਦੇ ਪਿੱਛੇ ਰਹਿ ਕੇ ਇਜ਼ਰਾਇਲ ਨੂੰ ਪੂਰੀ ਫ਼ੌਜੀ ਮੱਦਦ ਅਤੇ ਖ਼ੁਫ਼ੀਆ ਜਾਣਕਾਰੀ ਮੁਹੱਈਆ ਕਰਵਾ ਰਿਹਾ ਹੈ। ਟਰੰਪ ਨੇ ਇਰਾਨ ਨੂੰ ਪ੍ਰਮਾਣੂ ਸਮਝੌਤੇ ਲਈ ਗੱਲਬਾਤ ਵਿਚ ਉਲਝਾ ਕੇ ਇਜ਼ਰਾਇਲ ਤੋਂ ਹਮਲਾ ਕਰਵਾਇਆ, ਹੁਣ ਉਸ ਵੱਲੋਂ ਯੁੱਧ ਵਿਚ ਸ਼ਾਮਲ ਹੋਣ ਦੇ ਸੰਕੇਤ ਵੀ ਦਿੱਤੇ ਜਾ ਰਹੇ ਹਨ। ਜਦੋਂ ਅਮਰੀਕਨ ਹਕੂਮਤ ਇਹ ਕਹਿੰਦੀ ਹੈ ਕਿ 'ਇਜ਼ਰਾਇਲ ਦੀ ਸੁਰੱਖਿਆ ਉਨ੍ਹਾਂ ਦੀ ਕੇਂਦਰੀ ਤਰਜ਼ੀਹ ਹੈ', ਤਾਂ ਇਹ ਇਜ਼ਰਾਇਲ ਨੂੰ ਹਮਲਾ ਜਾਰੀ ਰੱਖਣ ਲਈ ਥਾਪੀ ਦੇਣਾ ਹੈ। ਹੁਣ ਦੇਖਣਾ ਇਹ ਹੈ ਕਿ ਸੰਸਾਰ ਤਾਕਤਾਂ ਦੇ ਮੌਜੂਦਾ ਸੰਤੁਲਨ ਵਿਚ ਯੂ.ਐਨ. ਸੁਰੱਖਿਆ ਕੌਂਸਲ ਦਾ ਐਮਰਜੈਂਸੀ ਸੈਸ਼ਨ ਅਤੇ ਜੀ-7 ਦਾ ਸਿਖ਼ਰ ਸੰਮੇਲਨ ਮੱਧ ਪੂਰਬ ਵਿਚ ਬਣੇ ਸੰਕਟ ਬਾਰੇ ਕੀ ਫ਼ੈਸਲਾ ਲੈਂਦੇ ਹਨ। ਜੇ ਰੂਸ-ਚੀਨ ਆਪਣੇ ਸਾਮਰਾਜਵਾਦੀ ਹਿਤ ਲਈ ਇਰਾਨ ਦਾ ਸਾਥ ਦਿੰਦੇ ਹਨ ਤਾਂ ਇਹ ਲੜਾਈ ਹੋਰ ਵੀ ਭਿਆਨਕ ਬਣ ਜਾਵੇਗੀ। ਜਿੱਥੋਂ ਤੱਕ ਇਸਲਾਮਿਕ ਮੁਲਕਾਂ ਦਾ ਸਵਾਲ ਹੈ, ਉਹ ਸ਼ੀਆ-ਸੁੰਨੀ ਧੜਿਆਂ ਵਿਚ ਵੰਡੇ ਹੋਣ ਕਾਰਨ ਅਮਰੀਕਾ-ਇਜ਼ਰਾਇਲ ਦੇ ਦਹਿਸ਼ਤਗਰਦ ਧੁਰੇ ਦੇ ਦੁਸ਼ਟ ਹਮਲੇ ਵਿਰੁੱਧ ਡੱਟਣ ਦੀ ਬਜਾਏ ਮਜ਼ਹਬੀ ਪਾਟਕ ਅਤੇ ਸਾਮਰਾਜੀ ਤਾਕਤਾਂ ਨਾਲ ਆਪਣੇ ਸੰਬੰਧਾਂ ਦੇ ਆਧਾਰ 'ਤੇ ਕੂਟਨੀਤਕ ਬਿਆਨਬਾਜ਼ੀ ਕਰਨ ਲਈ ਸਰਾਪੇ ਹੋਏ ਹਨ। ਭਾਰਤ ਦੀ ਭਗਵਾ ਹਕੂਮਤ ਆਪਣੀ ਫਾਸ਼ੀਵਾਦੀ ਖ਼ਸਲਤ ਅਨੁਸਾਰ ਇਜ਼ਰਾਇਲ ਦੇ ਹੱਕ ਵਿਚ ਭੁਗਤ ਰਹੀ ਹੈ ਅਤੇ ਇਸਨੇ 'ਸ਼ੰਘਾਈ ਸਹਿਯੋਗ ਸੰਗਠਨ' ਵੱਲੋਂ ਜਾਰੀ ਕੀਤੇ ਬਿਆਨ, ਜਿਸ ਵਿਚ ਇਜ਼ਰਾਇਲੀ ਹਮਲੇ ਦੀ ਨਿਖੇਧੀ ਕੀਤੀ ਗਈ, ਤੋਂ ਦੂਰੀ ਬਣਾ ਕੇ ਇਜ਼ਰਾਇਲੀ ਦਹਿਸ਼ਤਵਾਦ ਨਾਲ ਵਫ਼ਾਦਾਰੀ ਪਾਲੀ ਹੈ।

ਜਿਸ ਤਰ੍ਹਾਂ 2003 'ਚ ਅਮਰੀਕਾ ਨੇ ਇਰਾਕ ਉੱਪਰ ਘਾਤਕ ਹਥਿਆਰ ਹੋਣ ਦਾ ਝੂਠਾ ਦੋਸ਼ ਲਾ ਕੇ ਹਮਲਾ ਕੀਤਾ ਸੀ, ਉਸੇ ਤਰ੍ਹਾਂ ਨੇਤਨਯਾਹੂ ਹਕੂਮਤ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਇਹ ਹਮਲਾ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਤੋਂ 'ਸਵੈ-ਰੱਖਿਆ' ਲਈ ਕੀਤਾ ਹੈ। ਕੁਲ ਆਲਮ ਨੂੰ ਪਤਾ ਹੈ ਕਿ ਯਹੂਦੀਵਾਦੀ ਇਜ਼ਰਾਇਲੀ ਹਕੂਮਤ ਆਪਣੀਆਂ ਬਦਮਾਸ਼ੀਆਂ ਨੂੰ ਜਾਇਜ਼ ਠਹਿਰਾਉਣ ਲਈ ਬਹਾਨੇ ਘੜਨ ਦੀ ਮਾਹਰ ਹੈ, ਜੋ ਆਪਣੇ ਜਨਮ ਤੋਂ ਹੀ ਆਲਮੀ ਲੋਕ-ਰਾਇ ਅਤੇ ਕਾਇਦੇ-ਕਾਨੂੰਨਾਂ ਨੂੰ ਟਿੱਚ ਸਮਝ ਕੇ ਅਮਰੀਕਨ ਸਾਮਰਾਜ ਦੀ ਸਰਪ੍ਰਸਤੀ ਅਤੇ ਮਿਲੀਭੁਗਤ ਨਾਲ ਆਪਣੇ ਖ਼ੂਨੀ ਮਨਸੂਬਿਆਂ ਨੂੰ ਅੰਜਾਮ ਦਿੰਦੀ ਆ ਰਹੀ ਹੈ। ਹੁਣ ਵੀ ਇਜ਼ਰਾਇਲੀ ਹਕੂਮਤ ਵੱਲੋਂ ਇਰਾਨ ਦੇ ਕਥਿਤ ਪ੍ਰਮਾਣੂ ਪ੍ਰੋਗਰਾਮ ਬਾਰੇ ਆਪਣੇ ਇਤਰਾਜ਼ ਕੌਮਾਂਤਰੀ ਮੰਚਾਂ ਉੱਪਰ ਉਠਾਉਣ ਦੀ ਬਜਾਏ ਹਮਲੇ ਵਿੱਢ ਦਿੱਤੇ ਗਏ। ਪ੍ਰਮਾਣੂ ਹਥਿਆਰਾਂ ਨਾਲ ਲੈਸ ਅਮਰੀਕਾ-ਇਜ਼ਰਾਇਲ ਨੂੰ ਇਹ ਅਧਿਕਾਰ ਕਿਸਨੇ ਦਿੱਤਾ ਹੈ ਕਿ ਕਿਸੇ ਹੋਰ ਮੁਲਕ ਨੂੰ ਆਪਣੀ ਸੁਰੱਖਿਆ ਲਈ ਪ੍ਰਮਾਣੂ ਜਾਂ ਕੋਈ ਵੀ ਹੋਰ ਤਕਨੀਕ ਵਿਕਸਤ ਕਰਨ ਤੋਂ ਰੋਕਣ ਲਈ ਉਸ ਉੱਪਰ ਹਮਲਾ ਕਰਕੇ ਤਬਾਹੀ ਮਚਾਉਣ?

ਜਿੱਥੋਂ ਤੱਕ ਪ੍ਰਮਾਣੂ ਹਥਿਆਰਾਂ ਦਾ ਸਵਾਲ ਹੈ, ਇਜ਼ਰਾਈਲ ਮੱਧ ਪੂਰਬ ਵਿਚ ਅਮਰੀਕਾ ਦੀ ਫ਼ੌਜੀ ਚੌਂਕੀ ਦੀ ਭੂਮਿਕਾ ਨਿਭਾ ਰਿਹਾ ਹੋਣ ਕਾਰਨ ਉਸ ਕੋਲ ਸੈਂਕੜੇ ਪ੍ਰਮਾਣੂ ਹਥਿਆਰ ਹਨ ਅਤੇ ਸਭ ਤੋਂ ਘਾਤਕ ਹਥਿਆਰਾਂ ਦਾ ਨਿਰਮਾਤਾ ਖ਼ੁਦ ਅਮਰੀਕਾ ਹੈ। ਮੱਧ ਪੂਰਬ ਵਿਚ ਇਜ਼ਰਾਇਲ ਪ੍ਰਮਾਣੂ ਹਥਿਆਰਾਂ ਨਾਲ ਲੈਸ ਇੱਕੋ-ਇਕ ਮੁਲਕ ਹੈ ਜਿਸ ਕੋਲ ਘੱਟੋ-ਘੱਟ 90 ਪ੍ਰਮਾਣੂ ਵਾਰ-ਹੈਡ ਹਨ। ਉਸ ਦੀ ਇਹ ਦਲੀਲ ਕਿੰਨੀ ਹਾਸੋ-ਹੀਣੀ ਹੈ ਕਿ ਇਰਾਨ ਭਵਿੱਖ ਵਿਚ ਕਦੇ ਪ੍ਰਮਾਣੂ ਹਥਿਆਰ ਬਣਾਉਣ ਦੀ ਸਮਰੱਥਾ ਵਿਕਸਤ ਕਰ ਸਕਦਾ ਹੈ! ਇਰਾਨ ਦੇ ਨਾਗਰਿਕ ਪ੍ਰਮਾਣੂ ਪ੍ਰੋਗਰਾਮ ਦੀ ਆਲੋਚਨਾ ਕਰਦੇ ਸਮੇਂ ਵਾਸ਼ਿੰਗਟਨ ਅਤੇ ਤੇਲ ਅਵੀਵ ਦੇ ਠੱਗ ਹੁਕਮਰਾਨ ਇਸ ਬਾਰੇ ਚੁੱਪ ਹਨ।

ਅਮਰੀਕਾ, ਯੂਰਪੀ ਯੂਨੀਅਨ ਅਤੇ ਇਜ਼ਰਾਇਲ ਇਹ ਹੋ-ਹੱਲਾ ਮਚਾਉਂਦੇ ਰਹੇ ਹਨ ਕਿ ਇਰਾਨ ਪ੍ਰਮਾਣੂ ਹਥਿਆਰ ਬਣਾ ਰਿਹਾ ਹੈ, ਪਰ ਕਿਸੇ ਵੀ ਜਾਂਚ ਨੇ ਇਨ੍ਹਾਂ ਦੋਸ਼ਾਂ ਦੀ ਪੁਸ਼ਟੀ ਨਹੀਂ ਕੀਤੀ ਕਿ ਇਰਾਨ ਆਪਣੇ ਪ੍ਰਮਾਣੂ ਪ੍ਰੋਗਰਾਮ ਨੂੰ ਫ਼ੌਜੀ ਹਥਿਆਰ ਬਣਾਉਣ ਲਈ ਵਿਕਸਤ ਕਰ ਰਿਹਾ ਹੈ। ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ (ਆਈਏਈਏ) ਵੱਲੋਂ ਡੂੰਘੀ ਜਾਂਚ ਕੀਤੇ ਜਾਣ 'ਤੇ ਇਹ ਦੋਸ਼ ਸਿੱਧ ਨਹੀਂ ਹੋਏ। ਇਰਾਨ ਕੋਲ ਪ੍ਰਮਾਣੂ ਹਥਿਆਰ ਬਣਾਉਣ ਦਾ ਕੋਈ ਫ਼ੌਜੀ ਪ੍ਰੋਗਰਾਮ ਨਹੀਂ ਹੈ। ਉਸ ਕੋਲ ਸਿਵਲ ਯੂਰੇਨੀਅਮ ਸੋਧ ਪ੍ਰੋਗਰਾਮ ਹੈ ਜੋ ਉਪਰੋਕਤ ਏਜੰਸੀ ਵੱਲੋਂ ਲਾਗੂ ਨੇਮਾਂ ਦੇ ਤਹਿਤ ਹੈ। ਅੰਤਰਰਾਸ਼ਟਰੀ ਕਾਨੂੰਨ ਦੇ ਤਹਿਤ ਇਰਾਨ ਨੂੰ ਆਪਣੇ ਬੁਸ਼ਹਰ ਰਿਐਕਟਰ ਲਈ, ਜੋ ਰੂਸ ਵੱਲੋਂ ਬਣਾਇਆ ਗਿਆ ਹੈ, ਪ੍ਰਮਾਣੂ ਬਾਲਣ (ਫਿਊਲ) ਬਣਾਉਣ ਦੀ ਇਜਾਜ਼ਤ ਹੈ, ਅਤੇ ਭਵਿੱਖ ਵਿਚ ਉਸਦੀ ਯੋਜਨਾ ਅਜਿਹੇ ਹੋਰ ਰਿਐਕਟਰਾਂ ਦੀ ਹੈ। ਦੂਜਾ, ਸਪਸ਼ਟ ਰਿਪੋਰਟਾਂ ਹਨ ਕਿ ਇਰਾਨ ਦੀ ਇਸਲਾਮਿਕ ਹਕੂਮਤ ਨੇ ਨਿਊਕਲੀਅਰ ਹਥਿਆਰ ਨਾ ਬਣਾਉਣ ਦਾ ਫ਼ੈਸਲਾ ਕੀਤਾ ਹੋਇਆ ਹੈ। ਇਨ੍ਹਾਂ ਤੱਥਾਂ ਦੇ ਬਾਵਜੂਦ ਪੱਛਮੀ ਸਾਮਰਾਜੀ ਤਾਕਤਾਂ ਇਜ਼ਰਾਇਲ ਦੇ ਇਸ ਲੰਗੜੇ ਬਹਾਨੇ ਦੀ ਹਾਂ ਵਿਚ ਹਾਂ ਮਿਲਾ ਰਹੀਆਂ ਹਨ ਕਿ ਇਰਾਨ ਪ੍ਰਮਾਣੂ ਹਥਿਆਰ ਬਣਾ ਰਿਹਾ ਹੈ ਅਤੇ ਇਰਾਨ ਕੌਮਾਂਤਰੀ ਅਮਨ-ਅਮਾਨ ਲਈ ਖ਼ਤਰਾ ਹੈ। ਲਿਹਾਜ਼ਾ, ਇਜ਼ਰਾਇਲ ਦਾ ਇਹ ਹਮਲਾ ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨ ਦੀ ਨੰਗੀ-ਚਿੱਟੀ ਉਲੰਘਣਾ ਹੈ। ਇਹ ਹਮਾਸ ਦੇ ਕਥਿਤ ਹਮਲੇ ਦੇ ਬਹਾਨੇ ਅਕਤੂਬਰ 2023 ਤੋਂ ਲੈ ਕੇ ਫ਼ਲਸਤੀਨੀ ਲੋਕਾਂ ਦੀ ਲਗਾਤਾਰ ਕੀਤੀ ਜਾ ਰਹੀ ਨਸਲਕੁਸ਼ੀ ਦੀ ਤਰਜ਼ 'ਤੇ ਪੂਰੀ ਤਰ੍ਹਾਂ ਨਜਾਇਜ਼ ਤੇ ਧੱਕੜ ਹਮਲਾ ਹੈ। ਇਹ ਇਸ ਤੋਂ ਵੀ ਸਪਸ਼ਟ ਹੈ ਕਿ ਇਹ ਹਮਲਾ ਸਿਰਫ਼ ਫ਼ੌਜੀ ਟਿਕਾਣਿਆਂ ਤੱਕ ਸੀਮਤ ਨਹੀਂ ਹੈ। ਰਿਹਾਇਸ਼ੀ ਇਮਾਰਤਾਂ ਉੱਤੇ ਵੀ ਬੰਬ ਅਤੇ ਮਿਜ਼ਾਇਲਾਂ ਸੁੱਟੀਆਂ ਗਈਆਂ ਜਿੱਥੇ ਇਰਾਨੀ ਸ਼ਾਸਨ ਦੇ ਸੀਨੀਅਰ ਫ਼ੌਜੀ ਅਧਿਕਾਰੀ ਮੌਜੂਦ ਸਨ। ਹਮਲੇ ਦਾ ਮਕਸਦ ਇਰਾਨ ਦੇ ਵਿਗਿਆਨੀਆਂ ਅਤੇ ਉੱਚ ਫ਼ੌਜੀ ਅਫ਼ਸਰਾਂ ਨੂੰ ਕਤਲ ਕਰਨਾ ਸੀ। ਲਿਹਾਜ਼ਾ, ਦੁਨੀਆ ਦੇ ਅਮਨ-ਅਮਾਨ ਲਈ ਅਸਲ ਖ਼ਤਰਾ ਇਜ਼ਰਾਇਲੀ ਦਹਿਸ਼ਤਗਰਦ ਸਟੇਟ ਹੈ ਜਿਸ ਨੂੰ ਅਮਰੀਕਾ ਅਤੇ ਨਾਟੋ ਤਾਕਤਾਂ ਦੀ ਸ਼ਹਿ ਕਾਰਨ ਸੰਯੁਕਤ ਰਾਸ਼ਟਰ ਦੇ ਮਤਿਆਂ ਦੀ ਵੀ ਕੋਈ ਪ੍ਰਵਾਹ ਨਹੀਂ ਹੈ।



ਇਹ ਹਮਲਾ ਉਸ ਵਕਤ ਕੀਤਾ ਗਿਆ ਜਦੋਂ ਇਰਾਨ ਅਮਰੀਕਾ ਦੀ ਗੱਲਬਾਤ ਚੱਲ ਰਹੀ ਸੀ। ਸ਼ੁਰੂ ਤੋਂ ਹੀ ਇਸ 'ਗੱਲਬਾਤ' ਦਾ ਵਿਰੋਧ ਕਰ ਰਹੀ ਨੇਤਨਯਾਹੂ ਹਕੂਮਤ ਇਰਾਨ ਵਿਰੁੱਧ ਯੁੱਧ ਦੀ ਵਕਾਲਤ ਕਰਦੀ ਰਹੀ ਹੈ। ਯੁੱਧ ਖ਼ਤਮ ਕਰਾਉਣ ਦੇ ਵਾਅਦੇ ਨਾਲ ਸੱਤਾ ਵਿਚ ਆਇਆ ਟਰੰਪ ਰੂਸ-ਯੂਕਰੇਨ ਯੁੱਧ ਬੰਦ ਕਰਾਉਣ ਦੇ ਦਾਅਵੇ ਕਰ ਰਿਹਾ ਹੈ ਅਤੇ ਹਮਾਸ-ਇਜ਼ਰਾਇਲ ਯੁੱਧਬੰਦੀ ਕਰਾਉਣ ਲਈ ਯਤਨਸ਼ੀਲ ਹੋਣ ਦੀ ਬਿਆਨਬਾਜ਼ੀ ਵੀ ਕਰਦਾ ਹੈ। ਉਸ ਵੱਲੋਂ ਵਪਾਰ ਨਾ ਕਰਨ ਦੀ ਧਮਕੀ ਦੇ ਕੇ ਭਾਰਤ-ਪਾਕਿਸਤਾਨ ਦਰਮਿਆਨ ਕਰਾਈ ਯੁੱਧਬੰਦੀ ਦੇ ਖ਼ੁਲਾਸੇ ਮੋਦੀ ਵਜ਼ਾਰਤ ਦੇ ਗਲੇ ਦੀ ਹੱਡੀ ਬਣ ਗਏ। ਆਪਣੇ ਆਪ ਨੂੰ 'ਸ਼ਾਂਤੀ ਦਾ ਮਸੀਹਾ' ਦੱਸਣ ਵਾਲੇ ਟਰੰਪ ਵੱਲੋਂ ਫ਼ਲਸਤੀਨੀ ਲੋਕਾਂ ਦੀ ਨਸਲਕੁਸ਼ੀ ਬੰਦ ਕਰਨ ਅਤੇ ਇਜ਼ਰਾਇਲ ਨੂੰ ਇਰਾਨ ਉੱਪਰ ਹਮਲਾ ਕਰਨ ਤੋਂ ਰੋਕਣ ਲਈ ਭਾਰਤ-ਪਾਕਿ ਦਰਮਿਆਨ ਯੁੱਧਬੰਦੀ ਵਾਲੀ ਤਰਕੀਬ ਕਿਉਂ ਨਹੀਂ ਵਰਤੀ ਗਈ? ਸਚਾਈ ਇਹ ਹੈ ਕਿ ਅਮਰੀਕਨ ਹਕੂਮਤ ਦੀ ਸਹਿਮਤੀ ਤੋਂ ਬਿਨਾਂ ਇਜ਼ਰਾਇਲ ਇਰਾਨ ਉੱਪਰ ਹਮਲਾ ਕਰ ਹੀ ਨਹੀਂ ਸੀ ਸਕਦਾ। ਅਮਰੀਕਨ ਹਾਕਮ ਜਮਾਤ ਦਾ ਇਕ ਹਿੱਸਾ ਐਲਾਨੀਆ ਤੌਰ 'ਤੇ ਨੇਤਨਯਾਹੂ ਸਰਕਾਰ ਨਾਲ ਖੜ੍ਹਨ ਦੇ ਐਲਾਨ ਕਰ ਰਿਹਾ ਹੈ ਅਤੇ ਅਮਰੀਕਾ ਦੇ ਕਈ ਸੰਸਦ ਮੈਂਬਰਾਂ ਨੇ ਇਜ਼ਰਾਇਲ ਦੇ ਹਮਲੇ ਦੀ ਹਮਾਇਤ ਕਰਦਿਆਂ ਇਜ਼ਰਾਇਲ ਦਾ ਖੁੱਲ੍ਹ ਕੇ ਸਾਥ ਦੇਣ ਦੀ ਮੰਗ ਕੀਤੀ ਹੈ। ਟਰੰਪ ਸਰਕਾਰ ਇਸ ਸਮੇਂ ਇਜ਼ਰਾਇਲ ਨੂੰ ਮੋਹਰਾ ਬਣਾ ਕੇ ਮੱਧ ਪੂਰਬ ਵਿਚ ਆਪਣੇ ਹਿਤ ਅੱਗੇ ਵਧਾਉਣ ਦੀ ਨੀਤੀ 'ਤੇ ਚੱਲ ਰਹੀ ਹੈ। ਇਸ ਸਮੁੱਚੀ ਯੁੱਧ-ਗੇਮ ਦਾ ਸੂਤਰਧਾਰ 'ਸ਼ਾਂਤੀ ਦਾ ਮਸੀਹਾ' ਹੋਣ ਦਾ ਦੰਭ ਰਚਣ ਵਾਲਾ ਟਰੰਪ ਹੀ ਹੈ।

ਨੇਤਨਯਾਹੂ ਨੇ ਓਮਾਨ ਵਿਚ ਈਰਾਨ ਅਤੇ ਅਮਰੀਕਾ ਦਰਮਿਆਨ ਸ਼ਾਂਤੀ ਗੱਲਬਾਤ ਤੋਂ ਇਕ ਦਿਨ ਪਹਿਲਾਂ ਹਮਲਾ ਕੀਤਾ ਅਤੇ ਇਸ ਹਮਲੇ ਦਾ ਰਾਹ ਪੱਧਰਾ ਕਰਨ ਵਾਲਾ ਵੀ ਹੋਰ ਕੋਈ ਨਹੀਂ ਸਗੋਂ ਟਰੰਪ ਹੀ ਹੈ। ਇਰਾਕ ਯੁੱਧ ਦੇ ਇਕ ਯੋਜਨਾਘਾੜੇ ਜੌਹਨ ਬੋਲਟਨ ਦੇ ਇਹ ਸ਼ਬਦ ਮੱਧ ਪੂਰਬੀ ਖ਼ਿੱਤੇ ਵਿਚ ਅਮਰੀਕਨ ਥਾਣੇਦਾਰੀ ਦਾ ਨਮੂਨਾ ਹਨ: 'ਮੱਧ ਪੂਰਬ ਲਈ ਅਮਨ ਅਤੇ ਸੁਰੱਖਿਆ ਦੀ ਇੱਕੋ-ਇਕ ਸਥਾਈ ਬੁਨਿਆਦ ਇਯਾਤਉੱਲਿਆਂ ਦੇ ਰਾਜ ਦਾ ਤਖ਼ਤਾ ਪਲਟਣਾ ਹੈ। ਅਮਰੀਕਾ ਦਾ ਐਲਾਨੀਆ ਉਦੇਸ਼ ਬਸ ਇਹ ਹੋਣਾ ਚਾਹੀਦਾ ਹੈ।' ਟਰੰਪ ਬਹੁਤ ਹੀ ਸ਼ਾਤਰ ਤਰੀਕੇ ਨਾਲ ਆਪਣੇ ਸਾਮਰਾਜੀ ਹਿਤਾਂ ਨੂੰ ਅੱਗੇ ਵਧਾਉਣ ਵੱਲ ਵਧ ਰਿਹਾ ਹੈ।

ਮਈ 2018 'ਚ ਟਰੰਪ ਦੀ ਅਗਵਾਈ ਹੇਠ ਅਮਰੀਕਾ ਈਰਾਨ ਨਾਲ ਪ੍ਰਮਾਣੂ ਸਮਝੌਤੇ (ਜੇ.ਸੀ.ਪੀ.".ਏ.) ਵਿਚੋਂ ਇਕਤਰਫ਼ਾ ਤੌਰ 'ਤੇ ਬਾਹਰ ਆ ਗਿਆ ਅਤੇ ਇਰਾਨ ਉੱਪਰ ਆਰਥਕ ਪਾਬੰਦੀਆਂ ਮੁੜ ਲਗਾ ਦਿੱਤੀਆਂ। ਇਰਾਨ ਅਤੇ ਛੇ ਆਲਮੀ ਤਾਕਤਾਂ ਦਰਮਿਆਨ 2015 ਦੇ ਇਸ ਸਮਝੌਤੇ ਤਹਿਤ ਇਰਾਨ ਉੱਪਰ ਪਾਬੰਦੀਆਂ 'ਚ ਢਿੱਲ ਦੇਣ ਬਦਲੇ ਪ੍ਰਮਾਣੂ ਪ੍ਰੋਗਰਾਮ ਦੀਆਂ ਸਖ਼ਤ ਸੀਮਾਵਾਂ ਲਗਾਈਆਂ ਗਈਆਂ ਸਨ। ਇਰਾਨ ਨੇ ਸਮਝੌਤੇ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਦਕਿ ਨੇਤਨਯਾਹੂ ਇਸ ਸਮਝੌਤੇ ਵਿਰੁੱਧ ਸ਼ੁਰੂ ਤੋਂ ਹੀ ਮੁਹਿੰਮ ਚਲਾ ਰਿਹਾ ਸੀ। 'ਵੱਧ ਤੋਂ ਵੱਧ ਦਬਾਅ' ਦੀ ਨੀਤੀ ਤਹਿਤ ਪਾਬੰਦੀਆਂ ਮੁੜ ਥੋਪਣ ਦਾ ਟਰੰਪ ਦਾ ਮਨੋਰਥ ਇਰਾਨ ਦੀ ਆਰਥਿਕਤਾ ਨੂੰ ਅਪਾਹਜ ਬਣਾ ਕੇ ਇਰਾਨ ਵਿਚ ਘਰੋਗੀ ਬੇਚੈਨੀ ਭੜਕਾਉਣਾ ਸੀ। ਟਰੰਪ ਨੇ ਯੇਰੂਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇਣ, ਗੋਲਾਨ ਪਹਾੜੀਆਂ ਨੂੰ ਇਜ਼ਰਾਈਲੀ ਖੇਤਰ ਮੰਨ ਲੈਣ ਸਮੇਤ ਇਜ਼ਰਾਇਲ ਨੂੰ ਕੂਟਨੀਤਕ, ਫ਼ੌਜੀ ਅਤੇ ਯੁੱਧਨੀਤਕ ਮੱਦਦ ਦੇਣੀ ਜਾਰੀ ਰੱਖੀ। ਇਜ਼ਰਾਈਲ ਨੂੰ ਇਰਾਨ ਵਿਰੁੱਧ ਸੀਰੀਆ ਵਿਚ, ਜਿੱਥੇ ਇਰਾਨ ਅਸਦ ਸਰਕਾਰ ਦੀ ਹਮਾਇਤ ਕਰਦਾ ਹੈ, ਅਤੇ ਇਸ ਤੋਂ ਬਾਹਰ ਕਾਰਵਾਈਆਂ ਕਰਨ ਦੀ ਪੂਰੀ ਖੁੱਲ੍ਹ ਦਿੱਤੀ ਗਈ। 3 ਜਨਵਰੀ 2020 ਨੂੰ ਅਮਰੀਕਾ ਨੇ ਇਜ਼ਰਾਇਲ ਦੀ ਖ਼ੁਫ਼ੀਆ ਜਾਣਕਾਰੀ ਅਤੇ ਹੋਰ ਮੱਦਦ ਨਾਲ ਬਗਦਾਦ ਵਿਚ ਡਰੋਨ ਹਮਲੇ ਰਾਹੀਂ ਇਰਾਨ ਦੀ ਕੁਡਸ ਫੋਰਸ ਦੇ ਕਮਾਂਡਰ ਕਾਸਿਮ ਸੋਲੇਮਾਨੀ ਦਾ ਕਤਲ ਕੀਤਾ।

ਟਰੰਪ ਦੌਰ ਵਿਚ, ਇਜ਼ਰਾਈਲ ਦੀਆਂ ਇਰਾਨ ਵਿਰੁੱਧ ਗੁਪਤ ਕਾਰਵਾਈਆਂ ਅਤੇ ਸਾਇਬਰ ਯੁੱਧ ਤੇਜ਼ੀ ਨਾਲ ਅੱਗੇ ਵਧਿਆ। ਨਵੰਬਰ 2020 ਵਿਚ ਮੋਸਾਦ ਵੱਲੋਂ ਇਰਾਨ ਦੇ ਸੀਨੀਅਰ ਪਰਮਾਣੂ ਵਿਗਿਆਨੀ ਮੋਹਸਿਨ ਫਖਰਿਜ਼ਾਦੇਹ ਦਾ ਕਤਲ ਅਮਰੀਕਾ ਦੀ ਚੁੱਪ ਸਹਿਮਤੀ ਨਾਲ ਕੀਤਾ ਗਿਆ। ਇਸੇ ਸਿਲਸਿਲੇ 'ਚ ਇਰਾਨ ਦੇ ਯੂਰੇਨੀਅਮ ਸੋਧ ਪ੍ਰੋਗਰਾਮ ਨੂੰ ਸੱਟ ਮਾਰਨ ਲਈ ਨਤਾਂਜ਼ ਸੈਂਟਰੀਫਿਊਜ ਪਲਾਂਟ ਉੱਪਰ ਹਮਲਾ ਕੀਤਾ ਗਿਆ। ਇਸ ਦੌਰਾਨ ਇਜ਼ਰਾਇਲ ਵੱਲੋਂ ਇਰਾਨ ਦੇ ਖੇਤਰ ਉੱਪਰ ਮੁਕੰਮਲ ਜੰਗੀ ਹਮਲੇ ਨੂੰ ਛੱਡ ਕੇ ਸੀਰੀਆ ਵਿਚ ਇਰਾਨੀ ਫੌਜੀ ਢਾਂਚਿਆਂ ਅਤੇ ਮੋਹਰਾ ਤਾਕਤਾਂ ਉੱਪਰ ਵਾਰ-ਵਾਰ ਹਮਲੇ ਕਰਨ, ਲਾਲ ਸਮੁੰਦਰ ਵਿਚ ਤੇਲ ਜਾਂ ਹਥਿਆਰ ਲਿਜਾ ਰਹੇ ਇਰਾਨੀ ਜਹਾਜ਼ਾਂ ਉੱਪਰ ਹਮਲੇ ਕਰਨ ਦਾ ਲਗਾਤਾਰ ਸਿਲਸਿਲਾ ਹੈ। ਇਜ਼ਰਾਈਲ ਇਰਾਨ ਵਿਰੁੱਧ ਅਮਰੀਕਾ ਦੇ ਸਾਈਬਰ ਮੁਹਿੰਮਾਂ 'ਚ ਸ਼ਾਮਲ ਰਿਹਾ ਹੈ, ਜਿਸਦੀ ਮੁੱਖ ਮਿਸਾਲ ਓਬਾਮਾ ਦੌਰ ਵਿਚ ਵਿਕਸਤ ਕੀਤੇ 'ਸਟੱਕਸਨੈੱਟ' ਵਾਇਰਸ ਦੁਆਰਾ ਇਰਾਨ ਦੇ ਪ੍ਰਮਾਣੂ ਢਾਂਚੇ ਨੂੰ ਨੁਕਸਾਨ ਪਹੁੰਚਾਉਣਾ ਹੈ।

ਇਸ ਤਰ੍ਹਾਂ, ਜੂਨ 2025 ਤੱਕ, ਭਾਵੇਂ ਇਜ਼ਰਾਈਲ ਵੱਲੋਂ ਇਰਾਨ ਦੀ ਜ਼ਮੀਨ ਉੱਪਰ ਕੋਈ ਸਿੱਧਾ ਮੁਕੰਮਲ ਫ਼ੌਜੀ ਹਮਲਾ ਨਹੀਂ ਕੀਤਾ ਗਿਆ, ਪਰ ਸਾਲਾਂ ਤੋਂ ਜਾਰੀ ਗੁਪਤ ਯੁੱਧ ਨੇ ਮੱਧ ਪੂਰਬ ਵਿਚ ਅਸਥਿਰਤਾ, ਹਿੰਸਾ ਅਤੇ ਯੁੱਧਨੀਤਕ ਟਕਰਾਅ ਵਧਾਇਆ ਹੈ। ਟਰੰਪ ਦੀ 'ਵੱਧ ਤੋਂ ਵੱਧ ਦਬਾਅ' ਮੁਹਿੰਮ, ਨੇਤਨਯਾਹੂ ਸਰਕਾਰ ਨੂੰ ਉਸਦਾ ਥਾਪੜਾ, ਅਤੇ ਕੂਟਨੀਤਕ ਚੈਨਲ ਬੰਦ ਕਰਨੇ—ਇਸ ਸਭ ਕਾਸੇ ਨੇ ਇਜ਼ਰਾਈਲ ਦੀ ਹਮਲਾਵਰ ਮੁਹਿੰਮ, ਭੰਨਤੋੜ ਮਿਸ਼ਨਾਂ ਨੂੰ ਹੱਲਾਸ਼ੇਰੀ ਅਤੇ ਮੱਦਦ ਦਿੱਤੀ ਹੈ। ਇਸ ਤਰ੍ਹਾਂ, ਟਰੰਪ ਦੀਆਂ ਨੀਤੀਆਂ ਨੇ ਇਜ਼ਰਾਈਲ ਵੱਲੋਂ ਇਰਾਨ ਉੱਪਰ ਹਮਲੇ ਵਿਚ ਨਿਰਣਾਇਕ ਅਤੇ ਹਮਾਇਤੀ ਭੂਮਿਕਾ ਨਿਭਾਈ ਹੈ ਜਿਸ ਨੇ ਮੱਧ ਪੂਰਬ ਨੂੰ ਹੋਰ ਤਿੱਖੇ ਟਕਰਾਅ ਦੇ ਮੂੰਹ ਧੱਕਿਆ ਹੈ।

ਇਹ ਵੀ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ ਨੇਤਨਯਾਹੂ ਦਾ ਯੁੱਧ ਮਹਿਜ਼ ਇਰਾਨ ਵਿਰੁੱਧ ਨਹੀਂ ਹੈ, ਬਲਕਿ ਘਰੇਲੂ ਰਾਜਨੀਤਿਕ ਸੰਕਟ ਨੂੰ ਟਾਲਣ ਦਾ ਸਾਧਨ ਵੀ ਹੈ। ਇਕ ਵੱਡਾ ਘਰੇਲੂ ਮਸਲਾ ਘੋਰ-ਆਰਥੋਡਾਕਸ ਯਹੂਦੀਆਂ ਦੀ ਫ਼ੌਜੀ ਭਰਤੀ ਹੈ। 1948 ਵਿਚ ਇਜ਼ਰਾਈਲ ਦੀ ਸਥਾਪਨਾ ਸਮੇਂ ਉਹ ਵਸੋਂ ਦਾ 5% ਸਨ, ਜੋ ਹੁਣ ਲੱਗਭੱਗ 14% ਹਨ। ਉਨ੍ਹਾਂ ਨੂੰ ਫ਼ੌਜ ਵਿਚ ਭਰਤੀ ਹੋਣ ਤੋਂ ਛੋਟ ਰਹੀ ਹੈ। ਬਾਕੀ ਇਜ਼ਰਾਇਲੀ ਇਸ ਛੋਟ ਤੋਂ ਔਖੇ ਹਨ। 2023 ਤੋਂ ਬਾਅਦ ਉਨ੍ਹਾਂ ਦੀ ਭਰਤੀ ਦਾ ਕਾਨੂੰਨੀ ਫ਼ੈਸਲਾ ਲਿਆ ਗਿਆ, ਪਰ ਕੋਈ ਖ਼ਾਸ ਕਾਮਯਾਬੀ ਨਹੀਂ ਮਿਲੀ। ਨੇਤਨਯਾਹੂ ਲਈ ਆਪਣੇ ਹਮਾਇਤੀ ਆਧਾਰ ਅਤੇ ਇਸ ਹਿੱਸੇ ਨੂੰ ਖ਼ੁਸ਼ ਕਰਨਾ ਵੱਡੀ ਸਮੱਸਿਆ ਹੈ। ਯੁੱਧ ਲੋਕਾਂ ਦਾ ਧਿਆਨ ਘਰੇਲੂ ਮਸਲਿਆਂ ਤੋਂ ਹਟਾਉਣ ਦਾ ਜ਼ਰੀਆ ਹੈ। ਗਾਜ਼ਾ, ਪੱਛਮੀ ਕੰਢੇ, ਲੇਬਨਾਨ, ਸੀਰੀਆ, ਯਮਨ, ਇਰਾਕ ਅਤੇ ਹੁਣ ਈਰਾਨ ਵਿਰੁੱਧ ਇੱਕੋ ਸਮੇਂ ਫ਼ੌਜੀ ਕਾਰਵਾਈਆਂ ਦੀ 'ਸੁਰੱਖਿਆ ਨੀਤੀ' ਪਿੱਛੇ ਨੇਤਨਯਾਹੂ ਦਾ ਖੇਤਰੀ ਦਬਦਬਾ ਸਥਾਪਤ ਕਰਨ ਦਾ ਸੁਪਨਾ ਵੀ ਕਾਰਜਸ਼ੀਲ ਹੈ।

ਇਹ ਸੱਚ ਹੈ ਕਿ ਇਰਾਨ ਦੀ ਫ਼ੌਜੀ ਲੀਡਰਸ਼ਿੱਪ ਅਤੇ ਵਿਗਿਆਨੀਆਂ ਦਾ ਤਾਜ਼ਾ ਨੁਕਸਾਨ ਦਹਾਕਿਆਂ ਤੱਕ ਵੀ ਪੂਰਾ ਹੋਣ ਵਾਲਾ ਨਹੀਂ ਹੈ ਅਤੇ ਇਜ਼ਰਾਇਲ ਦੀ ਖ਼ੁਫ਼ੀਆ ਘੁਸਪੈਠ ਇਰਾਨ ਦੇ ਅੰਦਰ ਕਾਫ਼ੀ ਡੂੰਘੀ ਹੈ ਜਿਸ ਕਾਰਨ ਫ਼ਿਲਹਾਲ ਇਹ ਆਧੁਨਿਕ ਫ਼ੌਜੀ ਤਕਨਾਲੋਜੀ ਰਾਹੀਂ ਇਰਾਨ ਦੇ ਵੱਡੇ ਨੁਕਸਾਨ ਕਰ ਸਕਦੀ ਹੈ। ਉਨ੍ਹਾਂ ਨੇ ਇਸੇ ਦੁਸ਼ਟ ਸੋਚ ਨਾਲ ਹਮਲਾ ਕੀਤਾ ਕਿ ਫ਼ੌਜੀ ਲੀਡਰਸ਼ਿਪ ਅਤੇ ਪ੍ਰਮਾਣੂ ਪ੍ਰੋਗਰਾਮ ਦੀ ਤਬਾਹੀ ਨਾਲ ਇਰਾਨ ਬੁਰੀ ਤਰ੍ਹਾਂ ਟੁੱਟ ਜਾਵੇਗਾ। ਨੇਤਨਯਾਹੂ ਨੇ ਤਾਜ਼ਾ ਇੰਟਰਵਿਊ ਵਿਚ ਸਾਫ਼ ਕਿਹਾ ਹੈ ਕਿ ਇਰਾਨ ਵਿਚ 'ਨਿਜ਼ਾਮ ਬਦਲਣਾ' ਉਨ੍ਹਾਂ ਦਾ ਨਿਸ਼ਾਨਾ' ਹੈ। ਗਾਜ਼ਾ ਵਿਚ ਨਸਲਕੁਸ਼ੀ ਕਾਰਨ ਨੇਤਨਯਾਹੂ ਸਰਕਾਰ ਆਲਮੀ ਪੱਧਰ 'ਤੇ ਅਲੱਗ-ਥਲੱਗ ਹੋ ਚੁੱਕੀ ਹੈ ਅਤੇ ਮੁਲਕ ਦੇ ਅੰਦਰ ਵੀ ਕਾਫ਼ੀ ਬੇਚੈਨੀ ਤੇ ਵਿਰੋਧ ਹੈ। ਅੰਦਰੂਨੀ ਸੰਕਟ ਤੋਂ ਰਾਹਤ ਹਾਸਲ ਕਰਨ ਲਈ ਨੇਤਨਯਾਹੂ ਜੁੰਡਲੀ ਵੱਲੋਂ ਇਰਾਨ ਉੱਪਰ ਹਮਲਾ ਕਰਕੇ ਅਤੇ ਲਿਬਨਾਨ, ਯਮਨ ਤੇ ਸੀਰੀਆ ਨੂੰ ਧਮਕਾ ਕੇ ਲੜਾਈ ਦਾ ਦਾਇਰਾ ਵਧਾਇਆ ਜਾ ਰਿਹਾ ਹੈ ਅਤੇ ਆਪਣੇ ਅੰਦਰੂਨੀ ਸੰਕਟ ਨੂੰ ਬਾਹਰੀ ਰੂਪ ਦਿੱਤਾ ਜਾ ਰਿਹਾ ਹੈ।

ਇਰਾਨ ਦਾ 'ਇਸਲਾਮਿਕ ਗਣਰਾਜ' ਕੋਈ ਲੋਕ ਹਿਤੈਸ਼ੀ ਰਾਜ ਨਹੀਂ ਹੈ। ਫਿਰ ਵੀ, ਆਪਣੇ ਮੁਲਕ ਦੀ ਸਰਕਾਰ ਨੂੰ ਬਦਲਣ ਦਾ ਹੱਕ ਉੱਥੋਂ ਦੇ ਲੋਕਾਂ ਦਾ ਹੈ, ਅਮਰੀਕਾ ਜਾਂ ਉਸਦੇ ਪਿੱਠੂ ਇਜ਼ਰਾਇਲੀ ਧਾੜਵੀ ਰਾਜ ਨੂੰ ਇਹ ਹੱਕ ਨਹੀਂ ਹੈ। ਇਜ਼ਰਾਇਲ ਦਾ ਹਮਲਾ ਬਗ਼ੈਰ ਕਿਸੇ ਭੜਕਾਹਟ ਦੇ ਦੂਜੇ ਮੁਲਕ ਦੀ ਪ੍ਰਭੂਸੱਤਾ ਉੱਪਰ ਸਿੱਧਾ ਹਮਲਾ ਹੈ। ਇਜ਼ਰਾਇਲ-ਅਮਰੀਕਾ ਦਾ ਇਰਾਨ ਦੀਆਂ ਪ੍ਰਮਾਣੂ ਵਿਗਿਆਨਕ ਸਮਰੱਥਾਵਾਂ ਨੂੰ ਨਸ਼ਟ ਕਰਨ ਦਾ ਸੁਪਨਾ ਸਾਕਾਰ ਹੋਣ ਵਾਲਾ ਨਹੀਂ ਹੈ। ਗਿਆਨ ਨੂੰ ਬੰਬਾਂ-ਮਿਜ਼ਾਇਲਾਂ ਨਾਲ ਨਸ਼ਟ ਨਹੀਂ ਕੀਤਾ ਜਾ ਸਕਦਾ। ਇਰਾਨ ਕੋਲ ਘਰੇਲੂ ਯੂਰੇਨੀਅਮ ਅਤੇ ਹੁਨਰਮੰਦ ਵਿਗਿਆਨਕ ਭਾਈਚਾਰਾ ਹੈ, ਜੋ ਸਮੇਂ ਦੇ ਨਾਲ ਹਰ ਚੀਜ਼ ਨੂੰ ਮੁੜ ਉਸਾਰ ਸਕਦਾ ਹੈ। ਸਾਰੇ ਹੀ ਮੁਲਕਾਂ ਦੇ ਸ਼ਾਂਤੀਪਸੰਦ ਲੋਕਾਂ ਨੂੰ ਅਮਰੀਕਾ-ਇਜ਼ਰਾਇਲ ਦੀਆਂ ਮਨਮਾਨੀਆਂ ਨੂੰ ਰੋਕਣ ਲਈ ਅੱਗੇ ਆਉਣਾ ਚਾਹੀਦਾ ਹੈ ਅਤੇ ਦੁਨੀਆ ਦਾ ਭਵਿੱਖ ਅਮਰੀਕਨ-ਇਜ਼ਰਾਇਲੀ ਠੱਗਾਂ ਦੇ ਹਵਾਲੇ ਨਹੀਂ ਕਰਨਾ ਚਾਹੀਦਾ।

# ਅਜੋਕੇ ਪੰਜਾਬ ਦੇ ਸਭ ਤੋਂ ਉਥਲ-ਪੁਥਲ ਵਾਲੇ ਯੁੱਗ ਦੀ ਕਥਾ ਕਹਿੰਦੀਆਂ ਦੋ ਕਿਤਾਬਾਂ



**ਸਰਬਜੀਤ ਧਾਲੀਵਾਲ**
**ਫੋਨ: 98141-23338**

ਸਮਾਗਮ ਅਲਗ ਅਲਗ ਦਿਨ ਤੇ ਅਲਗ ਥਾਵਾਂ 'ਤੇ ਹੋਏ ਪਰ ਹਾਲ ਦੋਨਾਂ ਥਾਵਾਂ 'ਤੇ ਹੀ ਪੂਰੀ ਤਰ੍ਹਾਂ ਭਰੇ ਹੋਏ ਸੀ। ਪ੍ਰੈਸ ਕਲੱਬ ਦੇ ਹਾਲ ਵਿਚ ਪੰਜਾਬੀ ਜਗਤ ਦੇ ਜਾਣੇ-ਪਛਾਣੇ ਨਾਮੀ ਚਿਹਰੇ ਹਾਜ਼ਰ ਸਨ। ਸਟੇਜ 'ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਵੀਰ ਸਿੰਘ, ਸਾਬਕਾ ਡੀ.ਜੀ.ਪੀ. ਐਮ.ਪੀ. ਐਸ ਔਲਖ, ਪੱਤਰਕਾਰ ਤੇ ਇਤਿਹਾਸਕਾਰ ਜਗਤਾਰ ਸਿੰਘ, ਰੁਪਿੰਦਰ ਸਿੰਘ ਤੇ ਕੁਝ ਹੋਰ ਸੱਜਣ ਸਜੇ ਹੋਏ ਸੀ। ਮਾਈਕ ਦੇ ਨਜ਼ਦੀਕ ਵਾਲੀ ਕੁਰਸੀ 'ਤੇ ਗੁਰਦਰਸ਼ਨ ਸਿੰਘ ਬਾਹੀਆ ਬੈਠੇ ਸੀ, ਕਿਉਂਕਿ ਉਨ੍ਹਾਂ ਸਿਰ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਸੀ। ਦੂਸਰਾ ਹਾਲ ਸ੍ਰੀ ਕੇਂਦਰੀ ਸਿੰਘ ਸਭਾ ਦਾ ਸੀ। ਇਥੇ ਵੀ ਬਹੁਤ ਵੱਡੇ ਚਿੰਤਕ ਤੇ ਵਿਦਵਾਨ ਸੱਜਣ ਪਹੁੰਚੇ ਹੋਏ ਸੀ। ਇਨ੍ਹਾਂ 'ਚ ਅਜਮੇਰ ਸਿੰਘ, ਕਰਮਜੀਤ ਸਿੰਘ, ਡਾ. ਪਿਆਰੇ ਲਾਲ ਗਰਗ, ਗੁਰਤੇਜ ਸਿੰਘ (IAS), ਖੁਸ਼ਹਾਲ ਸਿੰਘ, ਮਾਲਵਿੰਦਰ ਸਿੰਘ ਮਾਲੀ, ਗਿਆਨੀ ਕੇਵਲ ਸਿੰਘ, ਦਿਲਮੇਘ ਸਿੰਘ, ਕਰਨੈਲ ਸਿੰਘ ਪਿੰਜੌਲੀ ਤੇ ਹੋਰ ਕਈ ਸੱਜਣ ਸ਼ਾਮਿਲ ਸਨ।

ਪਹਿਲੀ ਵਾਰ ਦੇਖਿਆ ਕਿ ਕਿਤਾਬਾਂ ਦੀ ਘੁੰਡ ਚੁਕਾਈ 'ਤੇ ਏਨੇ ਲੋਕ ਪਹੁੰਚੇ ਹੋਣ। ਯਕੀਨਨ ਇਹ ਪੰਜਾਬ ਤੇ ਪੰਜਾਬੀ ਲਈ ਸ਼ੁਭ ਸ਼ਗਨ ਹੈ। ਪ੍ਰੈਸ ਕਲੱਬ 'ਚ ਜਿਸ ਕਿਤਾਬ ਦੀ ਘੁੰਡ ਚੁਕਾਈ ਹੋਈ ਉਹ ਪੰਜਾਬ ਬਾਰੇ ਹੈ, ਇਸ ਦੇ ਇਤਿਹਾਸ ਨਾਲ ਸੰਬੰਧਿਤ ਹੈ। ਅਸਲ ਵਿਚ ਇਸ ਕਿਤਾਬ ਦੀ ਅਹਿਮੀਅਤ ਏਨੀ ਵਸੀਹ ਹੈ ਕਿ ਇਥੇ ਅਹਿਮ ਲੋਕਾਂ ਦਾ ਹਾਜ਼ਰ ਹੋਣਾ ਬਣਦਾ ਹੀ ਸੀ। ਸਭ ਤੋਂ ਵੱਡਾ ਪੰਜਾਬ ਦਾ ਦੁਖਾਂਤ ਹੀ ਇਹ ਹੈ ਕਿ ਇਸ ਧਰਤੀ 'ਤੇ ਇਤਿਹਾਸ ਲਿਖਣ ਨੂੰ ਬਹੁਤ ਘੱਟ ਤਰਜੀਹ ਦਿਤੀ ਗਈ ਹੈ। ਗੁਰੂ ਕਾਲ ਤੋਂ ਪਹਿਲਾਂ, ਗੁਰੂ ਸਾਹਿਬਾਨ ਦੇ ਸਮੇਂ ਤੇ ਬਾਅਦ ਵਿਚ ਪੰਜਾਬ 'ਚ ਏਨਾ ਕੁਝ ਵਾਪਰਿਆ ਹੈ ਕਿ ਇਸ ਸੰਬੰਧ ਵਿਚ ਇਤਿਹਾਸ ਦੇ ਗਰੰਥ ਲਿਖੇ ਜਾ ਸਕਦੇ ਸਨ। ਪਰ ਅਜਿਹਾ ਨਹੀਂ ਹੋਇਆ। ਜਿੰਨਾ ਕੁ ਹੋਇਆ ਉਸ ਨਾਲ ਗੱਲ ਨਹੀਂ ਬਣਦੀ। ਗੁਰੂ ਕਾਲ ਤੋਂ ਪਹਿਲਾਂ ਤੇ ਉਨ੍ਹਾਂ ਦੇ ਸਮੇਂ ਦੇ ਇਤਹਾਸ ਨੂੰ ਜਾਨਣ ਲਈ ਸਾਖੀਆਂ ਤੇ ਹੋਰ ਅਜਿਹੇ ਸਰੋਤਾਂ 'ਤੇ ਨਿਰਭਰ ਕਰਨਾ ਪੈਂਦਾ ਹੈ। ਆਜ਼ਾਦੀ ਦੀ ਤਹਿਰੀਕ, ਉਸ ਨਾਲ ਸੰਬੰਧਿਤ ਵਿਸ਼ੇਸ਼ ਘਟਨਾਵਾਂ, ਦੇਸ਼ ਦੀ ਵੰਡ ਨਾਲ ਸੰਬੰਧਿਤ ਕਾਫ਼ੀ ਠੋਸ ਸਮੱਗਰੀ ਹੁਣ ਕਿਤਾਬਾਂ ਦੇ ਰੂਪ ਵਿਚ ਆ ਗਈ ਹੈ। ਇਨ੍ਹਾਂ ਕਿਤਾਬਾਂ ਵਿਚ ਪੰਜਾਬ ਬਾਰੇ ਕਾਫੀ ਕੁਝ ਮਿਲਦਾ ਹੈ। ਪਰ ਆਜ਼ਾਦੀ ਤੋਂ ਬਾਅਦ ਖ਼ਾਸ ਕਰਕੇ 1950 ਤੋਂ ਬਾਅਦ ਦੇ ਪੰਜਾਬ ਬਾਰੇ ਬਹੁਤ ਘੱਟ ਕੰਮ ਹੋਇਆ ਹੈ। ਹੁਣ ਹੋਣ ਲੱਗਿਆ ਹੈ, ਇਹ ਸਵਾਗਤ ਯੋਗ ਵਰਤਾਰਾ ਹੈ।

ਪਿਛਲੇ 75 ਸਾਲਾਂ 'ਤੇ ਜੇਕਰ ਨਜ਼ਰ ਮਾਰੀਏ ਤਾਂ ਇਸ ਵਿਚ ਕਈ ਸ਼ਖ਼ਸੀਅਤਾਂ ਦੀ ਬਹੁਤ ਅਹਿਮ ਭੂਮਿਕਾ ਰਹੀ ਹੈ, ਪਰ ਇਨ੍ਹਾਂ ਨੇ ਆਪਣੀਆਂ ਸਵੈ-ਜੀਵਨੀਆਂ ਨਹੀਂ ਲਿਖੀਆਂ ਤੇ ਨਾ ਹੀ ਜੀਵਨੀਆਂ ਲਿਖਵਾਈਆਂ ਹਨ। ਇਸ ਕਰਕੇ ਇਤਿਹਾਸ ਲਿਖਣ ਵਾਲਿਆਂ ਨੂੰ ਸੈਕੰਡਰੀ ਸਰੋਤਾਂ 'ਤੇ ਨਿਰਭਰ ਕਰਨਾ ਪੈਂਦਾ ਹੈ। ਪ੍ਰਤਾਪ ਸਿੰਘ ਕੈਰੋਂ ਪੰਜਾਬ ਦੇ ਲੰਬਾ ਸਮਾਂ ਮੁਖ ਮੰਤਰੀ ਰਹੇ। ਉਨ੍ਹਾਂ ਦੇ ਸਮੇਂ ਪੰਜਾਬ 'ਚ ਬੜੀ ਉਥਲ-ਪੁਥਲ ਹੋਈ। ਪੰਜਾਬੀ ਸੂਬੇ ਦੇ ਸੰਬੰਧ ਵਿਚ ਜ਼ਿਆਦਾ ਕੁਝ ਉਨ੍ਹਾਂ ਸਮੇਂ ਵਾਪਰਿਆ। ਉਹ ਦਿੱਲੀ ਤੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਖਾਸਿਮ-ਖਾਸ ਸਨ। ਪਰਦੇ ਪਿੱਛੇ ਕੀ ਵਾਪਰਦਾ ਸੀ। ਕਿਉਂ ਨਹਿਰੂ ਨੇ ਪੰਜਾਬੀ ਸੂਬੇ ਦੇ ਰਾਹ ਵਿਚ ਅੜਿੱਕੇ ਖੜ੍ਹੇ ਕੀਤੇ। ਦਿੱਲੀ ਕਿਉਂ ਇੰਨਾ ਚਿਰ ਅੜੀ ਰਹੀ, ਇਸ ਬਾਰੇ ਸਭ ਤੋਂ ਵੱਧ ਕੈਰੋਂ ਨੂੰ ਹੀ ਪਤਾ ਸੀ। ਪਰ ਉਸਨੇ ਕੁਝ ਨਹੀਂ ਲਿਖਿਆ ਤੇ ਨਾ ਹੀ ਲਿਖਵਾਇਆ। ਉਸ ਕੋਲ ਸਮਾਂ ਤੇ ਸਾਧਨ ਸਨ। ਉਹ ਇਸ ਦੁਨੀਆਂ ਤੋਂ ਅਚਾਨਕ ਚਲਿਆ ਗਿਆ। ਉਹ ਬਹੁਤ ਕੁਝ ਆਪਣੇ ਨਾਲ ਹੀ ਲੈ ਗਿਆ।

1960 ਤੋਂ ਸ਼ੁਰੂ ਕਰਕੇ ਪਿਛਲੇ ਕੁਝ ਸਾਲਾਂ ਤਕ ਪੰਜਾਬ ਦੀ ਸਿਆਸਤ ਵਿਚ ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ, ਗੁਰਚਰਨ ਸਿੰਘ ਟੌਹੜਾ ਦੀ ਮੁਖ ਭੂਮਿਕਾ ਹੈ। ਉਨ੍ਹਾਂ ਦੇ ਸਮੇਂ ਪੰਜਾਬ ਵਿਚ ਬਹੁਤ ਕੁਝ ਵਾਪਰਿਆ ਪਰ ਇਹ ਤਿੰਨੇ ਆਗੂ ਪੰਜਾਬ ਦੇ ਇਸ ਕਾਲ ਦੇ ਬਹੁਤ ਵੱਡੇ ਭੇਦ ਆਪਣੇ ਨਾਲ ਹੀ ਲੈ ਕੇ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਏ ਨੇ। ਇਨ੍ਹਾਂ ਕੋਲ ਦੱਸਣ ਨੂੰ ਬਹੁਤ ਕੁਝ ਸੀ। ਪਰ ਉਹ ਬਹੁਤ ਕੁਝ ਅਣਦੱਸਿਆ ਤੇ ਅਣਕਿਹਾ ਛੱਡ ਗਏ। ਬਾਦਲ ਸਾਹਿਬ ਤਾਂ ਛੇਤੀ-ਛੇਤੀ ਗੱਲ ਦੱਸਦੇ ਹੀ ਨਹੀਂ ਸੀ। ਉਨ੍ਹਾਂ ਦਾ ਕਿਤਾਬਾਂ ਨਾਲ ਬਹੁਤ ਦੂਰ ਦਾ ਰਿਸ਼ਤਾ ਰਿਹਾ ਹੈ। ਕਹਿ ਲਵੋ ਕਿ ਸਿਰਫ ਵਰਕੇ ਉਲਟਾਉਣ ਤਕ ਦਾ। ਬਾਦਲ ਸਾਹਿਬ ਨੂੰ ਕੁਰਦੇਨ ਦੀ ਬਹੁਤ ਲੋਕਾਂ ਨੇ ਕੋਸ਼ਿਸ਼ ਕੀਤੀ ਪਰ ਸਫਲਤਾ ਹਾਸਿਲ ਨਹੀਂ ਹੋਈ। ਬਰਨਾਲਾ ਸਾਹਿਬ ਬੜੇ ਪੜ੍ਹੇ-ਲਿਖੇ ਸਨ। ਉਸ ਸਮੇਂ ਮੁਖ ਮੰਤਰੀ ਬਣੇ ਸਨ, ਜਦੋਂ ਪੰਜਾਬ ਤੱਤੇ ਤੇਲ ਦੇ ਕੜਾਹੇ ਵਾਂਗ ਉਬਲ ਰਿਹਾ ਸੀ। ਪੰਜਾਬ 'ਚ ਅਨੰਦਪੁਰ ਸਾਹਿਬ ਦੇ ਮਤੇ ਅਤੇ ਧਰਮ ਯੁੱਧ ਮੋਰਚੇ ਦੇ ਸੰਬੰਧ ਵਿਚ ਕੇਂਦਰ ਨਾਲ ਹੋਈਆਂ ਬਹੁਤ ਸਾਰੀਆਂ ਮੀਟਿੰਗਾਂ ਵਿਚ ਉਹ ਸ਼ਾਮਿਲ ਹੁੰਦੇ ਸੀ ਪਰ ਉਨ੍ਹਾਂ ਨੇ 'ਸੱਚੋ-ਸੱਚ' ਦੱਸਣ ਦਾ ਕੋਈ ਉਪਰਾਲਾ ਨਹੀਂ ਕੀਤਾ। ਟੌਹੜਾ ਸਾਹਿਬ ਨੇ ਕੋਸ਼ਿਸ਼ ਕੀਤੀ ਸੀ ਪਰ ਉਹ ਅਧੂਰੀ ਰਹਿ ਗਈ ਹੈ।

ਇਤਿਹਾਸ ਦੇ ਅਣ-ਲਿਖੇ ਵਰਕੇ ਲਿਖਣ ਅਤੇ ਇਸ ਨਾਲ ਸੰਬੰਧਿਤ ਦਸਤਾਵੇਜ ਸਾਂਭਣ ਦਾ ਯਤਨ ਸ਼ੁਰੂ ਹੋਇਆ ਹੈ। ਇਸ ਸੰਬੰਧ ਵਿਚ ਜਗਤਾਰ ਸਿੰਘ ਨੇ ਬਹੁਤ ਨਿੱਗਰ ਕੰਮ ਕੀਤਾ ਹੈ। ਪੇਸ਼ੇ ਵਜੋਂ ਉਹ ਪੱਤਰਕਾਰ ਹੈ ਤੇ ਲੰਬਾ ਸਮਾਂ ਅੰਗਰੇਜ਼ੀ ਅਖਬਾਰ 'The Indian Express' 'ਚ ਕੰਮ ਕੀਤਾ ਹੈ। ਉਹ ਅਖਬਾਰਾਂ ਵਿਚ ਲੇਖ ਵੀ ਲਿਖਦਾ ਹੈ ਪਰ ਕਿਤੇ-ਕਿਤੇ। ਉਸਨੇ ਜ਼ਿਆਦਾ ਬਿਰਤੀ ਸਮਕਾਲੀ ਇਤਿਹਾਸ ਨੂੰ ਲਿਖਣ 'ਚ ਹੀ ਲਾਈ ਹੋਈ ਹੈ। Indian Express ਵਿਚ ਉਹ ਅੰਮ੍ਰਿਤਸਰ ਵਿਖੇ ਉਸ ਸਮੇਂ ਪੱਤਰਕਾਰ ਸੀ ਜਦੋਂ ਦੁਨੀਆਂ ਭਰ ਦੇ ਪੱਤਰਕਾਰਾਂ ਲਈ ਸਿਖਾਂ ਦਾ ਇਹ ਸ਼ਿਰੋਮਣੀ ਸਥਾਨ ਖਿੱਚ ਦਾ ਕੇਂਦਰ ਬਣਿਆ ਹੋਇਆ ਸੀ। ਅੰਮ੍ਰਿਤਸਰ ਤੋਂ ਨਿੱਕਲੀ ਰਾਜਨੀਤਕ ਆਵਾਜ਼ ਦੀ ਧਮਕ ਦਿੱਲੀ ਤੇ ਉਸ ਤੋਂ ਅਗੇ ਤਕ ਪੈਂਦੀ ਸੀ। ਇਸ ਲਈ ਜਗਤਾਰ ਸਿੰਘ ਨੇ ਬਹੁਤ ਕੁਝ ਆਪਣੇ ਅੱਖੀਂ ਵਾਪਰਦੇ ਵੇਖਿਆ ਹੈ। ਉਹ ਪੰਜਾਬ ਦੀ 70ਵਿਆਂ ਤੋਂ ਬਾਅਦ ਦੀ ਰਾਜਨੀਤੀ ਦੇ ਅਹਿਮ ਖਿਡਾਰੀਆਂ ਨੂੰ ਮਿਲਦਾ ਰਿਹਾ ਹੈ। ਉਨ੍ਹਾਂ ਨਾਲ ਲੰਬੇ ਵਾਰਤਾਲਾਪ ਖਬਰਾਂ ਦੇ ਸੰਬੰਧ ਵਿਚ ਕਰਦਾ ਰਿਹਾ ਹੈ। ਉਸ ਦੀ ਸਭ ਤੋਂ ਵਧੀਆ ਆਦਤ ਦਸਤਾਵੇਜਾਂ ਨੂੰ ਸਾਂਭ ਕੇ ਰੱਖਣ ਦੀ ਹੈ। ਇਹ ਆਦਤ ਉਸ ਲਈ ਹੁਣ ਵਰਦਾਨ ਸਾਬਿਤ ਹੋ ਰਹੀ ਹੈ। ਪਿਛਲੇ ਕੁਝ ਸਾਲਾਂ 'ਚ ਉਹ ਪੰਜਾਬ ਨੂੰ ਕਈ ਅਹਿਮ ਕਿਤਾਬਾਂ ਦੇ ਚੁੱਕਿਆ ਹੈ। ਇਨ੍ਹਾਂ 'ਚ 'Khalistan struggle: A Non-movement' ਤੇ Punjab Rivers on Fire ਜ਼ਿਕਰ ਯੋਗ ਹਨ।

ਜਿਸ ਕਿਤਾਬ ਕਰਕੇ ਹਾਲ ਭਰਿਆ ਸੀ ਉਸ ਦਾ ਟਾਈਟਲ ਹੈ: 'Sikh Struggle Documents 1920-2022' ਇਹ ਜਗਤਾਰ ਸਿੰਘ ਦੀ ਬਹੁਤ ਮਿਹਨਤ ਨਾਲ ਲਿਖੀ ਕਿਤਾਬ ਹੈ। ਇਸ ਵਿਚ ਪੰਜਾਬ ਨਾਲ, ਸਿੱਖ ਧਾਰਮਿਕ ਮਾਮਲਿਆਂ, ਸਿੱਖ ਸਿਆਸਤ, ਅਕਾਲੀ ਆਗੂਆਂ ਨਾਲ, ਪੰਥਕ ਮਸਲਿਆਂ ਨਾਲ ਜੁੜੇ ਬਹੁਤ ਹੀ ਅਹਿਮ ਦਸਤਾਵੇਜ ਸ਼ਾਮਿਲ ਕੀਤੇ ਗਏ ਹਨ। ਸੌ ਸਾਲ ਤੋਂ ਵੱਧ ਸਮੇਂ ਦੇ ਅਹਿਮ ਦਸਤਾਵੇਜਾਂ ਨੂੰ ਕਿਤਾਬ ਦਾ ਰੂਪ ਦੇਣਾ ਜਗਤਾਰ ਸਿੰਘ ਲਈ ਬਹੁਤ ਵੱਡੀ ਚੁਣੌਤੀ ਸੀ। ਇਸ ਤੋਂ ਵੀ ਵੱਡੀ ਗੱਲ ਸੀ ਕਿ ਇਹ ਦਸਤਾਵੇਜ ਪੰਜਾਬੀ 'ਚ ਸਨ। ਇਨ੍ਹਾਂ ਨੂੰ English ਵਿਚ ਟਰਾਂਸਲੇਟ ਕਰ ਕੇ ਜਗਤਾਰ ਸਿੰਘ ਨੇ ਕਿਤਾਬ ਤਿਆਰ ਕੀਤੀ ਹੈ। ਪੰਜਾਬੀ 'ਚ ਵੀ ਜਲਦੀ ਇਹ ਕਿਤਾਬ ਆ ਰਹੀ ਹੈ। ਇਹ ਕਿਤਾਬ ਕਿੰਨੀਆਂ ਹੋਰ ਕਿਤਾਬਾਂ ਲਿਖਣ 'ਚ ਸਹਾਈ ਹੋਵੇਗੀ ਤੇ ਇਤਿਹਾਸਕਾਰਾਂ ਲਈ ਮੂਲ ਸਰੋਤ ਬਣੇਗੀ, ਇਸ ਦਾ ਅੰਦਾਜ਼ਾ ਲਾਉਣਾ ਅਜੇ ਮੁਸ਼ਕਲ ਹੈ, ਪਰ ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਇਸ ਕਿਤਾਬ 'ਚ ਕਈ ਅਜਿਹੇ ਮਹੱਤਵਪੂਰਨ ਦਸਤਾਵੇਜ ਸ਼ਾਮਿਲ ਹਨ, ਜਿਨ੍ਹਾਂ ਨੂੰ ਧੁਰਾ ਬਣਾ ਕੇ ਕਈ ਕਿਤਾਬਾਂ ਲਿਖੀਆਂ ਜਾਣਗੀਆਂ। ਦੂਸਰੀ ਵੱਡੀ ਗੱਲ ਇਹ ਹੈ ਕਿ ਕਿਤਾਬਾਂ ਲਿਖਣ ਵਾਲੇ ਇਤਿਹਾਸ ਨਾਲ ਖਿਲਵਾੜ ਵੀ ਨਹੀਂ ਕਰ ਸਕਣਗੇ ਕਿਉਂਕਿ ਦਸਤਾਵੇਜ ਉਨ੍ਹਾਂ ਦੇ ਅਜਿਹੇ ਵਰਤਾਰੇ ਨੂੰ ਝੁਠਲਾਉਣ ਲਈ ਮੌਕੇ ਦੇ ਗਵਾਹ ਵਰਗਾ ਰੋਲ ਨਿਭਾਉਣਗੇ। ਕਿਤਾਬ ਦੇ ਪਹਿਲੇ ਭਾਗ ਵਿਚ ਪੰਜਾਬ ਦੇ ਇਤਿਹਾਸ ਬਾਰੇ, ਬ੍ਰਿਟਿਸ਼ ਰਾਜ ਬਾਰੇ, 1947 ਤੋਂ ਪਹਿਲਾਂ ਸਿੱਖ ਆਗੂਆਂ ਵੱਲੋਂ ਅੰਗਰੇਜ਼ਾਂ ਤੇ ਨਹਿਰੂ-ਗਾਂਧੀ ਨਾਲ ਕੀਤੀਆਂ ਮੀਟਿੰਗਾਂ ਬਾਰੇ ਕਾਫੀ ਵਿਸਥਾਰ ਨਾਲ ਜ਼ਿਕਰ ਹੈ। ਕਿਤਾਬ ਦੇ ਦੂਜੇ ਭਾਗ ਵਿਚ ਦਸਤਾਵੇਜ ਹਨ। ਦਸਤਾਵੇਜਾਂ ਦਾ ਅੰਗਰੇਜ਼ੀ 'ਚ ਉਲਥਾ ਬਹੁਤ ਹੀ ਵਧੀਆ ਹੈ। ਪੜ੍ਹ ਕੇ ਮਹਿਸੂਸ ਨਹੀਂ ਹੁੰਦਾ ਕਿ ਇਹ ਪੰਜਾਬੀ ਤੋਂ ਅੰਗਰੇਜ਼ੀ ਉਲਥਾ ਕੀਤਾ ਗਿਆ ਹੈ। ਦਸਤਾਵੇਜ ਮੂਲ ਰੂਪ 'ਚ ਹੀ ਅੰਗਰੇਜ਼ੀ 'ਚ ਹੋਣ ਦਾ ਹੀ ਭੁਲੇਖਾ ਪਾਉਂਦੇ ਨੇ। ਜਗਤਾਰ ਦੀ ਸਿੱਖ ਰਾਜਨੀਤੀ, ਸਿੱਖ ਮੁਹਾਵਰੇ ਅਤੇ ਧਾਰਮਿਕ ਸ਼ੈਲੀ 'ਤੇ ਗਹਿਰੀ ਪਕੜ ਹੈ। ਇਸਦਾ ਸਪਸ਼ਟ ਪ੍ਰਗਟਾ ਉਸ ਦੀਆਂ ਹੁਣ ਤਕ ਲਿਖੀਆਂ ਕਿਤਾਬਾਂ ਤੋਂ ਹੁੰਦਾ ਹੈ।

ਕੁਝ ਦਸਤਾਵੇਜਾਂ ਦਾ ਇਥੇ ਜ਼ਿਕਰ ਕਰਨਾ ਬਣਦਾ ਹੈ। ਮਾਰਚ 31, 1979 ਨੇ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਗੁਰਚਰਨ ਸਿੱਖ ਟੌਹੜਾ ਦੀ ਪ੍ਰਧਾਨਗੀ ਹੇਠ ਅਹਿਮ ਪੰਜ ਪੁਆਇੰਟ ਪ੍ਰੋਗਰਾਮ ਪਾਸ ਕੀਤਾ। ਇਨ੍ਹਾਂ ਪੰਜਾਬ ਪੁਆਇੰਟਾਂ ਵਿਚ autonomy ਦਾ ਪੁਆਇੰਟ ਵੀ ਸ਼ਾਮਿਲ ਹੈ। ਦੂਸਰਾ ਦਸਤਾਵੇਜ਼ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ 1983 ਵਿਚ ਸਾਰੇ ਪਾਰਲੀਮੈਂਟ ਦੇ ਮੈਂਬਰਾਂ ਨੂੰ ਲਿਖਿਆ ਪੱਤਰ ਹੈ। 1983 'ਚ ਧਰਮ ਯੁੱਧ ਮੋਰਚਾ ਸਿਖਰ 'ਤੇ ਸੀ। ਸਾਰੇ ਦੇਸ਼ ਦਾ ਧਿਆਨ ਇਸ 'ਤੇ ਕੇਂਦਰਤ ਸੀ। ਸੰਤ ਹਰਚੰਦ ਸਿੰਘ ਮੋਰਚਾ ਡਿਕਟੇਟਰ ਸਨ। ਇਸ ਪੱਤਰ ਵਿਚ ਆਜ਼ਾਦੀ ਤੋਂ ਪਹਿਲਾਂ ਸਿਖਾਂ ਨਾਲ ਨਹਿਰੂ ਤੇ ਗਾਂਧੀ ਵਲੋਂ ਕੀਤੇ ਲਿਖਤੀ ਤੇ ਜ਼ਬਾਨੀ ਵਾਅਦਿਆਂ ਦਾ ਜ਼ਿਕਰ ਹੈ। ਮਾਰਚ 19, 1931 ਦੇ Young India ਵਿਚ ਗਾਂਧੀ ਨੇ ਕੀ ਲਿਖਿਆ। ਕਲਕੱਤੇ 'ਚ ਕੀਤੀ ਪ੍ਰੈਸ ਕਾਨਫਰੰਸ ਵਿਚ ਨਹਿਰੂ ਨੇ 6 ਜੁਲਾਈ 1946 ਨੂੰ ਸਿੱਖਾਂ ਬਾਰੇ ਕੀ ਕਿਹਾ। ਇਹ ਉਸ ਸਮੇਂ ਦੇ ਪ੍ਰਸਿੱਧ ਅਖਬਾਰ The Statesman ਨੇ ਕੋਲਕਾਤਾ ਤੋਂ 7 ਜੁਲਾਈ 1946 ਨੂੰ ਰਿਪੋਰਟ ਕੀਤਾ ਸੀ। 1929 ਦੇ ਆਪਣੇ ਲਾਹੌਰ ਸੈਸ਼ਨ ਵਿਚ ਕਾਂਗਰਸ ਨੇ ਪਹਿਲੀ ਵਾਰ ਸਿੱਖਾਂ ਨਾਲ ਕੀ ਵਾਅਦਾ ਕੀਤਾ? ਇਹ ਵੀ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਪੱਤਰ 'ਚ ਹੈ। ਇਹ ਬਹੁਤ ਹੀ ਅਹਿਮ ਦਸਤਾਵੇਜ ਹੈ। ਸੰਤ ਹਰਚੰਦ ਸਿੰਘ ਨੇ ਪੱਤਰ 'ਚ ਸਿੱਖ ਕੀ ਚਾਹੁੰਦੇ ਨੇ ਦਾ ਵਿਸਥਾਰ ਵਿਚ ਜ਼ਿਕਰ ਕੀਤਾ ਹੈ। ਇਹ ਉਹ ਸਮਾਂ ਸੀ, ਜਦੋ ਕੇਂਦਰ ਸਰਕਾਰ ਉਸ ਸਮੇਂ ਦੇ 'ਗੋਦੀ ਮੀਡੀਆ' ਦੇ ਸਹਾਰੇ ਧਰਮ ਯੁੱਧ ਮੋਰਚੇ, ਅਕਾਲੀ ਆਗੂਆਂ ਅਤੇ ਅਨੰਦਪੁਰ ਸਾਹਿਬ ਦੇ ਮਤੇ ਬਾਰੇ ਬਹੁਤ ਕੁਫ਼ਰ ਤੋਲ ਤੇ ਫੈਲਾ ਰਹੀ ਸੀ।

ਇਸ ਕਿਤਾਬ ਵਿਚ ਅਨੰਦਪੁਰ ਸਾਹਿਬ ਦਾ ਮਤਾ ਤੇ ਅਕਾਲੀ ਆਗੂਆਂ ਵਲੋਂ ਪਾਸ ਕੀਤੇ 'Self Determination ਤੇ Autonomy ਸੰਬੰਧੀ ਮਤੇ ਵੀ ਸ਼ਾਮਿਲ ਨੇ। 1921 ਵਿਚ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਪ੍ਰਿੰਸ ਆਫ ਵੇਲਜ਼ ਦੇ ਬਾਈਕਾਟ ਦਾ ਸੱਦਾ ਕਿਉਂ ਤੇ ਕਿਵੇਂ ਦਿੱਤਾ। ਇਹ ਦਸਤਾਵੇਜ ਇਸ ਵਿਚ ਸ਼ਾਮਿਲ ਹੈ। 1937 ਵਿਚ 10 ਅਕਤੂਬਰ ਨੂੰ ਅਕਾਲੀ ਦਲ ਨੇ ਮਤਾ ਪਾਸ ਕਰਕੇ ਪੰਜਾਬ ਵਿਧਾਨ ਸਭਾ 'ਚ ਕਾਂਗਰਸ ਨਾਲ ਮਿਲ ਕੇ ਕੰਮ ਕਰਨ ਦਾ ਫੈਸਲਾ ਕੀਤਾ ਸੀ। ਸਾਲ 1943 ਵਿਚ 27 ਫਰਵਰੀ ਨੂੰ SGPC ਨੇ ਦੇਸ਼ ਅੰਦਰ ਸਿੱਖ ਸਟੇਟ ਸਥਾਪਤ ਕਰਨ ਦਾ ਮਤਾ ਪਾਸ ਕੀਤਾ। ਅਕਾਲੀ ਦਲ ਦਾ ਸੰਵਿਧਾਨ, ਅਕਾਲੀ ਕਾਨਫਰੰਸਾਂ 'ਚ ਪਾਸ ਕੀਤੇ ਮਤੇ, ਅਕਾਲੀ ਦਲ ਦੇ ਚੋਣਾਂ ਸਮੇਂ ਲੋਕਾਂ ਨਾਲ ਕੀਤੇ ਵਾਅਦੇ, ਰਾਜੀਵ ਲੌਂਗੋਵਾਲ ਸਮਝੌਤਾ ਤੇ ਬਹੁਤ ਅਹਿਮ ਦਸਤਾਵੇਜ ਇਸ ਕਿਤਾਬ ਦਾ ਹਿੱਸਾ ਹਨ।


ਜਿਹੜੀ ਦੂਸਰੀ ਕਿਤਾਬ ਦਾ ਜ਼ਿਕਰ ਕਰਨਾ ਬਣਦਾ ਹੈ ਉਹ ਹੈ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਕਿਤਾਬ। ਇਸ ਵਿਚ ਕੋਈ ਸੰਦੇਹ ਹੀ ਨਹੀਂ ਕਿ ਪੰਥ ਰਤਨ ਗੁਰਚਰਨ ਸਿੰਘ ਟੌਹੜਾ ਪੰਜਾਬ ਰਾਜਨੀਤੀ ਦੀ ਵਿਸ਼ੇਸ਼ ਸ਼ਖ਼ਸੀਅਤ ਰਹੇ ਹਨ। ਉਹ ਕਈ ਦਹਾਕੇ ਪੰਜਾਬ ਦੇ ਪੰਥਕ ਤੇ ਅਕਾਲੀ ਰਾਜਨੀਤੀ ਦੇ ਥੰਮ੍ਹ ਰਹੇ। ਹਾਲੇ ਵੀ ਉਹ ਇਸ ਵਿਚੋਂ ਮਨਫ਼ੀ ਨਹੀਂ ਹੋਏ ਹਾਲਾਂਕਿ ਉਨ੍ਹਾਂ ਨੂੰ ਇਹ ਦੁਨੀਆ ਛੱਡੇ ਨੂੰ ਦੋ ਦਹਾਕੇ ਹੋ ਗਏ ਨੇ। ਇਸ ਕਿਤਾਬ ਦਾ ਨਾਮ ਹੈ: 'ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਸਾਬਤ ਕਦਮੀ, ਨੰਗੇ ਪੈਰੀਂ ਸਿਦਕੀ ਸਫਰ'। ਇਹ ਕਿਤਾਬ ਉਨ੍ਹਾਂ ਦਾ ਲੰਬਾ ਸਮਾਂ ਸਾਥੀ ਰਹੇ ਮਾਲਵਿੰਦਰ ਸਿੰਘ ਮਾਲੀ ਨੇ ਸੰਪਾਦਿਤ ਕੀਤੀ ਹੈ ਤੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਚੰਡੀਗੜ੍ਹ ਨੇ ਛਪਵਾਈ ਹੈ।

ਕਿਤਾਬ ਜਥੇਦਾਰ ਟੌਹੜਾ ਵਲੋਂ ਸੀਨੀਅਰ ਪੱਤਰਕਾਰ ਤੇ ਸਾਹਿਤਕਾਰ ਪਿਆਰਾ ਸਿੰਘ ਭੋਗਲ ਨਾਲ ਉਨ੍ਹਾਂ ਦੀ ਲੰਬੀ ਰਿਕਾਰਡ ਕੀਤੀ ਹੋਈ ਗੱਲ-ਬਾਤ 'ਤੇ ਅਧਾਰਤ ਹੈ। ਇਸ ਨੂੰ ਛਪਾਉਣ 'ਚ ਲਗਭਗ ਇਕ ਸਾਲ ਲੱਗ ਗਿਆ। ਗੱਲਬਾਤ ਵੀਡੀਓ ਕੈਸੇਟ ਵਿਚ ਰਿਕਾਰਡ ਕੀਤੀ ਗਈ ਸੀ। ਪਰ ਉਨ੍ਹਾਂ ਦੀ ਕੁਆਲਟੀ ਖ਼ਰਾਬ ਹੋ ਗਈ ਸੀ। ਤਕਨੀਕੀ ਮਾਹਿਰਾਂ ਦੀ ਮਦਦ ਨਾਲ ਪਹਿਲਾਂ ਇਹ ਵੀਡੀਓਜ਼ ਦੀ ਰਿਕਾਰਡਿੰਗ ਕੰਪੈਟ ਡਿਸਕਾਂ (ਸੀ ਡੀਜ਼) 'ਤੇ ਉਤਾਰੀ ਤੇ ਫਿਰ ਇਨ੍ਹਾਂ ਨੂੰ ਸੁਣ ਕੇ ਵਾਰਤਾ 'ਚ ਬਦਲਿਆ। ਕਿਤਾਬ 'ਚ ਬਹੁਤ ਦਿਲਚਸਪ ਜਾਣਕਾਰੀ ਹੈ। ਮਾਲੀ ਦਾ ਕਹਿਣਾ ਹੈ 'ਜਥੇਦਾਰ ਦੇ ਜ਼ਿੰਦਗੀਨਾਮੇ ਤੇ ਸਵੈ-ਕਥਨ 'ਤੇ ਅਧਾਰਿਤ ਇਹ ਕਿਤਾਬ 'ਪਾਠਕਾਂ ਤੇ ਜਗਿਆਸੂਆਂ ਦੇ ਬਹੁਤ ਭਰਮ-ਭੁਲੇਖੇ ਦੂਰ ਕਰਦੀ ਹੈ, ਜੋ ਧਰਮ ਅਤੇ ਸਿਆਸਤ ਤੋਂ ਇਲਾਵਾ ਧਾਰਮਿਕ ਅਦਾਰਿਆਂ ਦੇ ਪ੍ਰਬੰਧ ਅਤੇ ਸਿਆਸਤ ਬਾਰੇ ਪਾਏ ਹੋਏ ਨੇ।' ਉਸਦਾ ਕਹਿਣਾ ਹੈ ਕਿ ਕਿਤਾਬ 1947 ਦੇ ਆਜ਼ਾਦੀ ਅਤੇ ਪੰਜਾਬ ਦੀ ਤਕਸੀਮ ਤੋਂ ਬਾਅਦ ਕੇਂਦਰ ਦੀ ਸਿੱਖ ਪੰਥ, ਅਕਾਲੀ ਦਲ ਅਤੇ ਪੰਜਾਬ ਬਾਰੇ ਪਹੁੰਚ ਅਤੇ ਅਕਾਲੀ ਲੀਡਰਸ਼ਿਪ ਦੇ ਨਿਜ ਅਤੇ ਸਵਾਰਥ ਦੇ ਬਖੀਏ ਉਧੇੜਦੀ ਹੈ।

ਟੌਹੜਾ ਸਾਹਿਬ ਨੇ ਕਿਤਾਬ ਵਿਚ ਪੰਜਾਬ ਅਤੇ ਕੇਂਦਰ ਦੀ ਰਾਜਨੀਤੀ ਤੇ ਕੇਂਦਰੀ ਰਾਜਨੀਤਕ ਆਗੂਆਂ ਬਾਰੇ ਵੱਡੇ ਖੁਲਾਸੇ ਕੀਤੇ ਹਨ। ਉਨ੍ਹਾਂ ਨੇ ਬਾਦਲ, ਸੰਤ ਹਰਚੰਦ ਸਿੰਘ ਲੌਂਗੋਵਾਲ, ਸੰਤ ਜਰਨੈਲ ਸਿੰਘ, ਗਿਆਨੀ ਜ਼ੈਲ ਸਿੰਘ ਬਾਰੇ ਵੀ ਖੁੱਲ੍ਹ ਕੇ ਆਪਣੇ ਵਿਚਾਰ ਰੱਖੇ ਹਨ। ਉਨ੍ਹਾਂ ਦੀ ਕਿਸ ਨਾਲ ਕਿਹੋ ਜਿਹੀ ਸਾਂਝ ਰਹੀ, ਇਸ 'ਤੇ ਵੀ ਇਹ ਕਿਤਾਬ ਝਾਤ ਪਵਾਉਂਦੀ ਹੈ। ਵੱਡੇ ਸਰਦਾਰਾਂ ਦੀ ਅਕਾਲੀ ਰਾਜਨੀਤੀ ਵਿਚ ਸ਼ਮੂਲੀਅਤ ਬਾਰੇ ਟੌਹੜਾ ਸਾਹਿਬ ਦੇ ਵਿਚਾਰ ਸਖਤ ਹਨ। ਉਨ੍ਹਾਂ ਦਾ ਵਿਚਾਰ ਸੀ ਕਿ ਇਨ੍ਹਾਂ ਸਰਦਾਰਾਂ ਵਿਚੋਂ ਜ਼ਿਆਦਾ ਮੌਕਾ ਪ੍ਰਸਤ ਹੀ ਸਨ। ਪਰ ਬਾਦਲ ਬਾਰੇ ਉਹ ਕਹਿੰਦੇ ਨੇ, 'ਬਾਦਲ ਇਕ ਧੁਨ 'ਤੇ ਹੀ ਚਲਦਾ ਰਿਹਾ। ਦਿੱਲੀ ਇਸਨੂੰ ਖਰੀਦ ਨਹੀਂ ਸਕੀ। ਹੋਰਾਂ ਨੂੰ ਦਿੱਲੀ ਖਰੀਦਦੀ ਰਹੀ।' ਇਹਦੀ ਵੀ ਹੋ ਸਕਦੀ ਸੀ। ਪਰ ਉਨ੍ਹਾਂ ਦੀ ਖਰੀਦੋ-ਫਰੋਖਤ ਵਿਚ ਬਾਦਲ ਨਹੀਂ ਆਇਆ। ਇਹਨੇ ਪੰਥਕ ਸੋਚ ਨੂੰ ਤਿਲਾਂਜਲੀ ਨਹੀਂ ਦਿੱਤੀ। ਵੱਡੇ ਸਰਦਾਰਾਂ ਵਿਚ ਮੈਂ ਕੇਵਲ ਇਹ ਆਦਮੀ ਦੇਖਿਆ ਐ ਜੋ ਆਪਣੇ ਰਾਜਨੀਤਕ ਜੀਵਨ ਦੇ ਵਿਚ ਇਕ ਰਾਹ 'ਤੇ ਚਲਦਾ ਰਿਹਾ, ਨਹੀਂ ਹੋਰ ਸਾਰੇ ਜਦੋਂ ਮੁੱਲ ਪਿਆ ਇਧਰ-ਓਧਰ ਤੁਰ ਜਾਂਦੇ ਰਹੇ।

ਟੌਹੜਾ ਦੀ ਮੁਰਾਰ ਜੀ ਦੇਸਾਈ ਨਾਲ ਪਹਿਲੀ ਮੁਲਾਕਾਤ ਸਮੇਂ ਹੀ ਖੜਕ ਗਈ ਸੀ। 1977 'ਚ ਜਨਤਾ ਪਾਰਟੀ ਚੋਣਾਂ ਜਿੱਤ ਗਈ ਸੀ। ਇਸ ਦੀ ਕੇਂਦਰ 'ਚ ਸਰਕਾਰ ਬਣਨੀ ਸੀ।

ਬਾਦਲ ਨੇ ਕਿਹਾ ਕਿ ਮੁਰਾਰ ਜੀ ਨੂੰ ਮਿਲ ਕੇ ਆਈਏ। ਮੈਂ, ਜਗਦੇਵ ਸਿੰਘ ਤਲਵੰਡੀ, ਬਾਦਲ ਤੇ ਕਰਨਲ ਪ੍ਰਤਾਪ ਸਿੰਘ ਗਿੱਲ ਮਿਲਣ ਚਲੇ ਗਏ। ਕੁਝ ਗੱਲਾਂ ਹੋਈਆਂ। ਫਿਰ ਕਰਨਲ ਗਿੱਲ ਨੇ ਗੱਲ ਤੋਰ ਲਈ। ਮੁਰਾਰ ਜੀ ਨੂੰ ਕਿਹਾ ਕਿ ਤੁਸੀਂ ਪ੍ਰਧਾਨ ਮੰਤਰੀ ਬਣ ਜਾਣੈ ਤੇ ਫਿਰ ਪੰਜਾਬ ਦੀਆਂ ਸਾਰੀਆਂ ਮੰਗਾ ਮੰਨ ਲੈਣੀਆਂ। ਫੌਜ ਵਿਚ ਭਰਤੀ, ਜਿੰਨੀ ਅੰਗਰੇਜ਼ਾਂ ਸਮੇ ਪੰਜਾਬ 'ਚੋਂ ਹੁੰਦੀ ਸੀ, ਉਹ ਬਹਾਲ ਕਰ ਦੇਣੀ। ਕੁਝ ਹੋਰ ਮੰਗਾਂ ਦਾ ਜ਼ਿਕਰ ਕੀਤਾ। ਮੁਰਾਰ ਜੀ ਭਰਤੀ ਵਾਲੀ ਮੰਗ ਨਾਲ ਸਹਿਮਤ ਨਾ ਹੋਏ। ਇਹ ਸਿਰਫ ਅਬਾਦੀ ਦੇ ਲਿਹਾਜ਼ ਨਾਲ ਹੋਣੀ ਚਾਹੀਦੀ ਹੈ। ਹੋਰ ਰਾਜ ਵੀ ਹਨ, ਪੰਜਾਬ ਇਕੱਲਾ ਤਾਂ ਨਹੀਂ।







ਟੌਹੜਾ ਸਾਹਿਬ ਨੇ ਕਿਹਾ ਕਿ ਫਿਰ ਦਾਣੇ ਵੀ ਅਬਾਦੀ ਦੇ ਹਿਸਾਬ ਨਾਲ ਲੈ ਲਿਆ ਕਰੋ। ਫਿਰ ਮੁਰਾਰ ਜੀ ਚੁੱਪ ਕਰ ਗਿਆ। ਕਰਨਲ ਗਿੱਲ ਕਹਿਣ ਲੱਗਿਆ ਕਿ 'ਜਿਥੇ ਸਾਡੀ ਗੱਲ ਆਉਂਦੀ ਉਥੇ ਅਬਾਦੀ ਵਿਚ ਲੈ ਆਉਂਦੇ ਹੋ। ਅਸੀਂ ਸਾਰੇ ਦੇਸ਼ ਦਾ ਢਿੱਡ ਭਰਦੇ ਹਾਂ। ਫਿਰ ਗੁਜਰਾਤ ਤੋਂ ਲੈ ਲਿਆ ਕਰੋ ਦਾਣੇ। ਕਾਫੀ ਗਰਮਾ-ਗਰਮੀ ਹੋ ਗਈ ਮੇਰੀ ਤੇ ਮੁਰਾਰ ਜੀ ਦੀ। ਹੋਰ ਕੋਈ ਨਹੀਂ ਬੋਲਿਆ। ਸਾਰੇ ਸੁੰਨ ਬੈਠੇ ਰਹੇ। ਫਿਰ ਟਕਰਾ ਕੇਂਦਰੀ ਵਜ਼ਾਰਤ ਵਿਚ ਮੰਤਰੀ ਬਣਾਉਣ 'ਤੇ ਹੋਇਆ। ਮੈਂ ਸਾਹਿਬ ਬਸੰਤ ਸਿੰਘ ਖਾਲਸਾ ਨੂੰ ਮੰਤਰੀ ਬਣਾਉਣਾ ਚਾਹੁੰਦਾ ਸਾਂ। ਮੁਰਾਰ ਜੀ ਨੇ ਮੈਨੂੰ ਕਿਹਾ 'ਜਿਸ ਕੋ ਆਪ ਕਹਿ ਰਹੇ ਹੋ ਉਸਕੋ ਨਹੀਂ ਲੂੰਗਾ। ਧੰਨਾ ਸਿੰਘ ਗੁਲਸ਼ਨ ਕੋ ਮੰਤਰੀ ਲੂੰਗਾ।' ਫਿਰ ਪਾਣੀਆਂ ਦੇ ਮੁਦੇ 'ਤੇ ਕਸ਼ਮਕਸ਼ ਹੋਈ, ਮੁਰਾਰ ਜੀ ਨੇ ਕੋਈ ਹੁੰਗਾਰਾ ਨਾ ਭਰਿਆ ਤੇ ਕਿਹਾ 'ਅੱਛਾ ਸੋਚੇਂਗੇ'

ਅਗਲਾ ਟਕਰਾਅ ਦਿੱਲੀ ਗੁਰਦਵਾਰਾ ਕਮੇਟੀ ਲਈ ਕੋਤਵਾਲੀ ਮੰਗਣ 'ਤੇ ਹੋਇਆ। ਦਿੱਲੀ ਕਮੇਟੀ ਨੇ ਮੁਰਾਰ ਜੀ ਤੋਂ ਸਮਾਂ ਲਿਆ ਹੋਇਆ ਸੀ। ਉਹ ਟੌਹੜਾ ਸਾਹਿਬ ਨੂੰ ਵੀ ਨਾਲ ਲੈ ਗਏ। ਜਦੋਂ ਵਫ਼ਦ ਅੰਦਰ ਵੜਿਆ ਤਾਂ ਮੁਰਾਰ ਜੀ ਨੇ ਨਾ ਬੈਠਣ ਨੂੰ ਕਿਹਾ। ਕਹਿਣ ਲੱਗਿਆ 'ਆਪ ਇਨਕੇ ਸਾਥ ਕੈਸੇ ਆ ਗਏ।' ਮੈਂ ਕਿਹਾ ਪਹਿਲੇ ਤੋ ਆਪ ਕੋ ਹਮੇਂ ਬੈਠਨੇ ਕੇ ਲੀਏ ਕਹਿਣਾ ਚਾਹੀਏ ਥਾ। ਫਿਰ ਸਵਾਲ ਕਰਤੇ। ਯੇ ਕੋਈ ਨੈਤਿਕਤਾ ਨਹੀਂ ਹੈ। ਕਹਿੰਦਾ ਅੱਛਾ-ਅੱਛਾ ਬੈਠੀਏ। ਬੈਠ ਗਏ ਜੀ। ਬੈਠ ਕੇ ਮੈਂ ਕਿਹਾ ਮੈਂ ਦੱਸਦਾਂ ਬਈ ਕਿਵੇਂ ਆ ਗਏ। ਇਕ ਤਾਂ ਜਿਸ ਕੰਮ ਲਈ ਇਹ ਆਏ ਨੇ, ਉਹ ਕੰਮ ਸਾਰੇ ਸਿੱਖਾਂ ਦਾ ਸਾਂਝਾ ਕੰਮ ਹੈ। ਦੂਜਾ ਇਹ ਦਿੱਲੀ ਗੁਰਦੁਆਰਾ ਕਮੇਟੀ ਦਾ ਡੈਪੂਟੇਸ਼ਨ ਐ। ਮੈਂ ਵੀ ਦਿੱਲੀ ਕਮੇਟੀ ਦਾ ਮੈਂਬਰ ਆਂ। ਅੱਛਾ-ਅੱਛਾ, ਬਾਤ ਕਰੀਏ। ਬਾਤ, ਇਹ ਕਰੇਂਗੇ ਪਹਿਲਾਂ। ਫਿਰ ਜਿਵੇਂ ਕੋਛੜ ਵਿਚਾਰਾ ਵਪਾਰੀ ਜਿਹਾ ਆਦਮੀ ਸੀ, ਉਹ ਫਿਰ ਕਹਿਣ ਲੱਗਿਆ, ਮੁਰਾਰ ਜੀ ਭਾਈ ਬੜੀ ਸੋਭਾ ਹੋ ਰਹੀ ਹੈ, ਬੜੀ ਫਲਾਣਾ ਹੋ ਰਹੀ ਐ। ਸਾਨੂੰ ਕੋਤਵਾਲੀ ਦੇ ਦੋ। ਮੁਰਾਰ ਜੀ ਕਹਿੰਦਾ ਅਗਰ ਮੈਂ ਸੰਤ ਤੇਗ ਬਹਾਦਰ ਕੋ ਕੋਤਵਾਲੀ ਦੇ ਦੂੰ ਤੋ ਦਿੱਲੀ ਮੇਂ ਤੋ ਬਹੁਤ ਸੰਤ ਫਕੀਰ ਹੈਂ। ਫਿਰ ਤੋ ਬਹੁਤ ਕੁਛ ਦੇਨਾ ਪੜੇਗਾ।'

ਮੈਂ ਕਿਹਾ ਮੋਰਾਰ ਜੀ ਭਾਈ ਮੈਂ ਦਖਲ ਨਹੀਂ ਸੀ ਦੇਣਾ ਚਾਹੁੰਦਾ, ਪਰ ਪਹਿਲਾਂ ਤਾਂ ਆਪਣਾ ਬੋਲਣਾ ਠੀਕ ਕਰੋ। ਗੁਰੂ ਤੇਗ ਬਹਾਦਰ ਜੀ ਸੰਤ ਨਹੀਂ, ਉਨ੍ਹਾਂ ਨੂੰ 'ਗੁਰੂ ਤੇਗ ਬਹਾਦਰ, ਹਿੰਦ ਦੀ ਚਾਦਰ' ਕਹਿੰਦੇ ਨੇ ਲੋਕ। ਤਿਲਕ ਜੰਞੂ ਦਾ ਰਾਖਾ ਐ ਉਹ। ਗੁਰੂ ਤੇਗ ਬਹਾਦਰ ਕਹੋ। ਮੇਰੇ ਵੱਲ ਟੀਰਾ ਜਿਹਾ ਦੇਖ ਕੇ ਕਹਿੰਦਾ ਅੱਛਾ-ਅੱਛਾ ਗੁਰੂ ਤੇਗ ਬਹਾਦਰ। ਫਿਰ ਕਹਿੰਦਾ ਮੈਂ ਨਹੀਂ ਦੇਤਾ। ਉਹ ਕਹਿੰਦੇ ਦਿਉ ਜੀ। ਨਾਂਹ ਨਾ ਕਰੋ। ਮੈਨੇ ਬੋਲ ਦੀਆ ਹੈ, ਮੇਰਾ ਤੋ ਡਿਪਾਰਟਮੈਂਟ ਹੀ ਨਹੀਂ। ਜਾਓ, ਆਪ ਚੌਧਰੀ ਚਰਨ ਸਿੰਘ ਸੇ ਮਿਲ ਲੋ। ਓਦੋਂ ਸਾਡੀ ਨੋਕ-ਝੋਕ ਆਹ ਹੋਈ।' ਇਹ ਖੁਲਾਸਾ ਆਪਣੀ ਮੂੰਹ ਬੋਲੀ ਜੀਵਨ ਕਥਾ 'ਚ ਟੌਹੜਾ ਨੇ ਕੀਤਾ ਹੈ।

ਟੌਹੜਾ ਅਗੇ ਦੱਸਦੇ ਨੇ 'ਫੇਰ ਇਕ ਮੌਕਾ ਆਇਆ ਜੀ। ਉਸ ਦਿਨ ਬਹੁਤ ਜੰਗ ਹੋਈ। ਉਹ ਮੌਕਾ ਸੀ ਜਦੋਂ ਕਾਨ੍ਹਪੁਰ ਵਿਚ ਨਿਰੰਕਾਰੀਆਂ ਨੇ ਸਿੱਖ ਮਾਰ ਦਿੱਤੇ। ਮੈਂ ਅਤੇ ਜਗਦੇਵ ਸਿੰਘ ਤਲਵੰਡੀ ਉਨ੍ਹਾਂ ਦਾ ਸਸਕਾਰ ਕਰਾ ਕੇ ਆਏ ਸੀ। ਸਾਡੇ ਜਾਂਦਿਆਂ ਨੂੰ ਬਾਦਲ ਸਾਹਿਬ ਤਲਬ ਕੀਤੇ ਹੋਏ ਸੀ ਦਿੱਲੀ। ਇਨ੍ਹਾਂ ਨੇ ਨੀ ਦੱਸਿਆ ਬਈ ਸਾਨੂੰ ਤਲਬ ਕੀਤਾ ਗਿਆ। ਮੈਂ ਤੇ ਤਲਵੰਡੀ ਸਾਹਿਬ ਉਥੇ ਆਏ। ਅਜੇ ਆਏ ਈ ਆਂ। ਇਨ੍ਹਾਂ ਨੂੰ ਪਤਾ ਸੀ ਸਾਡੇ ਪ੍ਰੋਗਰਾਮ ਦਾ। ਇਹ ਕਹਿੰਦੇ ਆਪਾਂ ਪ੍ਰਧਾਨ ਮੰਤਰੀ ਨੂੰ ਮਿਲਣਾ। ਮੈਂ ਕਿਹਾ ਦੇਖੋ, ਮੇਰੇ ਬਾਰ-ਬਾਰ ਲੜਨ ਦਾ ਕੋਈ ਲਾਭ ਨਹੀਂ। ਕੱਬਾ ਬੋਲਣੋਂ ਉਹ ਨਹੀਂ ਹਟਦਾ, ਜਵਾਬ ਦਿੱਤੇ ਬਿਨਾਂ ਮੈਥੋਂ ਰਹਿ ਨੀ ਹੁੰਦਾ। ਤੁਸੀਂ ਦੋਨੋਂ ਜਾ ਆਓ। ਨਹੀਂ ਜੀ, ਕਹਿੰਦੇ ਤੁਸੀਂ ਨਾਲ ਚੱਲੋ। ਮੈਂ ਬਿਲਕੁਲ ਇਨਕਾਰੀ ਹੋ ਗਿਆ। ਬਾਦਲ ਕਹਿੰਦਾ ਨਹੀਂ ਜੀ ਨਹੀਂ, ਚਲੋ ਤਿੰਨੇ ਜਣੇ ਇਕੱਠੇ ਚੱਲਦੇ ਐਂ। ਬਾਦਲ ਸਾਹਿਬ ਨੇ ਸੈਂਸਰ ਲਾਤਾ ਸੀ ਐਧਰ ਪੰਜਾਬ 'ਚ 'ਹਿੰਦ ਸਮਾਚਾਰ' 'ਤੇ। ਉਸਨੇ 1978 ਦੇ ਕਾਂਡ ਤੋਂ ਬਾਅਦ ਨਿਰੰਕਾਰੀ ਬਾਬੇ ਉਤੇ ਪਾਬੰਦੀ ਲਾ'ਤੀ ਸੀ ਪੰਜਾਬ ਵੜਨ 'ਤੇ। ਇਹਦੇ ਲਈ ਬਾਦਲ ਨੂੰ ਤਲਬ ਕੀਤਾ ਸੀ, ਬਈ ਤੂੰ ਪਾਬੰਦੀ ਲਾਈ ਐ ਬਾਬੇ 'ਤੇ ਸੈਂਸਰ ਲਾਇਆ।

**(ਬਾਕੀ ਅਗਲੇ ਸਫੇ 'ਤੇ)**

# ਪੰਜਾਬ ਸੰਕਟ ਅਤੇ ਖੇਤਰੀ ਅਖ਼ਬਾਰਾਂ ਦੇ ਫਿਰਕੂ ਰੋਲ ਦਾ ਪਰਦਾਫਾਸ਼ ਕਰਦੀ ਪੁਸਤਕ:

## 'ਵਰਨੈਕੂਲਰ ਪ੍ਰੈਸ ਅਤੇ ਪੰਜਾਬ ਕਰਾਈਸਿਸ: 1978-84'

ਸਾਡੇ ਵਿਦਵਾਨ ਦੋਸਤ ਅਤੇ ਅਰਥ-ਸ਼ਾਸਤਰੀ ਪ੍ਰੋ. ਅਮਰਜੀਤ ਭੁੱਲਰ ਦੀ ਸਿਫਾਰਸ਼ 'ਤੇ ਪਿਛਲੇ ਹਫਤੇ ਡਾ. ਗੁਰਸ਼ਰਨ ਸਿੰਘ ਸੋਹਲ ਦੀ 'ਵਰਨੈਕੂਲਰ ਪ੍ਰੈਸ ਅਤੇ ਪੰਜਾਬ ਕਰਾਈਸਿਸ: 1978-84' (ਙਇਰਨਅਚੁਲਅਰ ਫਰੲਸਸ ੳਨਦ ਫੁਨਜਅਬ ਛਰਸਿਸਿ: 1978-84) ਨਵੀਂ ਖੋਜ ਭਰਪੂਰ ਅੰਗਰੇਜ਼ੀ ਪੁਸਤਕ ਪੜ੍ਹਨ ਦਾ ਮੌਕਾ ਮਿਲਿਆ। ਪੁਸਤਕ ਪੜ੍ਹ ਕੇ ਤਸੱਲੀ ਹੋਈ ਕਿ ਕਿਸੇ ਵਿਦਵਾਨ ਨੇ ਇਸ ਅਹਿਮ ਤੇ ਹੁਣ ਤੱਕ ਅਣਗੌਲੇ ਵਿਸ਼ੇ 'ਤੇ ਇਤਨੀ ਮਹੱਤਵਪੂਰਨ ਜਾਣਕਾਰੀ ਵਾਲੀ ਕਿਤਾਬ ਲਿਖੀ ਹੈ। ਅਕਤੂਬਰ, 1984 ਵਿਚ ਭਾਰਤੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਉਸਦੇ ਆਪਣੇ ਦੋ ਸੁਰੱਖਿਆ ਗਾਰਡਾਂ ਵਲੋਂ ਹੱਤਿਆ ਤੋਂ ਬਾਅਦ ਸਿੱਖ ਭਾਈਚਾਰੇ ਦੇ ਬੇਕਸੂਰ ਲੋਕਾਂ ਦੇ ਕਤਲੇਆਮ ਸਮੇਤ ਅਪਰੈਲ, 1978 ਦੇ ਸਿੱਖ ਨਿਰੰਕਾਰੀ ਖੂਨੀ ਕਾਂਡ ਤੋਂ ਜੂਨ, 84 ਦੇ ਸਾਕਾ ਨੀਲਾ ਤਾਰਾ ਤੱਕ ਵਾਪਰੀਆਂ ਅਹਿਮ



ਹਰਚਰਨ ਸਿੰਘ ਪਰਹਾਰ
ਫੋਨ: 403-681-8689

ਦੁਖਦਾਈ ਘਟਨਾਵਾਂ ਬਾਰੇ ਜਲੰਧਰ ਦੀਆਂ ਪੰਜਾਬੀ, ਹਿੰਦੀ, ਉਰਦੂ ਭਾਸ਼ਾਵਾਂ ਦੀਆਂ ਅਖਬਾਰਾਂ, ਖਾਸ ਕਰ ਕੇ ਰੋਜ਼ਾਨਾ ਅਜੀਤ, ਜੱਗਬਾਣੀ, ਪੰਜਾਬ ਕੇਸਰੀ (ਹਿੰਦ ਸਮਾਚਾਰ ਸਮੂਹ) ਅਤੇ ਨਵਾਂ ਜ਼ਮਾਨਾ ਆਦਿ ਅਖ਼ਬਾਰਾਂ ਦੀ ਭੂਮਿਕਾ ਬਾਰੇ ਬੜੀ ਬਰੀਕੀ ਨਾਲ ਚਰਚਾ ਕੀਤੀ ਗਈ ਹੈ। ਲੇਖਕ ਨੇ ਵਿਸ਼ਲੇਸ਼ਣ ਕੀਤਾ ਹੈ ਕਿ ਇਸ ਸੰਕਟ ਦੇ ਦੌਰ ਦੌਰਾਨ ਸਥਾਨਕ ਪ੍ਰੈਸ ਨੇ ਜਨਤਕ ਰਾਏ ਨੂੰ ਕਿਵੇਂ ਪ੍ਰਭਾਵਿਤ ਕੀਤਾ, ਖਾਸਕਰ ਉਨ੍ਹਾਂ ਭਾਈਚਾਰਿਆਂ ਨੂੰ ਜੋ ਸਿਰਫ ਇਨ੍ਹਾਂ ਭਾਸ਼ਾਵਾਂ ਵਿਚ ਅਖ਼ਬਾਰਾਂ ਪੜ੍ਹਦੇ ਸਨ।

ਪੁਸਤਕ ਦੇ ਪਹਿਲੇ ਖੰਡ ਵਿਚ ਲੇਖਕ ਨੇ ਬੜੀ ਬਰੀਕੀ ਨਾਲ ਇਸ ਸੰਕਟ ਦੇ ਇਤਿਹਾਸਕ ਪਿਛੋਕੜ ਅਤੇ ਦੂਸਰੇ ਖੰਡ ਵਿਚ ਇਸ ਖਿੱਤੇ ਅੰਦਰ ਹਿੰਦੂ-ਸਿੱਖ ਕਲੇਸ਼ ਦੀਆਂ ਜੜ੍ਹਾਂ ਤਲਾਸ਼ਦਿਆਂ, ਲਿਖਿਆ ਹੈ ਕਿ ਇਸ ਮੰਦਭਾਗੇ ਵਰਤਾਰੇ ਦਾ ਆਰੰਭ ਸ਼ਾਇਦ ਸਿੱਖ ਪੰਥ ਦੇ ਬਾਨੀ ਗੁਰੂ ਨਾਨਕ ਸਾਹਿਬ ਦੇ ਆਗਮਨ ਦੇ ਨਾਲ ਹੀ ਸ਼ੁਰੂ ਹੋ ਗਿਆ ਸੀ। ਲੇਖਕ ਅਨੁਸਾਰ ਬੇਸ਼ੱਕ ਦੋਹਾਂ ਧਰਮਾਂ ਵਿਚਾਲੇ ਕਲੇਸ਼ ਤਾਂ ਪੁਰਾਣਾ ਹੀ ਸੀ, ਪ੍ਰੰਤੂ ਇਸਨੂੰ ਹੋਰ ਤਿੱਖਾ ਅੰਗਰੇਜ਼ ਹਾਕਮਾਂ ਦੀਆਂ ਆਪਣੇ ਸੌੜੇ ਮਨੋਰਥਾਂ ਲਈ ਅਪਨਾਈਆਂ ਰਾਜਨੀਤਕ ਚਾਲਾਂ ਨੇ ਕੀਤਾ। ਪ੍ਰੇਮ ਕੁਮਾਰ ਦੀ ਪੰਜਾਬ ਅੰਦਰ ਪਿਛਲੀ ਸਦੀ ਦੇ ਵੀਹਵਿਆਂ ਦੌਰਾਨ 'ਧਰਮ ਅਤੇ ਰਾਜਨੀਤੀ', ਬਾਰੇ ਲਿਖੀ ਪੁਸਤਕ ਦੇ ਹਵਾਲੇ ਨਾਲ ਲੇਖਕ ਦੱਸਦਾ ਹੈ ਕਿ ਸਾਲ 1922-1927 ਤੱਕ ਦੇ 5 ਸਾਲਾਂ ਦੇ ਅਰਸੇ ਦੌਰਾਨ ਇਕੱਲੇ ਪੰਜਾਬੀ ਖਿੱਤੇ ਅੰਦਰ 4740 ਫਿਰਕੂ ਫਸਾਦਾਂ ਦੀਆਂ ਨਿੱਕੀਆਂ-ਵੱਡੀਆਂ ਘਟਨਾਵਾਂ ਰਿਕਾਰਡ ਕੀਤੀਆਂ ਗਈਆਂ। ਪ੍ਰੰਤੂ ਇਨ੍ਹਾਂ ਘਟਨਾਵਾਂ ਵਿਚੋਂ ਬਹੁਤੇ ਮੌਕਿਆਂ 'ਤੇ ਹਿੰਦੂਆਂ-ਮੁਸਲਮਾਨਾਂ ਨਾਲ ਝਗੜਿਆਂ ਵਿਚ ਸਿੱਖਾਂ ਨੇ ਹਿੰਦੂ ਭਾਈਚਾਰੇ ਨਾਲ ਮਿਲ ਕੇ ਲੜਾਈਆਂ ਲੜੀਆਂ। ਭਾਰਤ ਦੇ ਕਥਿਤ ਸੰਵਿਧਾਨਕ ਵਿਕਾਸ ਦੇ ਅਮਲ ਦੌਰਾਨ ਸਾਲ 1919 ਦੇ ਐਕਟ ਅੰਦਰ ਫਿਰਕੂ ਪਹਿਚਾਣਾਂ ਦੇ ਅਧਾਰ 'ਤੇ ਵੋਟ ਦਾ ਅਧਿਕਾਰ ਲਾਗੂ ਕਰਨ ਨਾਲ ਪ੍ਰਮੁੱਖ ਭਾਈਚਾਰਿਆਂ ਅੰਦਰ ਅਜਿਹੀ ਕੁੜੱਤਣ ਘੋਲੀ ਗਈ, ਜਿਸ ਦੇ ਸਿੱਟੇ ਵਜੋਂ ਹੀ 1947 ਦੀ ਵੰਡ ਅਤੇ ਖੂਨੀ ਦੰਗੇ ਹੋਏ, ਜਿਸ ਵਿਚ ਤਿੰਨਾਂ ਭਾਈਚਾਰਿਆਂ ਦੇ ਕਰੋੜਾਂ ਲੋਕ ਉਜੜੇ ਅਤੇ ਲੱਖਾਂ ਬੇਗੁਨਾਹ ਲੋਕ ਮਾਰੇ ਗਏ। ਦੇਸ਼ ਆਜ਼ਾਦ ਹੋਇਆ, ਪਰ ਅੰਗਰੇਜ਼ਾਂ ਵਲੋਂ ਸ਼ੁਰੂ ਕੀਤੀ ਗਈ, ਧਰਮ ਅਤੇ ਜਾਤੀ ਪਛਾਣ ਦੀ ਗੰਦੀ ਸਿਆਸਤ ਖਤਮ ਨਾ ਹੋਈ। ਸਗੋਂ ਪੂਰਬੀ ਪੰਜਾਬ ਵਿਚ ਪਿੱਛੇ ਰਹਿ ਗਏ, ਹਿੰਦੂ ਅਤੇ ਸਿੱਖ ਭਾਈਚਾਰਿਆਂ ਵਿਚ ਉਹੀ ਖਿੱਚੋਤਾਣ ਨਵੇਂ ਸਿਰਿਓਂ ਦੁਬਾਰਾ ਸ਼ੁਰੂ ਹੋ ਗਈ ਅਤੇ ਇਹ ਲਗਾਤਾਰ ਵਧਦੀ ਹੀ ਚਲੀ ਗਈ ਅਤੇ ਹੁਣ ਤੱਕ ਕਿਸੇ ਨਾ ਕਿਸੇ ਰੂਪ 'ਚ ਜਾਰੀ ਹੈ।

ਲੇਖਕ ਨੇ ਆਪਣੇ ਅਧਿਐਨ ਦੀ ਸ਼ੁਰੂਆਤ ਸਾਲ 13 ਅਪਰੈਲ, 1978 ਦੇ ਅੰਮ੍ਰਿਤਸਰ ਵਿਚ ਵਾਪਰੇ ਸਿੱਖ-ਨਿਰੰਕਾਰੀ ਖੂਨੀ ਕਾਂਡ ਤੋਂ ਅਗਲੇ ਦਿਨ ਦੀਆਂ ਅਖ਼ਬਾਰੀ ਖ਼ਬਰਾਂ ਨਾਲ ਕੀਤੀ ਹੈ ਕਿ ਕਿਸ ਪ੍ਰਕਾਰ, ਇਸ ਇੱਕੋ ਘਟਨਾ ਦੀ ਵੱਖ-ਵੱਖ ਅਖ਼ਬਾਰਾਂ ਨੇ ਵੱਖ-ਵੱਖ ਢੰਗਾਂ ਨਾਲ ਮੂਲੋਂ ਹੀ ਇੱਕ-ਦੂਜੇ ਤੋਂ ਵੱਖਰੇ ਅੰਦਾਜ਼ ਵਿਚ ਕਵਰੇਜ ਕੀਤੀ ਸੀ। ਇਸ ਘਟਨਾ ਬਾਰੇ ਅਗਲੇ ਦਿਨ ਦੀ 'ਅਜੀਤ' ਅਖਬਾਰ ਵਿਚ ਸੁਰਖੀ ਸੀ: 18 ਸਿੰਘ ਸ਼ਹੀਦ, 200 ਤੋਂ ਵੱਧ ਜ਼ਖਮੀ। ਜਦੋਂ ਕਿ 'ਪੰਜਾਬ ਕੇਸਰੀ' ਅਖ਼ਬਾਰ ਵਿਚ ਇਸੇ ਖ਼ਬਰ ਦਾ ਹੈਡਿੰਗ ਸੀ: ਨਿਹੰਗਾਂ ਵਲੋਂ ਹਮਲੇ ਵਿਚ 17 ਵਿਅਕਤੀ ਮਾਰੇ ਗਏ। 'ਨਵਾਂ ਜ਼ਮਾਨਾ' ਅਖ਼ਬਾਰ ਅਨੁਸਾਰ: ਨਿਰੰਕਾਰੀ ਸੰਮੇਲਨ ਉਪਰ ਹਮਲੇ ਵਿਚ 16 ਵਿਅਕਤੀ ਮਰੇ। ਕਿਸੇ ਅਖ਼ਬਾਰ ਦੇ ਰਿਪੋਰਟਰ ਨੇ ਇਸ ਘਟਨਾ ਦੀ ਨਿਰਪੱਖ ਜਾਂਚ ਪੜਤਾਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਹਰ ਕੋਈ ਆਪੋ-ਆਪਣੀ ਅਖ਼ਬਾਰ ਦੇ ਏਜੰਡੇ ਅਨੁਸਾਰ ਰਿਪੋਰਟਿੰਗ ਕਰ ਰਿਹਾ ਸੀ। ਅਜਿਹੀ ਘਟਨਾ ਬਾਰੇ ਮੀਡੀਆ ਵਲੋਂ ਸਿਰਜੇ ਬਿਰਤਾਂਤਾਂ ਦਾ ਹੀ ਨਤੀਜਾ ਸੀ ਕਿ ਕਿਸੇ ਨੂੰ ਅੱਜ ਤੱਕ ਪਤਾ ਨਹੀਂ ਹੈ ਕਿ ਉਸ ਦਿਨ ਉਥੇ ਕੀ ਅਤੇ ਕਿਵੇਂ ਵਾਪਰਿਆ ਸੀ?

ਸਿੱਖ ਭਾਈਚਾਰੇ ਨਾਲ ਸਬੰਧਤ ਸਭ ਪ੍ਰਮੁੱਖ ਸੰਸਥਾਵਾਂ ਅਤੇ ਲੀਡਰਸ਼ਿਪ, ਹੁਣ ਤੱਕ ਇਸ ਘਟਨਾ ਨੂੰ ਸਿੱਖ ਧਰਮ ਵਿਰੁੱਧ ਨਿਰੰਕਾਰੀ ਕੂੜ ਪ੍ਰਚਾਰ ਖ਼ਿਲਾਫ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਸਿੱਖਾਂ ਉਪਰ ਨਿਰੰਕਾਰੀਆਂ ਵਲੋਂ ਕੀਤੇ ਖੂਨੀ ਹਮਲੇ ਵਜੋਂ ਪ੍ਰਚਾਰਦੀ ਆ ਰਹੀ ਹੈ। ਜਦਕਿ ਦੂਜੀ ਧਿਰ ਇਸਨੂੰ ਨਿਰੰਕਾਰੀ ਮਿਸ਼ਨ ਵਲੋਂ ਕੀਤੇ ਜਾ ਰਹੇ ਸ਼ਾਂਤਮਈ ਧਾਰਮਿਕ ਸਮਾਗਮ ਉਪਰ ਸਿੰਘਾਂ ਵਲੋਂ ਕੀਤਾ ਹਮਲਾ ਦਰਸਾਉਂਦੀ ਰਹੀ ਹੈ। ਅੱਜ ਤੱਕ ਕੋਈ ਵੀ ਧਿਰ ਇਹ ਸਾਬਿਤ ਨਹੀਂ ਕਰ ਸਕੀ ਕਿ ਗੋਲੀਆਂ ਨਾਲ ਮਰਨ ਵਾਲੇ ਵਿਅਕਤੀ, ਨਿਰੰਕਾਰੀਆਂ, ਪੁਲਿਸ ਜਾਂ ਪ੍ਰਦਰਸ਼ਨਕਾਰੀਆਂ ਵਿਚੋਂ ਕਿਸ ਦੀਆਂ ਗੋਲੀਆਂ ਨਾਲ ਕਿੰਨੇ ਮਰੇ ਸਨ, ਕਿਉਂਕਿ ਮਰਨ ਵਾਲੇ 16 ਵਿਅਕਤੀਆਂ ਵਿਚੋਂ 13 ਪ੍ਰਦਰਸ਼ਨਕਾਰੀ ਅਤੇ 3 ਨਿਰੰਕਾਰੀ ਸਨ। ਕਦੇ ਕਿਸੇ ਨੇ ਇਹ ਜਾਨਣ ਦੀ ਕੋਸ਼ਿਸ਼ ਵੀ ਨਹੀਂ ਕੀਤੀ ਕਿ ਜੇ ਸਾਰੇ ਪ੍ਰਦਰਸ਼ਨਕਾਰੀ ਸ਼ਾਂਤਮਈ ਅਤੇ ਨਿਹੱਥੇ ਸਨ ਤਾਂ 3 ਨਿਰੰਕਾਰੀ ਕਿਸਦੀ ਗੋਲੀ ਨਾਲ ਮਰੇ ਸਨ?

ਇਸੇ ਤਰ੍ਹਾਂ ਦੀ ਪੱਤਰਕਾਰਤਾ ਦੀ ਝਲਕ, 1978 ਦੀ ਘਟਨਾ ਤੋਂ ਪਿੱਛੋਂ 24 ਅਪਰੈਲ, 1980 ਨੂੰ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦੇ ਕਤਲ ਤੋਂ ਬਾਅਦ ਵੀ ਮਿਲਦੀ ਹੈ। ਅਜਿਹੀ ਹੀ ਪੱਤਰਕਾਰੀ ਦੇ ਨਮੂਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਪੈਰੋਕਾਰਾਂ ਵਲੋਂ 9 ਸਤੰਬਰ, 1981 ਨੂੰ ਕਤਲ ਕੀਤੇ 'ਪੰਜਾਬ ਕੇਸਰੀ' ਦੇ ਮੁੱਖ ਸੰਪਾਦਕ ਲਾਲਾ ਜਗਤ ਨਰਾਇਣ ਦੇ ਕਤਲ ਤੋਂ ਬਾਅਦ ਵੀ ਸਪੱਸ਼ਟ ਮਿਲਦੇ ਹਨ। ਅਜਿਹੀਆਂ ਘਟਨਾਵਾਂ ਤੋਂ ਇਲਾਵਾ ਡਾ. ਸੋਹਲ ਨੇ ਬਹੁਤ ਸੁੰਦਰ ਢੰਗ ਨਾਲ 1940 ਵਿਚ ਮੁਹੰਮਦ ਅਲੀ ਜਿਨਾਹ ਦੇ 'ਪਾਕਿਸਤਾਨ' ਦੀ ਮੰਗ ਅਤੇ ਦੂਜੇ ਪਾਸੇ 'ਅਜ਼ਾਦ ਪੰਜਾਬ' ਦੀ ਮੰਗ ਦੇ ਮਤਿਆਂ ਦੌਰਾਨ ਚੱਲ ਰਹੀ ਗੰਦੀ ਸਿਆਸਤ ਬਾਰੇ ਉਸ ਵਕਤ ਦੀਆਂ ਪੰਜਾਬ ਨਾਲ ਸਬੰਧਤ ਅਖ਼ਬਾਰਾਂ ਦੇ ਸੰਪਾਦਕਾਂ ਵਲੋਂ ਨਿਭਾਈ ਗੈਰ-ਜ਼ਿੰਮੇਵਾਰਾਨਾ ਅਤੇ ਮੁਜ਼ਰਮਾਨਾ ਭੂਮਿਕਾ ਦੀ ਝਾਤ ਵੀ ਪਵਾਈ ਹੈ।

ਤਕਰੀਬਨ 300 ਸਫਿਆਂ ਦੀ ਇਸ ਕਿਤਾਬ ਨੂੰ ਪੜ੍ਹਦਿਆਂ ਪਾਠਕ ਨੂੰ ਕਿੱਧਰੇ ਇੱਕ ਸਤਰ ਵੀ ਫਾਲਤੂ ਨਜ਼ਰ ਨਹੀਂ ਆਉਂਦੀ। ਸਦੀਆਂ ਤੋਂ ਹਰ ਧਰਮ ਦੇ ਰਹਿਬਰ ਇੱਕੋ ਰੱਬ ਨੂੰ ਸਾਰੀ ਕਾਇਨਾਤ ਦਾ ਸੋਮਾ ਦੱਸਦੇ ਰਹੇ ਹਨ। ਵਿਅਕਤੀ ਨੂੰ ਨੇਕ ਇਨਸਾਨ ਬਣਨ, ਕਿਸੇ ਦਾ ਹੱਕ ਨਾ ਮਾਰਨ, ਕਾਮ-ਕ੍ਰੋਧ-ਲੋਭ-ਮੋਹ-ਹੰਕਾਰ 'ਤੇ ਕਾਬੂ ਪਾਉਣ ਅਤੇ ਸਭ ਦਾ ਭਲਾ ਕਰਨ ਦੀਆਂ ਨਸੀਹਤਾਂ ਦਿੰਦੇ ਆਏ ਹਨ। ਇਨ੍ਹਾਂ ਸਰਬਕਾਲੀ ਕਦਰਾਂ-ਕੀਮਤਾਂ ਦੇ ਅਨੁਸਾਰ ਰਾਜਨੀਤੀ ਨੂੰ ਢਾਲੇ ਜਾਣ ਦੀ ਕਾਮਨਾ ਵੀ ਕੀਤੀ ਜਾਂਦੀ ਰਹੀ ਹੈ। ਇਸੇ ਪ੍ਰਥਾਏ ਰਾਜਨੀਤੀ ਉਪਰ ਧਰਮ ਦੇ ਕੁੰਡੇ ਦੀ ਵਕਾਲਤ ਕੀਤੀ ਜਾਂਦੀ ਰਹੀ ਹੈ। ਗੁਰਬਾਣੀ ਅਨੁਸਾਰ ਧਰਮ ਦੇ ਕੁੰਡੇ ਵਾਲੀ ਰਾਜਨੀਤੀ ਦਾ ਅਧਾਰ ਕੀ ਹੋਵੇ, ਬਾਰੇ ਕਬੀਰ ਜੀ ਆਪਣੀ ਬਾਣੀ ਵਿਚ ਕੇਂਦਰੀ ਸਿਧਾਂਤਕ ਨੁਕਤਾ ਇਨ੍ਹਾਂ ਸਤਰਾਂ ਵਿਚ ਦੱਸਦੇ ਹਨ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ (ਪੰਨਾ: 1349)

ਇਸੇ ਵਿਚਾਰ ਦੀ ਪ੍ਰੋੜਤਾ ਗੁਰੂ ਨਾਨਕ ਸਾਹਿਬ ਆਪਣੀ ਬਾਣੀ ਵਿਚ ਇਸ ਤਰ੍ਹਾਂ ਕਰਦੇ ਹਨ:

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥

ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਤਾਂ ਦੋ ਲਾਈਨਾਂ ਵਿਚ ਹੀ ਗੱਲ ਮੁਕਾ ਦਿੰਦੇ ਹਨ:

ਸਭੇ ਸਾਝੀਵਾਲ ਸਦਾਇਨਿ ਤੂ ਕਿਸੈ ਨ ਦਿਸਹਿ ਬਾਹਰਾ ਜੀਉ॥ (ਪੰਨਾ: 97)

ਵਿਚਾਰਨ ਵਾਲੀ ਗੱਲ ਇਹ ਹੈ ਕਿ ਕੀ ਕਦੇ ਕਿਤੇ ਰਾਜਨੀਤੀ ਇਨ੍ਹਾਂ ਉਪਦੇਸ਼ਾਂ ਅਧਾਰਿਤ ਹੋਈ ਹੈ? ਕੀ ਅਜੋਕੇ ਭਾਰਤ, ਪਾਕਿਸਤਾਨ, ਅਫਗਾਨਿਸਤਾਨ, ਇਰਾਨ, ਸ੍ਰੀ ਲੰਕਾ, ਬੰਗਲਾ ਦੇਸ਼, ਬਰਮਾ ਆਦਿ ਧਰਮ ਦੇ ਬੋਲ-ਬਾਲੇ ਵਾਲੇ ਏਸ਼ੀਆ ਦੇ ਦੇਸ਼ਾਂ ਅੰਦਰ ਧਰਮ ਦੀ ਆੜ ਹੇਠ ਕੀਤੀ ਜਾਂਦੀ ਰਾਜਨੀਤੀ, ਉਪਰਲੇ ਉਪਦੇਸ਼ਾਂ ਅਨੁਸਾਰ ਕਿਤੇ ਨਜ਼ਰ ਆਉਂਦੀ ਹੈ? ਕੀ ਪੰਜਾਬ ਦੇ ਪਿਛਲੇ 100 ਸਾਲ ਦੇ ਇਤਿਹਾਸ ਅੰਦਰ ਭਾਂਤ-ਭਾਂਤ ਦੇ ਅਕਾਲੀ ਦਲਾਂ ਵਲੋਂ ਮੀਰੀ-ਪੀਰੀ ਦੇ ਸਿਧਾਂਤ ਦੇ ਪੱਜ ਹੇਠ, ਜਿਸ ਕਿਸਮ ਦੀ ਦਿਸ਼ਾਹੀਣ ਰਾਜਨੀਤੀ ਕੀਤੀ ਜਾਂਦੀ ਰਹੀ ਹੈ? ਕੀ ਉਸਨੂੰ ਗੁਰੂਆਂ ਦੇ ਉਪਰਲੇ ਸਿਧਾਂਤਾਂ ਦੀ ਸਪਿਰਟ ਵਾਲੀ ਰਾਜਨੀਤੀ ਕਿਹਾ ਜਾ ਸਕਦਾ ਹੈ?

'ਵਰਨੈਕੂਲਰ ਪ੍ਰੈਸ ਕਰਾਈਸਿਸ:1978-84' ਹੇਠਲੇ ਸਿਰਲੇਖ ਵਾਲੀ ਪੁਸਤਕ ਦੇ ਪੰਨਾ 120-155 ਤੱਕ ਡਾ. ਸੋਹਲ ਨੇ ਪਿਛਲੀ ਸਦੀ ਦੇ ਮੁਢਲੇ ਵਰ੍ਹਿਆਂ ਤੋਂ 'ਚੀਫ ਖਾਲਸਾ ਦੀਵਾਨ' ਅਤੇ 'ਸਿੰਘ ਸਭਾ ਲਹਿਰ' ਦੀ ਸਿੱਖ ਰਾਜਨੀਤੀ ਤੋਂ ਲੈ ਕੇ ਖਾਲਿਸਤਾਨੀ ਲੀਡਰ ਗੰਗਾ ਸਿੰਘ ਢਿੱਲੋਂ ਦੀ ਰਹਿਨੁਮਾਈ ਹੇਠ ਮਾਰਚ, 1981 ਨੂੰ ਚੰਡੀਗੜ੍ਹ ਵਿਚ ਹੋਈ 'ਆਲ ਇੰਡੀਆ ਸਿੱਖ ਕਨਵੈਨਸ਼ਨ' ਦੇ ਆਰ-ਪਾਰ ਫੈਲੀ ਹੋਈ ਸਿਆਸਤ ਬਾਰੇ ਵਿਸਥਾਰ ਵਿਚ ਚਾਨਣਾ ਪਾਇਆ ਹੈ। ਇਸੇ ਚੈਪਟਰ ਵਿਚ ਮਾਸਟਰ ਤਾਰਾ ਸਿੰਘ, ਸੰਤ ਫਤਿਹ ਸਿੰਘ, ਸ. ਦਰਸ਼ਨ ਸਿੰਘ ਫੇਰੂਮਾਨ ਵਲੋਂ ਰੱਖੇ ਮਰਨ ਵਰਤਾਂ, ਡਾ. ਜਗਜੀਤ ਸਿੰਘ ਚੌਹਾਨ, ਗੰਗਾ ਸਿੰਘ ਢਿੱਲੋਂ ਅਤੇ ਮਹੰਤ ਸੇਵਾ ਦਾਸ ਵਰਗੇ ਸਿੱਖ ਲੀਡਰਾਂ ਵਲੋਂ ਕੀਤੀ ਜਾਂਦੀ ਰਹੀ ਫਿਰਕੂ ਰਾਜਨੀਤੀ ਬਾਰੇ ਬੜੇ ਸੁਚੱਜੇ ਢੰਗ ਨਾਲ ਪੰਛੀ ਝਾਤ ਪਵਾਈ ਗਈ ਹੈ।

ਇਸ ਸਾਰੀ ਰਾਜਨੀਤੀ ਬਾਰੇ ਰੋਜ਼ਾਨਾ ਅਜੀਤ, ਪੰਜਾਬ ਕੇਸਰੀ, ਨਵਾਂ ਜ਼ਮਾਨਾ ਅਤੇ ਜਲੰਧਰ ਦੇ ਹੋਰ ਖੇਤਰੀ ਅਖ਼ਬਾਰਾਂ ਦੇ ਭੜਕਾਊ ਰੋਲ ਦੇ ਭਾਂਤ-ਸੁਭਾਂਤੇ ਵੇਰਵੇ ਇਸ ਮੁੱਲਵਾਨ ਪੁਸਤਕ ਵਿਚ ਬੜੀ ਖ਼ੂਬਸੂਰਤੀ ਨਾਲ ਸੰਜੋਏ ਹੋਏ ਹਨ। ਅਕਾਲੀ ਦਲ ਦੇ ਧਰਮ ਯੁੱਧ ਮੋਰਚੇ ਦੌਰਾਨ ਦਰਬਾਰ ਸਾਹਿਬ ਅੰਦਰ ਡੀ.ਆਈ.ਜੀ. ਅਟਵਾਲ ਦੀ ਹੱਤਿਆ, ਬੇਗੁਨਾਹ ਹਿੰਦੂ ਬੱਸ ਯਾਤਰੂਆਂ ਦੀਆਂ ਹੱਤਿਆਵਾਂ ਦਾ ਬਦਨਾਮ ਢਿੱਲਵਾਂ ਕਾਂਡ, ਪਹਿਲਾਂ ਸਾਕਾ ਨੀਲਾ ਤਾਰਾ, ਫਿਰ ਇੰਦਰਾ ਹੱਤਿਆ ਕਾਂਡ ਤੋਂ ਬਾਅਦ ਸਿੱਖਾਂ ਖ਼ਿਲਾਫ ਫੈਲੀ ਹਿੰਸਾ ਆਦਿ ਤੋਂ ਬਾਅਦ ਪੰਜਾਬ ਦੇ ਇਹ ਖੇਤਰੀ ਅਖ਼ਬਾਰ ਇਸ ਸਾਰੇ ਵਰਤਾਰੇ ਨੂੰ ਸਮਾਜ ਪ੍ਰਤੀ ਜ਼ਿੰਮੇਵਾਰੀ ਸਮਝ ਕੇ ਨਿਰਪੱਖਤਾ ਨਾਲ ਜਾਂਚ ਕਰ ਕੇ ਤੱਥ ਪੇਸ਼ ਕਰਨ ਵਿਚ ਪੂਰੀ ਤਰ੍ਹਾਂ ਫੇਲ੍ਹ ਰਹੇ ਹਨ। ਅਜਿਹੇ ਅਹਿਮ ਵਿਸ਼ੇ 'ਤੇ ਇਸ ਪ੍ਰਕਾਰ ਦੀ ਪੁਸਤਕ ਲਿਖਣ ਲਈ ਡਾ. ਸੋਹਲ ਅਤੇ ਉਸਦੇ ਨਿਗਰਾਨ ਡਾ. ਜਗਰੂਪ ਸਿੰਘ ਸੇਖੋਂ ਦੇ ਨਾਲ-ਨਾਲ




ਪੁਸਤਕ ਦੇ ਪ੍ਰਕਾਸ਼ਕ 'ਰੀਥਿੰਕ ਬੁੱਕਸ' ਵੀ ਵਧਾਈ ਦੇ ਪਾਤਰ ਹਨ। ਸਾਡਾ ਸੁਝਾਅ ਹੈ ਕਿ ਇਸ ਕਿਤਾਬ ਦਾ ਪੰਜਾਬੀ ਤਰਜਮਾ ਵੀ ਹੋਣਾ ਚਾਹੀਦਾ ਹੈ ਤਾਂ ਕਿ ਇਹ ਪੁਸਤਕ ਪੰਜਾਬੀ ਪਾਠਕਾਂ ਦੇ ਵੱਡੇ ਹਿੱਸਿਆ ਵਿਚ ਜਾ ਸਕੇ। ਮੇਰੀ ਸਮਝ ਅਨੁਸਾਰ ਪੰਜਾਬ ਦੇ ਹਰ ਵਰਗ ਦੇ ਵਿਅਕਤੀ ਨੂੰ ਪੰਜਾਬ ਦੀ ਰਾਜਨੀਤੀ ਅਤੇ ਤਰਾਸਦੀ ਨੂੰ ਸਹੀ ਸੰਦਰਭ ਵਿਚ ਸਮਝਣ ਲਈ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ। ਇਹ ਵੀ ਸੁਣਨ ਵਿਚ ਆਇਆ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਜਰਨਲਿਜ਼ਮ ਵਿਭਾਗ ਅੰਦਰ ਪੰਜਾਬ ਸੰਕਟ ਬਾਰੇ ਕੁਝ ਅਹਿਮ ਖੋਜ ਕਾਰਜ ਕਰਵਾਏ ਗਏ ਹਨ। ਜੇਕਰ ਅਜਿਹੇ ਖੋਜ ਕਾਰਜਾਂ ਦਾ ਮਿਆਰ ਡਾ. ਸੋਹਲ ਦੀ ਹਥਲੀ ਪੁਸਤਕ ਦੇ ਨੇੜੇ-ਤੇੜੇ ਵੀ ਹੋਵੇ ਤਾਂ ਉਨ੍ਹਾਂ ਨੂੰ ਛਾਪਣ ਦਾ ਕਾਰਜ ਵੀ 'ਰੀਥਿੰਕ ਬੁੱਕਸ' ਜਾਂ ਅਜਿਹੇ ਕਿਸੇ ਪ੍ਰਕਾਸ਼ਨ ਵਲੋਂ ਕਰਨਾ ਚਾਹੀਦਾ ਹੈ।

ਡਾ. ਸੋਹਲ ਦੀ ਖੋਜ ਦਾ ਪ੍ਰਮੁੱਖ ਖੇਤਰ 1978-84 ਤੱਕ ਪੰਜਾਬ 'ਚ ਵਾਪਰੀਆਂ ਘਟਨਾਵਾਂ ਨਾਲ ਸਬੰਧਤ ਅਖ਼ਬਾਰੀ ਖ਼ਬਰਾਂ ਤੱਕ ਹੈ। ਖੁਦ ਉਨ੍ਹਾਂ ਜਾਂ ਕਿਸੇ ਹੋਰ ਅਜਿਹੇ ਖੋਜ ਕਰਤਾ ਨੂੰ ਇਸੇ ਪੈਟਰਨ 'ਤੇ ਸਾਲ 1955-57 ਦੌਰਾਨ 'ਪੰਜਾਬੀ ਸੂਬਾ ਮੋਰਚਾ' ਅਤੇ ਉਸ ਦੇ ਅੰਨ੍ਹੇ ਵਿਰੋਧ ਵਿਚ ਜਲੰਧਰ ਦੇ ਮਹਾਸ਼ਿਆਂ ਦੀ ਤੁਖਣਾ ਨਾਲ 'ਮਹਾਂ ਪੰਜਾਬ' ਦੇ ਨਾਹਰਿਆਂ ਹੇਠ ਚੱਲੇ ਅੰਦੋਲਨਾਂ ਦੌਰਾਨ ਖੇਤਰੀ ਅਖ਼ਬਾਰਾਂ ਵਲੋਂ ਨਿਭਾਏ ਸ਼ਰੀਕਾਬਾਜ਼ੀ ਅਧਾਰਿਤ ਫਿਰਕੂ ਰੋਲ ਬਾਰੇ ਵੀ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। ਇਸੇ ਤਰ੍ਹਾਂ 1960 ਤੋਂ 1966 ਵਿਚ ਪੰਜਾਬੀ ਸੂਬਾ ਬਣਨ ਤੱਕ ਇੱਕ ਪਾਸੇ ਅਕਾਲੀ ਆਗੂਆਂ ਅਤੇ ਦੂਜੇ ਪਾਸੇ ਉਨ੍ਹਾਂ ਦੇ ਮੁਕਾਬਲੇ ਸ਼ਰੀਕੇਬਾਜ਼ੀ ਵਿਚ ਜਨਸੰਘੀ ਆਗੂ ਪੰਡਤ ਜੱਗ ਦੱਤ ਸ਼ਰਮਾ ਵਰਗੇ ਆਗੂਆਂ ਵਲੋਂ ਮਰਨ ਵਰਤਾਂ ਦੀ ਸਿਆਸਤ ਵਿਚ ਨਿਭਾਏ ਗਏ ਰੋਲ ਬਾਰੇ ਵੀ ਖੋਜ ਦਾ ਕੰਮ ਕੀਤਾ ਜਾਣਾ ਚਾਹੀਦਾ ਹੈ। ਦੋਨਾਂ ਭਾਈਚਾਰਿਆਂ ਵਿਚ ਫਿਰਕੂ ਰਾਜਨੀਤੀ ਤੋਂ ਉਪਰ ਉਠ ਕੇ ਕੰਮ ਕਰਨ ਦੀ ਜਿਤਨੀ ਲੋੜ ਅੱਜ ਹੈ, ਉਤਨੀ ਸ਼ਾਇਦ ਪਹਿਲਾਂ ਕਦੇ ਵੀ ਨਹੀਂ ਸੀ।

---

*(ਪਿਛਲੇ ਸਫੇ ਦਾ ਬਾਕੀ)*

ਬਾਦਲ ਉਦੋਂ ਕੇਂਦਰੀ ਖੇਤੀਬਾੜੀ ਮੰਤਰੀ ਹੁੰਦਿਆਂ ਵਜਾਰਤ ਛੱਡ ਕੇ ਆਇਆ ਸੀ। ਉਥੇ ਫੇਰ ਬਰਨਾਲਾ ਮੰਤਰੀ ਬਣ ਗਿਆ। ਇਹ ਮੁੜ ਕੇ ਪੰਜਾਬ ਦਾ ਚੀਫ ਮਨਿਸਟਰ ਬਣ ਗਿਆ ਸੀ। ਅਸੀਂ ਮੁਰਾਰ ਜੀ ਦੇ ਸਾਊਥ ਬਲਾਕ 'ਚ ਦਫਤਰ ਗਏ। ਦਰਵਾਜ਼ਾ ਖੋਲ੍ਹਿਆ ਸੇਵਾਦਾਰ ਨੇ। ਪਤਾ ਸੀ ਉਹਨੂੰ ਟਾਈਮ ਦਾ। ਦੇਸਾਈ ਨੇ ਨਾ ਕੋਈ ਗੱਲ ਨਾ ਬਾਤ, ਬੈਠਣ ਨੂੰ ਵੀ ਨਹੀਂ ਕਿਹਾ। ਪੈਂਦਾ ਈ ਬਾਦਲ ਨੂੰ ਮੁਖਾਤਬ ਹੋ ਕੇ ਕਹਿੰਦਾ, ਸਰਦਾਰ ਸਾਹਿਬ ਐਸੇ ਕੈਸੇ ਕਾਮ ਚਲੇਗਾ? ਐਸੇ ਨਹੀਂ ਕਾਮ ਚਲੇਗਾ, ਜੈਸੇ ਆਪ ਚਲਾਨਾ ਚਾਹਤੇ ਹੋ। ਆਪ ਨੇ ਵਹਾਂ ਸੈਂਸਰਸ਼ਿਪ ਲਗਾ ਦੀ ਅਖਬਾਰੋਂ ਕੇ ਊਪਰ। ਵਹਾਂ ਆਪ ਨੇ ਬਾਬਾ ਨਿਰੰਕਾਰੀ ਕੇ ਉਪਰ ਪਾਬੰਦੀ ਲਗਾ ਦੀ। ਆਪ ਨਹਿਰ ਨਹੀਂ ਖੋਦਨੇ ਦੇਤੇ ਹਰਿਆਣਾ ਕੀ। ਆਪ ਕੇ ਸਟੂਡੈਂਟਸ ਨੇ ਯਹਾਂ ਬਸੇਂ ਤੋੜ ਦੀਂ। ਇਹ ਦੋਨੋਂ ਚੁੱਪ, ਜਿਵੇਂ ਜਾਨ ਈ ਨਹੀਂ ਹੁੰਦੀ, ਬੁੱਤ ਖੜ੍ਹੇ ਹੁੰਨੇ ਐਂ। ਮੈਂ ਕਿਹਾ ਮੋਰਾਰ ਜੀ ਭਾਈ ਮੈਂਨੇ ਪਹਿਲੇ ਭੀ ਕਹਾ ਹੈ ਕਿ ਨੈਤਿਕਤਾ ਇਹ ਹੈ ਕਿ ਪਹਿਲੇ ਆਪ ਹਮੇਂ ਬੈਠਾਈਏ, ਫਿਰ ਬਾਤ ਕੀਜੀਏ। ਹਮ ਅਪਨੀ ਬਾਤ ਸੁਨਾਨੇ ਆਏ ਹੈਂ, ਆਪ ਨੇ ਆਪਣਾ ਲੈਕਚਰ ਸ਼ੁਰੂ ਕਰ ਲਿਆ। ਫਿਰ ਉਹ ਐਨਕਾਂ ਥਾਈਂ ਦੇਖ ਕੇ ਕਹਿੰਦਾ ਅੱਛਾ ਬੈਠੀਏ।

'ਸੁਨਾਈਏ, ਕਿਆ ਸੁਨਾਨਾ ਚਾਹਤੇ ਹੋ।' ਮੈਂ ਕਿਹਾ ਬਈ ਜਿਹੜੀ ਤੁਸੀਂ ਗੱਲ ਕਰ ਰਹੇ ਹੋ, ਅਸੀਂ ਥੋਨੂੰ ਕਾਨ੍ਹਪੁਰ ਦੀ ਓ ਈ ਦੱਸਣਾ ਚਾਹੁੰਨੇ ਐਂ। ਜੇ ਤੁਸੀਂ ਉਸ ਬੰਦੇ ਦੀ ਗਤੀਵਿਧੀ ਬੰਦ ਰਖੋ, ਤਾਂ ਫਸਾਦ ਨਹੀਂ ਹੋਣਗੇ। ਉਹ ਆਦਮੀ 18 ਬੰਦਿਆਂ ਦਾ ਕਾਤਲ ਐ, ਜਿੱਥੇ ਜਾਂਦਾ ਐ ਤੇ ਸਿੱਖਾਂ ਨੂੰ ਚਿੜ੍ਹਾਉਂਦਾ ਹੈ ਤੇ ਸਿੱਖਾਂ ਦੇ ਚਿੜ੍ਹਨ ਨਾਲ ਉਥੇ ਫੇਰ ਮੁਜ਼ਾਹਰੇ ਹੁੰਦੇ, ਝਗੜੇ ਹੁੰਦੇ ਨੇ। ਉਹ ਗੋਲੀ ਚਲਾ ਦਿੰਦਾ ਐ। ਬਈ ਉਹਨੂੰ ਕੋਈ ਪੁੱਛਦਾ ਨਹੀਂ। ਅਸੀਂ ਕਾਨ੍ਹਪੁਰ ਤੋਂ ਆਏ ਹਾਂ। ਅਲਾਹਾਬਾਦ ਦੇ ਡਿਪਟੀ ਕਮਿਸ਼ਨਰ ਨੇ ਸਿੱਖ ਆਗੂਆਂ ਨੂੰ ਮੀਟਿੰਗ ਦੀ ਆਗਿਆ ਨਹੀਂ ਦਿੱਤੀ, ਕਹਿੰਦਾ ਮੈਂ ਨਹੀਂ ਮਿਲਣਾ।

ਤੇ ਫਿਰ ਨਿਰੰਕਾਰੀ ਬਾਬਾ ਕਾਨ੍ਹਪੁਰ ਗਿਆ। ਕਾਨ੍ਹਪੁਰ ਦੇ ਡੀ. ਸੀ. ਨੇ ਵੀ ਦਫਾ 144 ਲਾ'ਤੀ ਤਾਂ ਕਿ ਸਿੱਖ ਪ੍ਰਦਰਸ਼ਨ ਨਾ ਕਰ ਸਕਣ। ਉਨ੍ਹਾਂ ਨੂੰ ਗ੍ਰਿਫਤਾਰ ਕਰ ਲੈਂਦੇ ਨੇ ਤੇ ਲਾਠੀਚਾਰਜ ਕਰਦੇ ਨੇ। ਇਸ ਆਦਮੀ ਦੇ ਜਾਣ ਨਾਲ ਸਿੱਖ ਭੜਕਦੇ ਐ, ਇਹ ਐਨੇ ਬੰਦਿਆਂ ਦਾ ਕਾਤਲ ਐ। ਤੁਸੀਂ ਉਹਨੂੰ ਨੀ ਕਹਿ ਸਕਦੇ 4 ਦਿਨ ਘਰ ਬੈਠ ਤੂੰ। ਮੈਨੂੰ ਕਹਿੰਦਾ ਆਪ ਦਫਾ 44 ਕੇ ਮਾਇਨੇ ਸਮਝਾਨੇ ਆਏ ਹੈਂ। ਮੈਂ ਨਹੀਂ ਸਮਝਾਉਣ ਆਇਆ। ਮੈਨੂੰ ਪਤੈ ਕਿ ਤੁਸੀਂ ਆਪਣੀ ਜ਼ਿੰਦਗੀ ਬਤੌਰ-ਏ-ਮੈਜਿਸਟਰੇਟ ਆਰੰਭ ਕੀਤੀ ਐ। ਤੁਹਾਨੂੰ ਦਫਾ 44 ਦੀ ਖ਼ੂਬ ਸਮਝ ਹੈ। ਉਹ ਬੜਾ ਚਿੜ੍ਹਿਆ। ਮੈਂ ਤੁਹਾਨੂੰ ਪਹਿਲਾਂ ਵੀ 10 ਵਾਰੀ ਦੱਸਿਆ ਬਈ ਤੁਸੀਂ ਦਾਤੇ ਨਾ ਬਣ ਕੇ ਬੈਠੋ, ਅਸੀਂ ਭਿਖਾਰੀ ਬਣਨ ਨੂੰ ਤਿਆਰ ਨਹੀਂ।

ਅਸੀਂ ਤੁਹਾਨੂੰ ਸਹੀ ਗੱਲ ਦੱਸਦੇ ਹਾਂ। ਤੁਸੀਂ ਸਾਡੇ ਮੁੱਖ ਮੰਤਰੀ ਨੂੰ ਡਾਂਟਦੇ ਓ। ਇਹ ਕਿਉਂ ਨਾ ਪਾਬੰਦੀ ਲਾਵੇ। ਹੋਰ ਦੱਸੋ ਇਹ ਫਸਾਦ ਕਰਾਵੇ ਪੰਜਾਬ ਵਿਚ। ਕਹਿੰਦਾ, ਉਹ ਸਟੂਡੈਂਟਸ ਨੇ ਬਸੇਂ ਤੋੜ ਦੀ। ਬਾਦਲ ਸਾਹਬ ਕਹਿੰਦੇ ਉਸ ਕਾ ਪ੍ਰਬੰਧਕ ਤੋ ਜਥੇਦਾਰ ਸੰਤੋਖ ਸਿੰਘ ਹੈ। ਕਹਿੰਦਾ ਸੰਤੋਖ ਸਿੰਘ ਵੀ ਅਕਾਲੀ ਹੈ। ਕਹਿੰਦੇ ਜੀ ਉਹ ਤਾਂ ਕਾਂਗਰਸ ਨਾਲ ਐ। ਕਹਿੰਦਾ ਨਹੀਂ-ਨਹੀਂ, ਜੋ ਕਾਲੀ ਪਗੜੀ ਬਾਂਧਤਾ ਹੈ, ਬਰਾਬਰ ਅਕਾਲੀ ਹੋਤਾ ਹੈ। ਤਾਂ ਉਹਦੇ ਨਾਲ ਜੀ ਮੇਰੀ ਬਹੁਤ ਖੜਕੀ। ਮੈਨੂੰ ਕਹਿੰਦਾ ਬਈ ਹਮਾਰੇ ਯਹਾਂ ਰਜਨੀਸ਼ ਬੈਠਾ ਹੈ, ਵੋਹ ਭਗਵਾਨ ਕਹਿਤਾ ਹੈ। ਮਖਾਂ ਆਪ ਬੁਜ਼ਦਿਲ ਹੈਂ, ਕਾਇਰ ਹੈਂ। ਐਸੇ ਭਗਵਾਨ ਕੋ ਪਹੁੰਚਾ ਦੀਜੀਏ ਧਰਮਰਾਜ ਕੇ ਪਾਸ। ਹਮ ਨੇ ਕਿਆ ਲੇਨਾ। ਹਮਾਰਾ ਝਗੜਾ ਉਸ ਸੇ ਕੋਈ ਨਹੀਂ ਹੈ।

### ਬਰਨਾਲਾ ਤੇ ਗੁਲਸ਼ਨ ਦਾ ਕੇਂਦਰੀ ਮੰਤਰੀ ਮੰਡਲ ਤੋਂ ਅਸਤੀਫਾ

ਇਸਦੇ ਬਾਅਦ ਸਾਡੀ ਮੀਟਿੰਗ ਹੋਈ ਵਰਕਿੰਗ ਕਮੇਟੀ ਦੀ। ਅਸੀਂ ਸੁਰਜੀਤ ਸਿੰਘ ਬਰਨਾਲੇ ਅਰ ਧੰਨਾ ਸਿੰਘ ਗੁਲਸ਼ਨ ਨੂੰ ਅਸਤੀਫੇ ਦੇਣ ਲਈ ਕਹਿ ਦਿੱਤਾ। ਛੱਡ ਦੋ ਇਹ ਗੌਰਮਿੰਟ। ਇਨ੍ਹਾਂ ਨੇ ਅਸਤੀਫੇ ਦੇ ਦਿੱਤੇ। ਸਾਡੀ ਫੇਰ ਮੀਟਿੰਗ ਹੋਈ, ਉਥੇ ਬੁਲਾਏ ਦਿੱਲੀ। ਮੁਰਾਰ ਜੀ ਗੱਲ ਕਰਨੀ ਸੀ। ਪਹਿਲਾਂ ਬੁਲਾਏ ਅਟਲ ਬਿਹਾਰੀ ਵਾਜਪਾਈ ਨੇ, ਫਿਰ ਅਡਵਾਨੀ ਨੇ। ਬਲਰਾਮ ਜੀ ਦਾਸ ਟੰਡਨ, ਬਲਵੰਤ ਸਿੰਘ, ਬਰਨਾਲਾ ਔਰ ਸਰਦਾਰ ਬਾਦਲ, ਇਹ ਸਾਰੇ ਗਏ। ਮੈਂ ਕਿਹਾ ਬਈ ਉਹ ਅਵਤਾਰ ਬਾਣੀ 'ਚ ਜਿਹੜਾ ਸਾਡੇ ਵਿਰੁੱਧ ਲਿਖਿਆ ਉਹ ਕੱਢ ਦੇਣ। ਗੌਰਮਿੰਟ ਉਹਦੀ ਢਾਲ ਨਾ ਬਣੇ, ਫੇਰ ਅਸੀਂ ਵਿਚਾਰ ਕਰ ਲਾਂਗੇ, ਅਸਤੀਫੇ ਵਾਪਸ ਲੈ ਲਾਂਗੇ। ਉਹ ਕਹਿੰਦੇ ਹੋ ਜਾਏਗਾ, ਅਸੀਂ ਐਲਾਨ ਕੱਲ੍ਹ ਨੂੰ ਕਰਾ ਦਿੰਨੇ ਐਂ। ਮੁਰਾਰ ਜੀ ਤੋਂ ਕਰਵਾਉਂਨੇ ਐਂ, ਅਟਲ ਬਿਹਾਰੀ ਜੀ ਕਹਿੰਦੇ। ਉਹ ਫੇਰ ਗੱਲ ਇੱਥੇ ਅੜ ਗਈ ਬਈ ਮੁਰਾਰ ਜੀ ਕੋਲ ਚੱਲੋ। ਮੈਂ ਕਿਹਾ ਜੀ ਮੈਂ ਨਹੀਂ ਜਾਣਾ, ਕਿਉਂਕਿ ਮੇਰੀ ਫਿਰ ਲੜਾਈ ਹੋਣੀ ਐ। ਤੁਸੀਂ ਜੇ ਕਰਵਾ ਸਕਦੇ ਓ, ਸਾਡੇ ਬੰਦਿਆਂ ਦੀ, ਸਾਡੀ ਵਰਕਿੰਗ ਕਮੇਟੀ ਦੀ ਤਸੱਲੀ ਕਰਵਾ ਦੋ, ਸਾਨੂੰ ਕੋਈ ਇਤਰਾਜ਼ ਨਹੀਂ।

ਬਾਦਲ ਸਾਹਿਬ ਨੇ ਕਿਹਾ ਬਈ ਤੇਰੇ ਬਿਨਾਂ ਅਸੀਂ ਜਾਣਾ ਈ ਨਹੀਂ। ਉਹ ਸਾਰੇ ਮੇਰੀਆਂ ਮਿੰਨਤਾਂ ਕਰਨ ਲੱਗ ਗਏ। ਮਖਾਂ ਚੰਗਾ ਮੇਰੀ ਇਕ ਸ਼ਰਤ ਐ ਬਈ ਮੈਂ ਨਹੀਂ ਬੋਲਣਾ ਕੁੱਛ ਵੀ। ਫਿਰ ਜੀ ਉਹਦੇ ਕੋਲ ਅਸੀਂ ਗਏ। ਉਹਨੇ ਪਹਿਲੀ ਦਫਾ ਸਾਨੂੰ ਉਥੇ ਚਾਹ ਵੀ ਪਿਲਾਈ ਤੇ ਪਕੌੜੇ-ਪਕੂੜੇ ਵੀ, ਬਰਫੀ ਵੀ ਖਵਾਈ। ਇਹ ਤਿੰਨ ਸੀਟਰ ਸੋਫਾ ਸੀ। ਮੈਂ ਬੈਠਾ ਸੀ, ਬਾਦਲ ਸਾਹਬ ਬੈਠੇ ਸੀ। ਹੋਰ ਵੀ ਸਾਰੇ ਵਾਜਪਾਈ ਵੀ ਸਭ ਬੈਠੇ ਸੀ। ਉਹ ਆਇਆ ਤੇ ਆ ਕੇ ਜਿਹੜਾ ਬਾਦਲ ਸਾਹਬ ਦੇ ਬਰਾਬਰ ਥਾਂ ਖਾਲੀ ਸੀ, ਉਥੇ ਬੈਠ ਗਿਆ। ਬੈਠਣ ਤੋਂ ਬਾਅਦ ਸਾਰਿਆਂ ਨੂੰ ਪਲੇਟਾਂ ਫੜਾਈਆਂ। ਬਰਫੀ ਆ ਗਈ, ਮੈਂ ਪਲੇਟ ਈ ਨਹੀਂ ਫੜੀ। ਫਿਰ ਉਹ ਦੇਖ ਕੇ ਕਹਿੰਦਾ ਆਪ ਨਹੀਂ ਖਾਤੇ, ਮੇਰੇ ਸੇ ਨਰਾਜ਼ ਹੋ ਕਿਆ? ਮੈਂ ਅਜੇ ਜਵਾਬ ਦੇਣਾ ਈ ਸੀ, ਬਾਦਲ ਝੱਟ ਬੋਲ ਪਿਆ। ਨਹੀਂ ਜੀ, ਇਨ੍ਹਾਂ ਨੂੰ ਗਾਲ ਬਲੈਡਰ ਦੀ ਤਕਲੀਫ ਹੈ। ਸਟੋਨ-ਸਟੂਨ ਐ। ਇਹ ਖਾਂਦੇ ਨਹੀਂ ਐਹੀ ਜੀ ਚੀਜ਼। ਤੇ ਉਹ ਫੇਰ ਮੈਨੂੰ ਕਹਿੰਦਾ ਅੱਛਾ, ਫਿਰ ਤੋ ਗਾਲ ਬਲੈਡਰ ਨਿਕਲਵਾ ਦੇਨਾ ਚਾਹੀਏ। ਓਪਰੇਸ਼ਨ ਕਰਵਾ ਦਿਓ। ਇਸ ਕਾ ਕੋਈ ਫਾਇਦਾ ਨਹੀਂ।

ਮੈਂ ਜੀ ਉਹਨੂੰ ਹਾਂ ਜਾਂ ਨਾਂਹ, ਕੁਛ ਵੀ ਨਹੀਂ ਕਿਹਾ ਤੇ ਚਾਹ ਪੀ ਕੇ ਆ'ਗੇ। ਇਹ ਕਹਿੰਦੇ ਤੁਸੀਂ ਚਾਹ ਨਹੀਂ ਪੀਤੀ। ਮੈਂ ਕਿਹਾ ਮੈਂ ਐਹਦਾ ਕੁੱਛ ਨਹੀਂ ਪੀਣਾ। ਉਹਨੇ ਅਨਾਊਂਸਮੈਂਟ ਕਰ'ਤੀ ਬਈ ਅਵਤਾਰ ਬਾਣੀ 'ਚ ਜਿਹੜੀਆਂ ਇਤਰਾਜ਼ਯੋਗ ਗੱਲਾਂ ਅਕਾਲੀ ਲਿਖ ਕੇ ਦੇਣਗੇ ਸਾਨੂੰ, ਜਾਂ ਸਾਡੇ ਨੋਟਿਸ ਵਿਚ ਆਉਣਗੀਆਂ, ਉਹ ਅਸੀਂ ਕਢਾਵਾਂਗੇ। ਮਨਿਸਟਰ ਫੇਰ ਰਹਿ ਗਏ। ਮੇਰਾ ਭਾਵ ਇਹ ਹੈ ਕਿ ਹਿੰਦੁਸਤਾਨ ਦਾ ਪ੍ਰਧਾਨ ਮੰਤਰੀ ਇੰਨਾ ਕੱਟੜ ਨਹੀਂ ਹੋਣਾ ਚਾਹੀਦਾ।

### ਬਾਦਲ ਬਰਨਾਲਾ ਪ੍ਰਧਾਨ ਮੰਤਰੀ ਮੂਹਰੇ ਕੁਸਕਦੇ ਵੀ ਨਹੀਂ ਸਨ

ਬਾਦਲ ਸਾਹਿਬ ਮੁਰਾਰ ਜੀ ਤੋਂ ਬਹੁਤ ਡਰਦੇ ਸੀ। ਇਹ ਜਵਾਬ ਦੇਣ ਲਈ ਉਨੇ ਚੁਸਤ ਵੀ ਨਹੀਂ ਸੀ। ਜਦੋਂ ਅਸੀਂ ਵਾਪਸ ਆਏ ਜੀ, ਮੇਰੇ ਫਲੈਟ 'ਤੇ ਆ ਗਏ। ਬਾਦਲ ਸਾਹਬ ਕਹਿੰਦੇ ਜੀ ਕਪੂਰਥਲਾ ਹਾਊਸ ਚੱਲੋ। ਮੈਂ ਕਿਹਾ ਜੀ ਮੈਂ ਨਹੀਂ ਜਾਣਾ। ਕਹਿੰਦੇ ਨਹੀਂ ਜੀ ਚੱਲੋ ਜੀ ਉਥੇ ਚਾਹ ਪੀ ਕੇ ਤੁਸੀਂ ਆ ਜਿਓ ਜੀ। ਮੈਂ ਕਿਹਾ ਬਈ ਮੈਂ ਬਿਲਕੁਲ ਨਹੀਂ ਜਾਣਾ। ਮੈਨੂੰ ਅਸਲ ਵਿਚ ਓਦੋਂ ਰੋਣ ਆਇਆ, ਇਨ੍ਹਾਂ ਦੇ ਸਾਹਮਣੇ। ਮੈਂ ਕਿਹਾ ਬਈ ਜਿਨ੍ਹਾਂ ਦੇ ਤੁਹਾਡੇ ਵਰਗੇ ਦੋਸਤ ਹੋਣ, ਉਨ੍ਹਾਂ ਨੂੰ ਦੁਸ਼ਮਣਾਂ ਦੀ ਕੋਈ ਲੋੜ ਨਹੀਂ। ਤੁਸੀਂ ਤਮਾਸ਼ਾ ਈ ਵੇਖੀ ਗਏ, ਤੁਸੀਂ ਪ੍ਰੋਟੈਸਟ ਕਰਦੇ, ਤੁਸੀਂ ਉਠ ਕੇ ਤੁਰਦੇ। ਜੇ ਮੈਂ ਇਕੱਲਾ ਤੁਰਦਾ, ਤੁਸੀਂ ਮੇਰੇ ਨਾਲ ਨਾ ਤੁਰਦੇ ਤੇ ਫੇਰ ਵੀ ਗੱਲ ਖਰਾਬ ਹੋਣੀ ਸੀ। ਮੈਂ ਕਿਹਾ ਆਪਾਂ ਉਹਦਾ ਸਹੁਰੇ ਦਾ ਦਿੱਤਾ ਖਾਂਦੇ ਆਂ।

ਮੈਂ ਤਾਂ ਇਕ ਵੱਡੀ ਮੁਰਾਰ ਜੀ ਵਾਲੀ ਘਟਨਾ ਦਾ ਜ਼ਿਕਰ ਕੀਤਾ ਹੈ। ਇਸ ਕਿਤਾਬ 'ਚ ਹੋਰ ਬਹੁਤ ਕੁਝ ਦਿਲਚਸਪ ਹੈ। ਪੜ੍ਹਨ ਵਾਲੀ ਕਿਤਾਬ ਹੈ ਇਹ। ਇਸ ਤੋਂ ਬਹੁਤ ਜਾਣਕਾਰੀ ਹਾਸਿਲ ਹੋਵੇਗੀ।

ਵਿਅੰਗ

# 'ਕੋਈ ਹੋਰ ਸਕੀਮ ਨ੍ਹੀ ਤਿਆਰ ਕੀਤੀ...?'

ਲਓ ਜੀ, ਸਾਡੇ ਨੇੜੇ ਤੇੜੇ ਹੀ ਪਿੰਡ ਸਲਾਵਤਪੁਰਾ ਵਿਖੇ 'ਰੂਹਾਨੀ ਜਾਮ' ਪਿਲਾਉਣ ਕਰਕੇ ਸਿਰਸੇ ਵਾਲੇ ਬਾਬੇ ਦਾ ਵਿਵਾਦ ਸਾਰੇ ਪੰਜਾਬ ਵਿਚ ਜੰਗਲ ਦੀ ਅੱਗ ਵਾਂਗੂੰ ਫ਼ੈਲਿਆ, ਤਾਂ ਸੈਂਟਰ ਗੌਰਮਿੰਟ ਤੋਂ ਲੈ ਕੇ ਪੰਜਾਬ ਗੌਰਮਿੰਟ ਤੱਕ ਸਾਰਿਆਂ ਨੂੰ ਪੰਜਾਬ ਦੇ ਹਾਲਾਤ ਦਾ ਫ਼ਿਕਰ ਪੈ ਗਿਆ। ਪੈਣਾ ਹੀ ਸੀ! ਅੱਗੇ ਹੀ ਵਿਚਾਰੇ ਪੰਜਾਬ ਨੇ ਦਸ-ਪੰਦਰਾਂ ਸਾਲ ਸੰਤਾਪ ਪਿੰਡੇ 'ਤੇ ਹੰਢਾਇਆ ਹੈ। ਇਕ ਪੰਜਾਬ ਦੇ ਹਾਲਾਤ ਸੂਗਰ ਦੇ ਮਰੀਜ਼ ਦੀ ਹਾਲਤ ਵਾਂਗੂੰ ਵਿਗੜਦੇ ਵੀ ਬੜੇ



ਸ਼ਿਵਚਰਨ ਜੱਗੀ ਕੁੱਸਾ
ਫੋਨ: +44-78533-17891

ਛੇਤੀ ਹਨ! ਆਮ ਤਾਂ ਗੌਰਮਿੰਟ ਨੂੰ ਪੰਜਾਬ ਦਾ ਬਹੁਤਾ ਕੋਈ ਫ਼ਿਕਰ ਨਹੀਂ ਰਹਿੰਦਾ, ਜਿਵੇਂ ਆਦੀ ਹੋਏ ਮਾਪਿਆਂ ਨੂੰ 'ਵੈਲੀ ਪੁੱਤ' ਦਾ ਬਹੁਤਾ ਝੋਰਾ ਨਹੀਂ ਹੁੰਦਾ, ਪਰ ਐਤਕੀਂ ਮਸਲਾ ਸਿਰਸੇ ਵਾਲ਼ੇ ਬਾਬੇ ਨਾਲ ਜੁੜਿਆ ਹੋਣ ਕਰਕੇ ਸਰਕਾਰ ਵੀ, ਸੱਪ ਨੂੰ ਦੇਖ ਕੇ ਚਿੜੀ ਦੇ ਪਿੱਟ ਸਿਆਪਾ ਕਰਨ ਵਾਂਗ, ਮਿੰਟਾਂ ਵਿਚ ਸੁਚੇਤ ਹੋ ਗਈ। ਸਰਕਾਰ ਨੂੰ ਆਪਣਾ ਵੀ ਫ਼ਿਕਰ ਸੀ, ਕਿ ਜੇ ਸਾਥੋਂ ਪੰਜਾਬ ਦੇ ਹਾਲਾਤ ਨਾ ਸੰਭਲ਼ੇ, ਤਾਂ ਪੰਜਾਬ ਵਿਚ ਗਵਰਨਰੀ ਰਾਜ ਹੋ ਸਕਦੈ ਅਤੇ ਸਾਡੀ ਰਾਜ ਗੱਦੀ ਜਾ ਸਕਦੀ ਹੈ। ਇਸੇ ਕਰਕੇ ਤਾਂ ਵਿਚਾਰੇ ਸੁਖਬੀਰ ਬਾਦਲ ਨੇ ਦਿਨ ਰਾਤ ਇੱਕ ਕਰੀ ਰੱਖੀ ਕਿ ਬਾਪੂ ਜੀ ਦੀ ਕੁਰਸੀ ਨਾ ਚਲੀ ਜਾਵੇ! ਕਿੱਡਾ ਸਲੱਗ ਪੁੱਤ ਹੈ। ਰੱਬ ਐਹੋ ਜਿਹੇ ਪੁੱਤ ਘਰ-ਘਰ ਦੇਵੇ! ਕਿੰਨਾਂ ਖਿਆਲ ਕਰਦੈ ਉਹ ਆਪਣੇ ਬਾਪੂ ਜੀ ਦਾ! ਬਿਰਧ ਜਿਉਂ ਨੇ? ਉਹ ਵੀ ਕੀ ਕਰਨ...?

ਇਸ ਦੇ ਨਾਲ਼ ਨਾਲ਼ ਮੈਨੂੰ ਸ. ਬਲਵੰਤ ਸਿੰਘ ਰਾਮੂਵਾਲ਼ੀਏ ਦੀ ਗੱਲ ਯਾਦ ਆ ਗਈ, ਲਓ ਉਹ ਵੀ ਸੁਣ ਲਓ...! ਉਸ ਦਾ ਕਹਿਣਾ ਹੈ ਕਿ ਜੇ ਕਿਸੇ ਕੁੜੀ ਦੇ ਜੁਆਕ ਹੋਵੇ, ਜਣੇਪਾ ਕਿਸੇ ਕਾਰਨ ਸਹੁਰੀਂ ਹੋਇਆ ਹੋਵੇ, ਤਾਂ ਉਹ ਸਵਾ ਮਹੀਨੇ ਬਾਅਦ ਆਪਣਾ ਨਵ-ਜੰਮਿਆਂ ਬਾਲ ਲੈ ਕੇ ਪੇਕੀਂ 'ਦਿਖਾਉਣ' ਜਾਂਦੀ ਐ। ਮੋਹ-ਵੈਰਾਗ 'ਚ ਆਇਆ ਉਸ ਕੁੜੀ ਦਾ ਸੱਤਰ ਸਾਲਾ ਬਾਪੂ ਆਖਦੈ, 'ਲਿਆ ਕੁੜੀਏ, ਮੈਨੂੰ ਫੜਾ ਦੋਹਤੇ ਨੂੰ, ਮੈਂ ਇਹਦਾ ਸਿਰ ਪਲ਼ੋਸਾਂ ਤੇ ਪਿਆਰ ਦੇਵਾਂ...!' ਤਾਂ ਡਰਦੀ ਕੁੜੀ ਅੱਗਿਓਂ ਕਹਿੰਦੀ ਐ, 'ਨਹੀਂ ਬਾਪੂ...! ਤੂੰ ਸੱਤਰਾ-ਬਹੱਤਰਾ ਹੋਇਆ ਪਿਐਂ, ਜੁਆਕ ਨੂੰ ਸਿੱਟਦੇਂਗਾ...! ਜੇ ਤੂੰ ਇਕ ਅੱਧਾ ਰੁਪਈਆ ਦੇਣੈਂ ਸ਼ਗਨ ਦਾ, ਤਾਂ ਮੈਨੂੰ ਊਂਈ ਫੜਾ ਦੇਹ...! ਮੈਂ ਨ੍ਹੀਂ ਫੜਾਉਂਦੀ ਮੁੰਡਾ ਤੈਨੂੰ...! ਡਰ ਲੱਗਦੈ...! ਕੋਈ ਸੱਟ-ਫ਼ੇਟ ਲੱਗਜੂ ਜੁਆਕ ਦੇ...! ਜੇ ਕੋਈ ਬੱਜ ਪੈ ਗਈ, ਫੇਰ ਕੀਹਦੀ ਮਾਂ ਨੂੰ ਮਾਸੀ ਆਖਾਂਗੇ...?' ਕੁੜੀ ਆਪਦਾ ਜੁਆਕ ਸੱਤਰ ਸਾਲਾ ਸਕੇ ਪਿਉ ਨੂੰ ਨਹੀਂ ਫੜਾਉਂਦੀ। ਤੇ ਸਾਡੇ ਪੰਜਾਬੀ ਐਡੇ ਦਰਿਆ ਦਿਲ ਨੇ ਕਿ ਪੂਰੇ ਦਾ ਪੂਰਾ ਪੰਜਾਬ ਹੀ ਨੱਬੇ ਸਾਲਾਂ ਦੇ ਬਾਦਲ ਸਾਹਿਬ ਦੇ ਹੱਥ ਫੜਾ ਦਿੱਤਾ...! ਪੰਜਾਬ ਖਾਵੇ ਖਸਮਾਂ ਨੂੰ! ਪਰ ਉਹ ਇਸ ਨੂੰ ਕਿਵੇਂ ਸਾਂਭੇ?'

ਚੰਗੇ ਭਾਗ ਸੀ ਬਾਦਲ ਸਾਹਿਬ ਦੇ ਕਿ ਸਿਰਸੇ ਵਾਲ਼ੇ ਬਾਬੇ ਨੇ 'ਰੂਹਾਨੀ ਜਾਮ' ਪਿਲਾਉਣਾ ਸੀ ਅਤੇ ਬਾਦਲ ਸਾਹਿਬ ਦਾ ਵਕਤੀ ਤੌਰ 'ਤੇ ਆਟੇ ਅਤੇ ਦਾਲ ਵਾਲ਼ੇ ਸ਼ੋਸ਼ੇ ਵੱਲੋਂ ਖਹਿੜਾ ਛੁੱਟਣਾ ਸੀ। ਬਾਦਲ ਸਾਹਿਬ ਨੂੰ ਤਾਂ ਸਿਰਸੇ ਵਾਲੇ ਸਾਧ ਦਾ ਧੰਨਵਾਦੀ ਹੋਣਾ ਚਾਹੀਦਾ ਹੈ! ਬਾਦਲ ਸਾਹਿਬ ਇਸ ਬਾਬੇ ਦੀ ਗ੍ਰਿਫ਼ਤਾਰੀ ਦੀ ਹਮਾਇਤ ਕਿਵੇਂ ਕਰਨ? ਜਾਂ ਕਿਉਂ ਕਰਨ? ਉਨ੍ਹਾਂ ਦਾ ਦਿਮਾਗ ਫਿਰਿਐ? ਬਾਦਲ ਸਾਹਿਬ ਨੂੰ ਤਾਂ ਸਿਰਸੇ ਵਾਲ਼ਾ ਬਾਬਾ ਇਕ 'ਵਰਦਾਨ' ਬਣ ਕੇ ਮਿਲ਼ਿਆ ਸੀ। ਬਾਦਲ ਸਾਹਿਬ ਦੇ ਮੋਢੇ ਨਾਲ਼ ਮੋਢਾ ਡਾਹ ਕੇ ਸੁਖਬੀਰ ਬਾਦਲ ਜੀ ਵੀ ਸਾਥ ਦੇ ਰਹੇ ਸਨ। ਬੜਾ ਸਿਆਣਾ ਬਰਖ਼ੁਰਦਾਰ ਹੈ, ਸੁਖਬੀਰ ਬਾਦਲ!

ਖ਼ੈਰ, ਗੱਲ ਚੱਲਦੀ ਸੀ ਡੇਰਾ ਵਾਦ-ਵਿਵਾਦ ਦੀ! ਲਓ ਜੀ, ਅਸੀਂ ਵੀ ਪੰਜਾਬੀ ਹਾਂ ਅਤੇ ਸਾਨੂੰ ਪੰਜਾਬ ਦਾ ਦਰਦ ਆਉਣਾ ਇਕ ਕੁਦਰਤੀ ਗੱਲ ਹੈ। ਅਸੀਂ ਪੰਜਾਬ ਦਾ ਖਾਨੇ ਐਂ, ਪੰਜਾਬ 'ਚ ਵਸਦੇ ਐਂ, ਤੇ ਫੇਰ ਪੰਜਾਬ ਦਾ ਖਾ ਕੇ ਅਸੀਂ ਪੰਜਾਬ ਨੂੰ ਈ 'ਹਲਾਲ' ਕਰਨੈਂ! ਨਹੀਂ ਯਾਰ, ਮੇਰੇ ਮੂੰਹੋਂ ਨਿਕਲ਼ ਗਿਆ! 'ਹਲਾਲ' ਤਾਂ ਆਪਣੇ ਮੰਤਰੀ-ਛੰਤਰੀ ਕਰਦੇ ਐ, ਅਸੀਂ ਤਾਂ ਪੰਜਾਬ ਦਾ ਭਲਾ ਸੋਚਣੈਂ? ਜਦੋਂ ਪੰਜਾਬ ਵਿਚ ਸਿਰਸੇ ਵਾਲੇ ਬਾਬੇ ਬਾਰੇ ਹਾਹਾਕਾਰ ਮੱਚੀ, ਤਾਂ ਸਾਡਾ ਦਿਲ ਵੀ ਬਲੱਡ ਪ੍ਰੈਸ਼ਰ ਦੇ ਮਰੀਜ਼ ਮਾਂਗੂੰ 'ਖੜ੍ਹਬੜ੍ਹ-ਖੜ੍ਹਬੜ੍ਹ' ਕਰਦਾ, ਡੁਬਕੀਆਂ ਲਾਉਣ ਲੱਗ ਪਿਆ! ਕਦੇ ਘਟਣ ਲੱਗ ਪਿਆ ਕਰੇ ਅਤੇ ਕਦੇ ਬੜ੍ਹਕਾਂ ਜਿਹੀਆਂ ਮਾਰਨ ਲੱਗ ਜਾਇਆ ਕਰੇ! ਦਿਲ ਦੇ ਹਾਲਾਤ ਖ਼ਤਰਨਾਕ 'ਬਾਡਰ' 'ਤੇ ਪਹੁੰਚ ਗਏ! ਅਸੀਂ ਵੀ ਆਪਣੇ 'ਡਮਾਕ' ਨੂੰ ਪੁਰਾਣੇ ਰੇਡੀਓ ਵਾਂਗੂੰ ਧੱਫ਼ਾ ਜਿਹਾ ਮਾਰਿਆ ਕਿ ਕੀ ਐ, ਇਹਦੀ ਵੀ ਕੋਈ ਤਾਰ ਜੁੜ ਜਾਵੇ ਅਤੇ ਇਸ ਨੂੰ ਹੀ ਕੋਈ ਪੰਜਾਬ ਦਾ ਹੱਲ ਸੁੱਝ ਜਾਵੇ? ਲੈ ਬਈ, ਸਦਕੇ ਸਾਡੇ 'ਲੈਕ' ਡਮਾਕ ਦੇ! 'ਘਿਰੜ੍ਹ-ਘਿਰੜ੍ਹ' ਕਰਦੇ ਡਮਾਕ ਦੀ ਧੱਫ਼ਾ ਜਿਹਾ ਮਾਰਨ ਨਾਲ ਕੋਈ ਤਾਰ ਜੁੜ ਗਈ ਅਤੇ ਇਸ ਨੇ ਵੀ ਇੱਕ ਸਟੇਸ਼ਨ ਫੜ ਲਿਆ ਅਤੇ ਫ਼ੁਰਨੇ ਨੂੰ ਜੱਫ਼ਾ ਜਾ ਮਾਰਿਆ! ਫ਼ੁਰਨਾ ਵੀ ਕੀ...? ਬਹੁਤ ਹੀ ਤੱਤਾ ਅਤੇ ਢੁਕਵਾਂ, ਸਿਰੇ ਦਾ...! ਲਓ ਜੀ ਅਸੀਂ ਟਿੰਡ-ਫ਼ੌਹੜੀ ਚੱਕੀ ਅਤੇ ਪਿੰਡ ਦੇ ਕਾਮਰੇਡ ਲਾਵਾ ਸਿੰਘ ਕੋਲ ਚਲੇ ਗਏ। ਸੀ ਤਾਂ ਲਾਵਾ ਸਿੰਘ ਅਨਪੜ੍ਹ, ਪਰ ਸਾਡੇ ਲਈ ਸੋਨੇ ਦੀ ਇਕ 'ਖਾਣ' ਸੀ। ਬੜਾ ਸਾਡੇ ਅੜੇ-ਥੁੜ੍ਹੇ ਕੰਮ ਆਉਂਦਾ ਸੀ। ਅਸੀਂ ਸਾਰੀ ਗੱਲ ਉਸ ਨੂੰ ਜਾ ਦੱਸੀ। ਲਾਵਾ ਸਿੰਘ ਵੀ ਸੋਚਾਂ ਦੇ ਘਨ੍ਹੇੜੀਂ ਚੜ੍ਹਿਆ ਆਪਣੇ ਸੋਚ ਸਮੁੰਦਰ ਵਿਚ ਜਾ ਡਿੱਗਿਆ। ਕਾਮਰੇਡ ਦੇ ਘਰਵਾਲ਼ੀ 'ਜਵਾਲਾ ਮੁਖੀ' ਵੀ ਦੰਦਾਂ 'ਚ ਉਂਗਲ਼ ਲਈ, ਸ਼ਸ਼ੋਪੰਜ ਵਿਚ ਪਈ ਖੜ੍ਹੀ ਸੀ।

-'ਤੂੰ ਕੰਡੇ ਆਲ਼ੀ ਚਾਹ-ਚੂਹ ਪੀ ਕੇ ਡਮਾਕ ਖੁਰਚ ਕੌਮਨਸ਼ਟਾ! ਤੇਲ ਪਾਏ ਬਿਨਾ ਇੰਜਣ ਨ੍ਹੀਂ ਚੱਲਣਾ...!' ਮੈਂ ਉਸ ਨੂੰ ਹੋਰ ਸਲਾਹ ਦਿੱਤੀ।

ਆਖਰ ਕਾਫ਼ੀ ਜੱਦੋ-ਜਹਿਦ ਬਾਅਦ ਉਸ ਨੇ ਆਪਣੀ ਸੋਚਾਂ ਦੀ ਪਟਾਰੀ ਵਿਚੋਂ ਇਕ ਸੱਪ ਕੱਢਿਆ।

-'ਆਪਾਂ ਸ਼ਹਿਰ ਜਾ ਕੇ ਇਕ ਚਿੱਠੀ 'ਟੈਪ' ਕਰਾਉਨੇ ਐਂ, ਇਹ ਗੱਲ ਕਿਸੇ ਨੂੰ ਦੱਸਣ ਵਾਲ਼ੀ ਨ੍ਹੀਂ! ਕਿਸੇ ਕੋਲ਼ੇ ਗੱਲ ਨਾ ਕਰੀਂ ਮੇਰਾ ਬੀਰ! ਜੇ ਤੇਰੀ ਸਕੀਮ ਪਾਸ ਹੋਗੀ, ਗੌਰਮਿਲਟ ਨੇ ਤੈਨੂੰ ਉਮਰ ਭਰ ਆਸਤੇ 'ਪਿਲਛਣ' ਲਾ ਦੇਣੀ ਐਂ...!' ਲਓ ਜੀ ਕਾਮਰੇਡ ਦੀ ਗੱਲ ਸੁਣ ਕੇ ਮੇਰੇ ਤਾਂ ਸਾਰੇ ਸਰੀਰ ਦੇ ਵਾਲ ਤੱਕਲੇ ਮਾਂਗੂੰ ਖੜ੍ਹੇ ਹੋ ਗਏ ਅਤੇ ਸਾਰੇ ਪਿੰਡੇ 'ਤੇ ਕੁਤਕੁਤੀਆਂ ਜਿਹੀਆਂ ਨਿਕਲਣ ਲੱਗ ਪਈਆਂ।

-'ਕਿੰਨੀ ਕੁ ਲਾਉਣਗੇ ਪਿਲਸ਼ਣ ਕੌਮਨਸ਼ਟਾ?' ਮੈਂ ਝੌਰ ਉਠੀ ਵਾਲੇ ਬਲਦ ਵਾਂਗ ਪੈਰਾਂ ਹੇਠੋਂ ਮਿੱਟੀ ਕੱਢੀ।

-'ਮਹੀਨੇ ਦੀ ਦਸ-ਪੰਦਰਾਂ ਹਜ਼ਾਰ ਤਾਂ ਲਾਉਣਗੇ ਈ, ਥੋੜ੍ਹੇ ਐ...?' ਕਹਿ ਕੇ ਉਸ ਨੇ ਸਾਡਾ ਜਿੰਨ ਵਰਗਾ ਚਿਹਰਾ ਨਿਰਖਿਆ।

-'ਲਓ ਜੀ, ਫੇਰ ਤਾਂ ਸਾਡੀਆਂ ਪੌਂ ਬਾਰਾਂ ਹੋ ਗਈਆਂ...।' ਮੈਂ ਮਨ ਵਿਚ ਹੀ ਹਿਸਾਬ-ਕਿਤਾਬ ਲਾਉਣਾ ਸ਼ੁਰੂ ਕਰ ਦਿੱਤਾ। ਦਾਰੂ, ਭੁੱਕੀ ਅਤੇ ਹੋਰ ਸ਼ੌਕੀਨ ਖ਼ਰਚਿਆਂ ਨੂੰ ਤਕਸੀਮ ਕੀਤਾ।

ਲਓ ਜੀ, ਅਸੀਂ ਪਿੰਡੋਂ ਮੋਗੇ ਵਾਲ਼ੀ ਬੱਸ ਫੜ ਲਈ। ਕਾਮਰੇਡ ਦੀ ਟਿਕਟ ਵੀ ਮੈਂ ਹੀ ਖਰੀਦੀ। ਕੰਮ ਤਾਂ ਮੇਰਾ ਸੀ। ਉਹ ਤਾਂ ਮੇਰੀ ਮੱਦਦ ਕਰ ਰਿਹਾ ਸੀ। ਖ਼ੈਰ, ਕੰਮ ਤਾਂ ਇਹ ਸਾਰੇ ਪੰਜਾਬ ਦਾ ਸੀ, ਪਰ ਕੁਪੱਤੀ ਜੰਨ ਵਿਚ ਸਭ ਤੋਂ ਭਲੇ ਮਾਣਸ ਤਾਂ ਅਸੀਂ ਸੀ! ਹੋਰ ਕਿਸੇ ਨੂੰ ਪੰਜਾਬ ਦਾ ਕੀ ਫ਼ਿਕਰ-ਫ਼ਾਕਾ? ਅਸੀਂ ਸ਼ਹਿਰ ਦੀਆਂ ਕਚਿਹਰੀਆਂ 'ਚ ਜਾ ਕੇ ਕਰੜੀ ਜਿਹੀ ਚਾਹ ਪੀਤੀ, 'ਚਾਹ ਨਾਲ਼ ਡਮਾਕ ਖੁੱਲ੍ਹ ਜਾਂਦੈ!' ਕਾਮਰੇਡ ਨੇ ਕਿਹਾ ਸੀ। ਚਾਹ ਨਾਲ਼ ਕੜਾਕੇਦਾਰ ਮਟਰੀ ਵੀ ਅੰਦਰ ਸੁੱਟੀ। ਭੁੱਖੇ ਢਿੱਡ ਸਾਨੂੰ ਕੀ ਸੁੱਝਣਾ ਸੀ? ਭੁੱਖੇ ਢਿੱਡ ਤਾਂ ਰੱਬ ਦੇ ਭਗਤ ਵੀ ਭਗਤੀ ਕਰਨੋਂ ਮੁਨੱਕਰ ਹੋ ਗਏ ਸਨ, ਅਸੀਂ ਤਾਂ ਕਿਹੜੇ ਬਾਗ ਦੀ ਮੂਲ਼ੀ ਸੀ? ਚਲੋ ਜੀ, ਪੰਜਾਹ ਰੁਪਏ ਖਰਚ ਕੇ ਵੀ ਸੁਆਦ ਜਿਹਾ ਆ ਗਿਆ। ਨਹੀਂ ਤਾਂ ਕਦੇ ਜੁਆਕ ਸਕੂਲ ਦੀ ਫ਼ੀਸ ਮੰਗ ਲੈਂਦਾ, ਤਾਂ ਸਾਨੂੰ ਦੌਰਾ ਪੈਣ ਵਾਲ਼ਾ ਹੋ ਜਾਣਾ, 'ਸਾਲਿਆ ਪੜ੍ਹ ਕੇ ਐਲੱਸਪੈਲਟਰ ਬਣਨੈਂ...? ਵਾਹੀ 'ਚ ਈ ਠੇਡੇ ਖਾਣੇਂ ਐਂ, ਜਦੋਂ ਮਰਜੀ ਖਾ ਲਈਂ...!' ਜੁਆਕ ਨੂੰ ਸੌ-ਸੌ ਗਾਲ੍ਹ ਦੇਣੀਂ! ਪਰ ਅੱਜ ਪੈਸੇ ਖਰਚਦਿਆਂ ਦਿਲ ਨਹੀਂ ਘਟਦਾ ਸੀ, ਸਗੋਂ ਹੌਂਸਲਾ ਸੀ! ਪੰਜਾਬ ਦਾ ਮਸਲਾ ਜਿਉਂ ਸੀ। ਚਲੋ ਪੰਜਾਬ ਦਾ ਨਹੀਂ ਤਾਂ 'ਪਿਲਸ਼ਣ' ਦਾ ਮਸਲਾ ਤਾਂ ਸੀ?

ਚਲੋ ਜੀ, ਅਸੀਂ ਇੱਕ 'ਟੈਪ' ਕਰਨ ਆਲ਼ੇ ਕੋਲ ਚਲੇ ਗਏ। ਉਸ ਨੂੰ ਸਾਰੀ ਸਕੀਮ ਦੱਸੀ ਅਤੇ ਗੁਪਤ ਰੱਖਣ ਲਈ ਪੰਜਾਹ ਰੁਪਏ ਵੀ 'ਝੋਕ' ਦਿੱਤੇ! ਪੈਸੇ ਬਿਨਾ ਤਾਂ ਅੱਜ ਕੱਲ੍ਹ ਕੋਈ ਰੱਬ ਨੂੰ ਮੱਥਾ ਨ੍ਹੀ ਟੇਕਦਾ? ਮੈਂ, ਕਾਮਰੇਡ ਅਤੇ 'ਟੈਪ' ਕਰਨ ਆਲੇ-ਤਿੰਨਾਂ ਨੇ ਆਪਣੀ ਹਿੰਦੀ 'ਇਕੱਤਰ' ਕੀਤੀ ਅਤੇ ਰਾਸ਼ਟਰਪਤੀ ਜੀ ਨੂੰ ਚਿੱਠੀ ਲਿਖਣ ਲੱਗ ਪਏ! ਕਾਮਰੇਡ ਅਤੇ ਮੈਂ ਲਿਖਵਾ ਰਹੇ ਸੀ ਅਤੇ 'ਟੈਪ' ਕਰਨ ਵਾਲ਼ਾ ਆਪਣੀਆਂ ਉਂਗਲਾਂ ਦੇ ਜੌਹਰ ਦਿਖਾ ਰਿਹਾ ਸੀ। ਉਸ ਦੀ 'ਟਿੱਕ-ਟਿੱਕ' ਸਾਡੇ ਖ਼ੁਸ਼ੀ ਦੀਆਂ ਕੁਤਕੁਤੀਆਂ ਕੱਢੀ ਜਾ ਰਹੀ ਸੀ।

-'ਸਤਿਕਾਰਯੋਗ ਹਿੰਦੋਸਤਾਨ ਕੇ ਰਾਸ਼ਟਰਪਤੀ ਜੀ, ਸਾਸਰੀਕਾਲ, ਨਮਿੱਸ਼ਕਾਰ, ਸਲਾਮ ਔਰ ਜੈ ਹਿੰਦ ਜੀ...! ਹਮ ਯਹਾਂ ਪਰ ਰਾਜੀ ਖ਼ੁਸ਼ੀ ਹਾਂ ਔਰ ਹਮ ਆਪ ਕੀ ਰਾਜੀ ਖ਼ੁਸ਼ੀ ਰੱਬ ਪਾਸੋਂ ਨੇਕ ਚਾਹਤੇ ਹੈਂ ਜੀ...। ਸਭ ਰਾਜੀ



ਖ਼ੁਸ਼ੀ ਕੇ ਬਾਅਦ ਸਮਾਚਾਰ ਇਹ ਹੈ ਕਿ ਹਮ ਆਪ ਕੀ ਬਹੂਤ ਕਦਰ ਕਰਤੇ ਹੈਂ, ਆਪ ਵਾਕਿਆ ਹੀ ਹਿੰਦੋਸਤਾਨ ਕੇ ਅੱਛੇ ਰਾਸ਼ਟਰਪਤੀ ਹੈਂ ਜੀ...। ਆਪ ਕੇ ਫ਼ੈਸਲੇ ਹਮੇਸ਼ਾ ਹੀ ਹਿੰਦੋਸਤਾਨ ਕੇ ਹਿਤੋਂ ਕੇ ਹੱਕ ਮੇਂ ਜਾਤੇ ਹੈਂ, ਔਰ ਆਪ ਸਮਝਦਾਰ ਹੈਂ ਜੀ...। ਦੂਸਰੇ ਮੰਤਰੀਓਂ ਕੀ ਤਰ੍ਹਾਂ ਗਿੱਦੜਮਾਰ ਨਹੀਂ! ਚਲੋ ਮੰਤਰੀ ਤੋ ਹੂਏ ਛੋਟੇ ਲੋਕ, ਪਰ ਆਪ ਤੋ ਹਿੰਦੋਸਤਾਨ ਕੇ ਰਾਸ਼ਟਰਪਤੀ ਜੀ ਹੈਂ ਜੀ...। ਦੂਸਰੇ ਮੰਤਰੀਓਂ ਕੀ ਬਾਤ ਛੋੜੋ, ਵੋਹ ਤੋ ਜੀ ਕਹਿਨਾ ਕੁਛ ਔਰ ਕਰਨਾ ਕੁਛ...। ਆਪ ਬੜੇ ਸੁਲਝੇ ਇਨਸਾਨ ਹੈਂ ਜੀ...। ਰਾਸ਼ਟਰਪਤੀ ਜੀ ਮੇਰਾ ਨਾਮ ਸੱਜਣ ਸਿੰਘ ਹੈ, ਸੱਜਣ ਸਿੰਘ ਉਰਫ਼ ਬੱਕਰੀਆਂ ਵਾਲ਼ਾ ਕਰਕੇ ਮਸ਼ਹੂਰ ਹੈ ਜੀ...। ਸੱਜਣ ਬੱਕਰੀਆਂ ਵਾਲਾ ਅਪਨੇ ਦੇਸ਼ ਪੰਜਾਬ ਕੇ ਲਿਏ ਬਹੂਤ ਈਮਾਨਦਾਰ ਹੈ ਜੀ! ਹਮ ਦੇਸ਼ ਕੇ ਲਿਏ ਦੁਸ਼ਮਣ ਕਾ ਖ਼ੂਨ ਪੀ ਭੀ ਸਕਤੇ ਹੈਂ ਔਰ ਦੇਸ਼ ਕੇ ਲਿਏ ਅਪਨਾ ਖ਼ੂਨ ਵਹਾ ਭੀ ਸਕਤੇ ਹੈਂ...! ਆਹ ਜੋ ਸਿਰਸੇ ਵਾਲ਼ੇ ਬਾਬਾ ਨੇ ਜੋ ਰੱਪੜ ਪਾਯਾ ਹੈ, ਉਸ ਕੇ ਬਾਰੇ ਮੇਂ ਆਪ ਕੋ ਏਕ ਸਲਾਹ ਦੇਣੀ ਚਾਹਤਾ ਹੂੰ...! ਆਪ ਹਮ ਕੋ ਆ ਕਰ ਮਿਲੇਂ ਜੀ...! ਕਾਮ ਸੁਧਰ ਜਾਏਗਾ ਜੀ...। ਆਪ ਫ਼ਿਕਰ ਮੱਤ ਕਰਨਾ...! ਹਮ ਆਪਕੇ ਨਾਲ਼ ਹੈਂ...। ਜਦੋਂ ਆਖੇਂਗੇ, ਹਮ ਚਾਰ ਬੱਕਰੀਆਂ ਬੇਚ ਡਾਲੇਂਗੇ ਜੀ...! ਹਮ ਬਹੂਤ ਦਿਲ ਦਰਿਆ ਹਾਂ ਜੀ...! ਖਰਚੇ ਕਾ ਫ਼ਿਕਰ ਨਾ ਕਰਨਾ...! ਹਮਾਰੀ ਏਕ-ਏਕ ਬੱਕਰੀ ਪਾਂਚ-ਪਾਂਚ ਹਜ਼ਾਰ ਮੇ ਬਿਕਤੀ ਹੈ...! ਏਕ-ਦੋ ਬੱਕਰਾ ਵੀ ਪਾਲ਼ਾ ਹੂਆ ਹੈ...। ਉਸ ਕੋ ਬੇਚ ਕਰ ਵੀ ਹਮ ਅਪਨੇ ਪੰਜਾਬ ਪਰ ਲਾ ਦੇਂਗੇ...! ਹਮ ਆਪ ਕੇ ਊਪਰ ਸੇ ਸਾਰਾ ਬੱਕਰੀਆਂ ਵਾਲ਼ਾ ਵਾੜਾ 'ਵਾਰ' ਦੇਂਗੇ ਜੀ...! ਹਮ ਕੋ ਲੋਕ 'ਫ਼ਾਟੇ ਚੂਕ' ਪੰਜਾਬੀ ਕਹਿਤੇ ਹੈਂ, ਔਰ ਹਮ ਕੂਤੀਓਂ ਕੋ ਕੰਧੋਂ ਪਰ ਚਾਹੜ ਦੇਤੇ ਹੈਂ ਜੀ...! ਹਮ ਬੱਕਰੀ ਕੋ ਵੀ 'ਗੂਲੋਂ' ਪਰ ਚਾੜ੍ਹਨੇ ਲੱਗੇ ਦੇਖਤੇ-ਵਿਚਾਰਤੇ ਨਹੀਂ ਜੀ...! ਲੇਕਿਨ ਹਮਾਰੀ ਪਿਲਸ਼ਣ ਕਾ ਖਿਆਲ ਰੱਖਨਾ ਜੀ...! ਜਬ ਯੇ ਪੰਗਾ ਖ਼ਤਮ ਹੋ ਗਯਾ, ਮੁਝੇ ਪਿਲਸ਼ਣ ਜਰੂਰ-ਬਰ-ਜਰੂਰ ਚਾਲੂ ਕਰਵਾ ਦੇਣੀਂ ਜੀ...! ਹਮ ਆਪ ਕੋ ਏਕ ਗੁਪਤ ਸਲਾਹ ਦੇਣਾ ਹੈ...। ਯੇਹ ਗੁਪਤ ਸਲਾਹ ਆਪ ਕੋ ਇਕੱਲੇ ਕੋ ਸੁਨਾਨੀ ਪੜਨੀ ਹੈ ਜੀ...! ਹਮਾਰੀ ਰੈਅ ਜਰੂਰ ਲੇਨੀ ਜੀ ਔਰ ਇਸ ਕੋ ਖ਼ਤ ਨਹੀਂ, ਤਾਰ ਸਮਝਨਾ...। ਖ਼ਤ ਕਾ ਜਵਾਬ ਆਤੀ ਡਾਕ ਮੇ ਦੇਨਾ...!' ਖ਼ੈਰ, ਅਸੀਂ ਸਾਰੀ ਰਾਜ਼ੀ ਖ਼ੁਸ਼ੀ ਲਿਖ ਕੇ ਆਪਣੀ ਰੈਅ ਗੁਪਤ, ਰਾਖਵੀਂ ਰੱਖ ਲਈ। ਮਨ ਮੰਦਰ ਅੰਦਰ!

ਸ਼ਹਿਰੋਂ ਤੁਰਦਿਆਂ ਅਸੀਂ ਠੇਕੇ 'ਤੋਂ ਸੰਤਰਾ ਦੀ ਬੋਤਲ ਲੈ ਲਈ। ਮੈਂ ਅਤੇ ਕਾਮਰੇਡ 'ਸੰਧੂਰੀ' ਜਿਹੇ ਹੋ ਕੇ ਘਰੇ ਆਏ! ਘਰਵਾਲ਼ੀ ਦੇ ਹੱਥੋਂ ਅੱਜ ਰੋਟੀ ਖਾਣ ਨੂੰ ਦਿਲ ਨਾ ਕਰੇ। ਆਪਣੀਆਂ ਸਾਰੀਆਂ ਬੱਕਰੀਆਂ ਅਤੇ ਪਠੋਰੇ, ਪਠੋਰੀਆਂ ਨੂੰ ਪਲੋਸ-ਪਲੋਸ ਕੇ ਦੇਖਿਆ ਕਿ ਪਤਾ ਨਹੀਂ ਕਿਹੜੀ ਦੀ, ਕਦੋਂ 'ਬਲੀ' ਦੇਣੀ ਪੈ ਜਾਵੇ...? ਖ਼ੈਰ ਜੀ ਰਾਸ਼ਟਰਪਤੀ ਜੀ ਦੇ ਦਰਬਾਰ ਵਿਚ ਸਾਡੀ ਚਿੱਠੀ ਪਹੁੰਚਣ ਦੀ ਦੇਰ ਸੀ ਕਿ ਸਿਆਸਤ 'ਚ ਤਾਂ ਭੂਚਾਲ਼ ਆ ਗਿਆ...! ਤਾਰਾਂ ਖੜਕ ਪਈਆਂ...। ਰਾਸ਼ਟਰਪਤੀ ਜੀ ਨੇ ਸਿੱਧੀ ਪੰਜਾਬ ਦੇ ਗਵਰਨਰ ਨੂੰ 'ਤਾਰ' ਮਾਰੀ! ਗਵਰਨਰ ਨੇ ਜਿਲ੍ਹੇ ਦੇ ਐਸ.ਪੀ. ਨੂੰ ਅਤੇ ਐਸ.ਪੀ. ਸਾਹਿਬ ਨੇ ਐੱਸ.ਐੱਸ.ਪੀ., ਡੀ.ਸੀ. ਅਤੇ ਡੀ.ਐਸ.ਪੀ ਨੂੰ ਫ਼ੋਨ ਖੜਕਾ ਦਿੱਤੇ!

ਸਾਰਾ ਠਾਣਾ ਸਾਡੇ ਪਿੰਡ ਆ ਢੇਰੀ ਹੋਇਆ। ਸੱਜਣ ਸਿੰਘ ਉਰਫ਼ ਬੱਕਰੀਆਂ ਆਲੇ ਦੀ ਭਾਲ ਸ਼ੁਰੂ ਹੋ ਗਈ। ਬੜੀ ਖ਼ੁਸ਼ੀ ਹੋਈ ਕਿ ਚਲੋ ਸਾਡੀ ਪੁੱਛ-ਦੱਸ ਤਾਂ ਹੋਈ? ਅਫ਼ਸਰ 'ਸਰਦਾਰ ਜੀ' ਤੋਂ ਬਿਨਾ ਗੱਲ ਨਾ ਕਰੇ! ਪਿੰਡ ਦੀ ਪੰਚਾਇਤ ਸਮੇਤ ਮੈਨੂੰ ਬੜੀ ਸ਼ਾਨ, ਬੜੀ ਠਾਠ ਨਾਲ਼ ਠਾਣੇ ਲੈ ਗਏ ਅਤੇ ਚਾਹ ਪਾਣੀ ਦੀ ਸੇਵਾ ਤੋਂ ਬਾਅਦ ਡੀ.ਐੱਸ.ਪੀ. ਸਾਹਿਬ ਨੇ ਸਭਾ ਲਾ ਲਈ।

-'ਹਾਂ ਬਈ ਸੱਜਣ ਸਿਆਂ...! ਕੀ ਨੁਸਕਾ ਐ ਤੇਰੇ ਕੋਲ਼ੇ ਇਸ ਵਾਦ-ਵਿਵਾਦ ਦੇ ਹੱਲ ਦਾ...?' ਡੀ.ਐੱਸ.ਪੀ. ਸਾਹਿਬ ਨੇ ਬੜੇ ਪਿਆਰ ਸਤਿਕਾਰ ਨਾਲ਼ ਬਰਾਬਰ ਕੁਰਸੀ ਡੁਹਾ ਕੇ ਪੁੱਛਿਆ।

-'ਰਾਸ਼ਟਰਪਤੀ ਸਾਹਬ ਆਪ ਨ੍ਹੀ ਆਏ...?' ਮੈਂ ਬੜੀ ਹੈਰਾਨੀ ਨਾਲ਼ ਪੁੱਛਿਆ।

-'ਉਨ੍ਹਾਂ ਕੋਲ਼ੇ ਟਾਈਮ ਨਹੀਂ ਸੀ, ਮੇਰੀ ਡਿਊਟੀ ਲਾਈ ਐ ਉਨ੍ਹਾਂ ਨੇ...!' ਉਸ ਨੇ ਹੱਸ ਕੇ ਕਿਹਾ। ਮੈਨੂੰ ਬੜਾ ਗੁੱਸਾ ਆਇਆ ਕਿ ਪੰਜਾਬ ਨੂੰ ਅੱਗ ਲੱਗੀ ਪਈ ਐ ਅਤੇ ਇਹ ਹੱਸਣ ਲੱਗ ਪਿਆ...?

-'ਤੁਸੀਂ ਜੀ ਮਾੜਾ ਜਿਆ ਪੜਦੇ ਨਾਲ਼ ਪੁੱਛੋ...! ਐਡਾ ਵੱਡਾ ਨੁਕਸਾ, ਤੇ ਜਬਾਬ ਸਾਰਿਆਂ ਦੇ ਸਾਹਮਣੇ ਈ ਮੰਗੀ ਜਾਨੇ ਐਂ...? ਮੇਰੀ ਪਿਲਸ਼ਣ ਦਾ ਵੀ ਖਿਆਲ ਕਰੋ ਗੌਰਮਿਲਟ ਜੀ...!' ਮੈਂ ਅਫ਼ਸਰ ਦੇ ਕੰਨ ਕੋਲ ਹੋ ਕੇ ਕਿਹਾ।

-'ਚਲੋ ਆਪਾਂ ਇੱਕ ਪਾਸੇ ਚੱਲ ਵੜਦੇ ਹਾਂ...!' ਕਹਿ ਕੇ ਡੀ.ਐੱਸ ਪੀ. ਸਾਹਿਬ ਮੈਨੂੰ ਇਕ ਪਾਸੇ ਲੈ ਗਏ।

-'ਹਾਂ ਹੁਣ ਦੱਸ...? ਐਥੇ ਆਪਾਂ 'ਕੱਲੇ ਈ ਐਂ...!' ਉਸ ਨੇ ਆਖਿਆ।

-'ਕਿਸੇ ਕੋਲੇ ਗੱਲ ਨਾ ਕਰਿਓ ਸਰਕਾਰ...! ਮੇਰੀ ਪਿਲਸ਼ਣ ਦਾ ਸੁਆਲ ਐ...!'

-'ਜਮਾਂ ਈ ਨ੍ਹੀ ਕਰਦਾ, ਤੂੰ ਗੱਲ ਕਰ, ਹੱਲ ਦੱਸ...?'

ਮੈਂ ਆਸਾ-ਪਾਸਾ ਨਿਰਖ਼, ਸੁੰਘ ਕੇ ਕਹਿਣਾ ਸ਼ੁਰੂ ਕੀਤਾ।

-'ਜਨਾਬ ਸਿਰਸੇ ਵਾਲ਼ੇ ਦਾ ਇੱਕੋ ਹੀ ਹੱਲ ਐ ਮੇਰੇ ਕੋਲ਼ੇ...!'

-'ਦੱਸ ਵੀ...! ਸਾਡਾ ਕਾਲ਼ਜਾ ਕਿਉਂ ਕੱਢੀ ਜਾਨੈਂ...?' ਅਫ਼ਸਰ ਵੀ ਮੇਰੇ ਹੋਰ ਨੇੜੇ ਹੋ ਗਿਆ।

-'ਉਹਨੂੰ ਸਮੂਹ ਸੰਗਤ ਅੱਗੇ ਪੇਸ਼ ਹੋ ਕੇ ਸਾਰੇ ਜਗਤ ਤੋਂ ਮੁਆਫ਼ੀ ਮੰਗ ਲੈਣੀਂ ਚਾਹੀਦੀ ਐ ਤੇ ਮੁੜ ਕੇ ਐਹੋ ਜੀ ਘਤਿੱਤ ਨ੍ਹੀ ਕਰਨੀ ਚਾਹੀਦੀ...! ਕੰਮ ਸਾਰਾ ਈ ਲੋਟ ਆਜੂ ਸਰਕਾਰ..! ਸਿੱਖ ਕੌਮ ਬੜੀ ਭੋਲ਼ੀ ਤੇ ਬਗਸ਼ਣਹਾਰ ਐ..! ਪਲ 'ਚ ਭਾਫ਼ਾਂ ਛੱਡਣ ਲੱਗ ਜਾਂਦੀ ਐ ਤੇ ਅਗਲੇ ਮਿਲਟ 'ਚ ਸ਼ਾਂਤ ਵੀ ਹੋ ਜਾਂਦੀ ਐ, ਸਰਕਾਰ..!'

-'ਬੱਸ ਆਹੀ ਹੱਲ ਸੀ ਤੇਰੇ ਕੋਲ਼ੇ...?' ਉਹ ਹੈਰਾਨ ਹੋ ਗਿਆ।

-'ਇਹ ਹੱਲ ਕੋਈ ਛੋਟਾ-ਮੋਟੈ ਜੀ...? ਪੰਜਾਬ ਦੀ ਸ਼ਾਂਤੀ ਦਾ ਸੁਆਲ ਐ....!' ਮੈਂ ਕਿਹਾ ਤਾਂ ਡੀ.ਐਸ.ਪੀ. ਸਾਹਿਬ ਨੇ ਭਰਿੰਡਾਂ ਵਾਂਗੂੰ ਸਿਪਾਹੀ ਇਕੱਠੇ ਕਰ ਲਏ!

-'ਇਹ ਤਾਂ ਸਾਰੇ ਜੱਥੇਦਾਰ ਤੇ ਪੰਜਾਬ ਦੇ ਲੋਕ ਵੀ ਪਿੱਟੀ ਜਾਂਦੇ ਐ, ਓਦਣ ਦੇ...! ਤੇਰੇ ਕੋਲ਼ੇ ਕੋਈ ਨਵਾਂ ਹੱਲ ਐ ਇਹੇ...? ਉਏ ਮੁੰਡਿਓ...! ਇਹਨੂੰ ਕੰਜਰ ਨੂੰ ਕੁੱਟੋ ਘੱਟ, ਤੇ ਘੜੀਸੋ ਜਾਅਦੇ...! ਤੇ ਫੇਰ ਇਹਨੂੰ ਕਿਸੇ ਕਮਲ਼ਿਆਂ ਦੇ ਹਸਪਤਾਲ਼ 'ਚ ਸਿੱਟ ਦਿਓ ਅਤੇ ਡਾਕਟਰ 'ਤੋਂ ਰਿਪੋਰਟ ਲਓ ਕਿ ਇਹ ਬੰਦਾ ਦਿਮਾਗੀ ਤੌਰ 'ਤੇ 'ਪਾਗਲ' ਐ...! ਧਿਆਨ ਰੱਖਿਓ, ਇਹ ਰਿਪੋਰਟ 'ਉਪਰ' ਜਾਣੀ ਐਂ...!'

ਲਓ ਜੀ, ਗੋਡੇ, ਕੂਹਣੀਆਂ ਤੇ ਘਸੁੰਨ ਮਾਰ-ਮਾਰ ਮੇਰਾ ਤਾਂ ਪਾ ਦਿੱਤਾ ਉਨ੍ਹਾਂ ਨੇ ਗਾਹ...! ਬੱਖੀਆਂ ਕਰਤੀਆਂ ਪੋਲੀਆਂ..! ਕੱਢਤਾ ਕਚੂੰਬਰ...! ਮੇਰੇ ਤਾਂ ਹੱਡ ਲਾ ਦਿੱਤੇ ਟੱਸ-ਟੱਸ ਕਰਨ ਪਤੰਦਰਾਂ ਨੇ...! ਮੈਂ ਬਥੇਰ੍ਹੀ ਹਾਲ-ਦੁਹਾਈ ਪਾਈ, ਬਈ ਜੇ ਥੋਨੂੰ ਮੇਰਾ ਨੁਕਸਾ ਨਹੀਂ ਫ਼ਿੱਟ, ਤਾਂ ਮੈਂ ਇਹਨੂੰ ਮੋੜ ਕੇ ਲੈ ਜਾਨੈਂ, ਪਰ ਮੇਰੇ 'ਚ ਚਿੱਬ ਨਾ ਪਾਓ...! ਮੈਂ ਭੁੱਲ ਗਿਆ...! ਮੇਰੀ ਭਿਆਂ...! ਚਾਹੇ ਬਾਪੂ ਕਹਾ ਲੋ...! ਮੈਂ ਸੋਚਿਆ ਬਈ ਇਹ 'ਰਿਪੋਟ' ਉਪਰ ਭੇਜਣ ਤੋਂ ਪਹਿਲਾਂ ਕਿਤੇ ਮੈਨੂੰ ਨਾ 'ਉਪਰ' ਧਰਮਰਾਜ ਦੇ ਦਰਬਾਰ ਭੇਜ ਦੇਣ...! ਚਲੋ ਜੀ, ਮੇਰੇ ਸਰੀਰ ਦਾ ਭੁੱਗਾ ਕੁੱਟ ਕੇ, ਚਿੱਤ ਖ਼ੁਸ਼ ਕਰਕੇ, ਤਸੱਲੀ ਕਰਕੇ ਸਹੁਰੇ ਮੈਨੂੰ ਕਮਲ਼ਿਆਂ ਆਲੇ ਹਸਪਤਾਲ ਸਿੱਟ ਆਏ...! ਪਹਿਲਾਂ ਤਾਂ ਕਮਲਿਆਂ ਦੇ ਹਸਪਤਾਲ਼ ਵਾਲੇ ਡਾਕਟਰ ਦੀਆਂ ਮਿੰਨਤਾਂ-ਤਰਲੇ, ਬੰਨ੍ਹ-ਸੁੱਬ ਕਰਕੇ ਖਹਿੜ੍ਹਾ ਛੁਡਾਇਆ। ...ਤੇ ਫੇਰ ਦਸ ਹਜਾਰ ਰੁਪਈਆ ਪੁਲਸ ਨੂੰ ਮੱਥਾ ਟੇਕਿਆ। ਪੁਲਸ ਆਲੇ ਤਾਂ ਖਸਮਾਂ ਨੂੰ ਖਾਣੇ ਨਿੱਤ ਮੇਰੇ ਘਰੇ ਭੂਤ ਮਾਂਗੂੰ ਆ ਵੱਜਿਆ ਕਰਨ, ਅਖੇ ਕੋਈ ਹੋਰ ਸਕੀਮ ਨ੍ਹੀ ਤਿਆਰ ਕੀਤੀ....? ਮੈਂ ਹੱਥ ਜੋੜਿਆ ਕਰਾਂ, ਬਈ ਸਰਕਾਰ ਜੀ ਮੈਨੂੰ ਬਗਸ਼ੋ...! ਗਲਤੀ ਕਰ ਬੈਠਾ...! ਪਤੰਦਰ ਵਾੜੇ 'ਚ ਖੜ੍ਹੇ ਪਠੋਰਿਆਂ 'ਚੋਂ ਇੱਕ-ਅੱਧਾ ਜਿਪਸੀ 'ਚ ਲੱਦ ਕੇ ਲੈ ਤੁਰਿਆ ਕਰਨ, ਜਿਵੇਂ ਬਾਪੂ ਦੇ ਹੁੰਦੇ ਐ...! ਜਦੋਂ ਪਠੋਰੇ ਮੁੱਕ ਗਏ, ਫੇਰ ਵਿਚਾਰੀਆਂ ਬੱਕਰੀਆਂ ਨੂੰ ਆ ਚਿੰਬੜੇ। ਜਦ ਬੱਕਰੀਆਂ ਨਿੱਬੜ ਗਈਆਂ, ਫ਼ੇਰ ਮੇਰੇ ਬੋਕ ਨੂੰ ਵੀ ਜੀਪ 'ਚ ਚਾੜ੍ਹ ਕੇ ਲੈ ਗਏ, ਜਿਵੇਂ ਪਟਵਾਰੀ ਲਾਉਣਾ ਹੁੰਦੈ...। ਲਓ ਜੀ, ਸਾਥੋਂ ਆਪਣਾ ਵਾੜਾ ਪੰਜਾਬ 'ਤੇ ਜਾਂ ਰਾਸ਼ਟਰਪਤੀ ਸਾਹਿਬਾਨ 'ਤੋਂ ਤਾਂ ਵਾਰਿਆ ਨਹੀਂ ਗਿਆ। ਪਰ ਪੁਲਸ ਵਾਲੇ ਚੁਸਤ ਮੀਰਜ਼ਾਦੇ ਮਾਂਗੂੰ ਜ਼ਰੂਰ ਵਾੜੇ ਦੀਆਂ 'ਵੇਲਾਂ' ਕਰਵਾ ਕੇ ਲੈ ਗਏ! ਲਓ ਜੀ, ਹੁਣ ਸਾਨੂੰ ਪੰਜਾਬ ਮਸਲੇ ਦਾ ਹੱਲ ਤਾਂ ਕੀ ਲੱਭਣਾ ਸੀ...? ਹੁਣ ਤਾਂ ਸਾਨੂੰ ਸਾਡੇ ਜੁਆਕਾਂ ਦੀ ਰੋਟੀ ਦਾ ਵੀ ਹੱਲ ਨ੍ਹੀ ਲੱਭਦਾ...! ਸਾਡਾ ਵਿਛੜਿਆ ਬੋਕ ਵਿਚਾਰਾ ਨਿੱਤ ਸਾਡੇ ਕੰਨਾਂ ਵਿਚ ਮਿਆਂਕਦਾ ਸੁਣਦੈ, ਰੱਬ ਉਹਦੀ ਆਤਮਾਂ ਨੂੰ ਸ਼ਾਂਤੀ ਬਖ਼ਸ਼ੇ...!...

## ਫੁੱਲ ਅਤੇ ਖ਼ਾਰ

ਜਾਣ ਜਾਂਦਾ ਫਰਕ ਜਿਹੜਾ ਫੁੱਲ ਅਤੇ ਖ਼ਾਰ ਦਾ।
ਹੁੰਦਾ ਹੈ ਉਹ ਬੰਦਾ ਸਦਾ ਉੱਚੇ ਕਿਰਦਾਰ ਦਾ।
ਹੱਸ ਕੇ ਉਹ ਲੱਖਾਂ ਹੀ ਮੁਸੀਬਤਾਂ ਨੂੰ ਝੱਲ ਲੈਂਦਾ,
ਜਾਨ ਉਤੋਂ ਜਾਨ ਹੋਵੇ ਜਿਹੜਾ ਬੰਦਾ ਵਾਰਦਾ।


ਮਰ ਮਿੱਟ ਜਾਣ ਦੀ ਨਾ ਭੋਰਾ ਪ੍ਰਵਾਹ ਹੁੰਦੀ,
ਬੇ-ਇੱਜਤੀ ਨਾ ਕਦੇ ਬੰਦਾ ਅਣਖੀ ਸਹਾਰਦਾ।
ਲੱਖ ਵਾਰੀ ਸੋਚ ਕੇ ਭਰੋਸਾ ਕਰੋ ਕਿਸੇ ਤੇ,
ਦੀਨ ਤੇ ਈਮਾਨ ਕੋਈ ਹੁੰਦਾ ਨਹੀਂ ਗ਼ਦਾਰ ਦਾ।
ਿ
ਜਹੜੇ ਘਰ ਵਿਚ ਸਾਰੇ ਬੰਦੇ ਹੋਣ ਚੌਧਰੀ,
ਲੱਗਦਾ ਨ੍ਹੀਂ ਬੇੜਾ ਬੰਨੇ ਐਸੇ ਪਰਿਵਾਰ ਦਾ।
ਰੱਬ 'ਤੇ ਭਰੋਸਾ ਰੱਖ ਕੰਮ ਜਿਹੜਾ ਕਰੀ ਜਾਵੇ,
ਜ਼ਿੰਦਗੀ ਦੇ ਕਿਸੇ ਨਾ ਮੈਦਾਨ 'ਚ ਉਹ ਹਾਰਦਾ।

ਸੱਚੇ ਦਿਲੋਂ ਕੀਤਾ ਜੀਹਨੇ ਕਿਸੇ ਨੂੰ ਪਿਆਰ ਹੋਵੇ,
'ਨਾਗਰਾ' ਉਹ ਭੁੱਖਾ ਹੁੰਦਾ ਉਸਦੇ ਦੀਦਾਰ ਦਾ।

ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'
**-ਯੂਬਾ ਸਿਟੀ, ਕੈਲੀਫੋਰਨੀਆ (ਅਮਰੀਕਾ)**

# ਕਿੱਥੋਂ ਆ ਵੜਿਆ ਆਹ ਬੇਵੜਾ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਬੋਲੀਵੁਡ ਦੀਆਂ ਫਿਲਮਾਂ ਅਤੇ ਕ੍ਰਿਕਟ ਖੇਡ ਵਿਚ ਵਰਤੀ ਜਾਂਦੀ ਸ਼ਬਦਾਵਲੀ ਦਾ ਚੋਖਾ ਦਖਲ ਹੁੰਦਾ ਜਾ ਰਿਹਾ ਹੈ। ਪੰਜਾਬੀ ਵਿਚ ਇਹ ਦਖਲ ਸਿੱਧੇ ਤੌਰ 'ਤੇ ਵੀ ਤੇ ਅਸਿੱਧੇ ਤੌਰ 'ਤੇ ਵੀ ਹੋ ਰਿਹਾ ਹੈ। ਅਸਿੱਧੇ ਦਾ ਮਤਲਬ ਪੰਜਾਬੀ ਅਖ਼ਬਾਰਾਂ ਰਾਹੀਂ ਜਿਨ੍ਹਾਂ ਵਿਚ ਫਿਲਮਾਂ ਤੇ ਕ੍ਰਿਕਟ ਬਾਰੇ ਖੂਬ ਚਰਚਾ ਹੁੰਦੀ ਹੈ। ਉਂਝ ਇਹ ਤੱਥ ਤਾਂ ਸਾਰੇ ਹੀ ਜਾਣਦੇ ਹਨ ਕਿ ਇਤਿਹਾਸਕ ਤੌਰ 'ਤੇ ਬੋਲੀਵੁਡ ਫਿਲਮ ਇੰਡਸਟਰੀ ਵਿਚ ਪੰਜਾਬੀਆਂ ਦਾ ਬੋਲਬਾਲਾ ਹੋਣ ਕਰਕੇ ਹਿੰਦੀ ਫਿਲਮਾਂ ਦੇ ਸੰਵਾਦਾਂ ਤੇ ਗਾਣਿਆਂ ਵਿਚ ਬਹੁਤ ਸਾਰੇ ਪੰਜਾਬੀ ਸ਼ਬਦ, ਉਕਤੀਆਂ ਦੀ ਭਰਮਾਰ ਹੈ ਜਿਵੇਂ ਰੱਬ, ਕੁੜੀ, ਭੰਗੜਾ, ਮੁੰਡਾ, ਮੱਖਣਾ, ਢੋਲਣਾ, ਸੁਹਣਾ, ਸੁਹਣੀ, ਸਿਮਰਣ ਆਦਿ। ਇਹ ਸ਼ਬਦ ਹੋਰ ਭਾਰਤੀ ਭਾਸ਼ਾਵਾਂ ਦੇ ਬੋਲਣਹਾਰਿਆਂ ਦੁਆਰਾ ਜੇ ਆਮ ਵਰਤੇ ਨਹੀਂ ਵੀ ਜਾਂਦੇ ਹੋਣਗੇ ਤਾਂ ਇਨ੍ਹਾਂ ਦਾ ਗਿਆਨ ਜ਼ਰੂਰ ਵਿਆਪਕ ਹੋ ਗਿਆ ਹੈ। ਮੈਨੂੰ ਕਿਸੇ ਨੇ ਦੱਸਿਆ ਕਿ ਕਿਸੇ ਤਾਮਿਲ ਫਿਲਮ ਦੇ ਨਾਚ ਵਿਚ ਪੰਜਾਬੀ ਭੰਗੜੇ ਦਾ ਹੜਿੱਪਾ ਸ਼ਬਦ ਵਰਤਿਆ ਗਿਆ ਹੈ। ਦੇਸ ਪ੍ਰਦੇਸ ਵਿਚ ਹਰਮਨ-ਪਿਆਰੇ ਹੋ ਰਹੇ ਪੰਜਾਬੀ ਗੀਤ-ਸੰਗੀਤ ਨਾਲ ਇਹ ਪ੍ਰਵਿਰਤੀ ਹੋਰ ਵਧੇਗੀ। ਪਰ ਆਪਾਂ ਪੰਜਾਬੀ ਵਿਚ ਫਿਲਮਾਂ ਅਤੇ ਕ੍ਰਿਕਟ ਰਾਹੀਂ ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਦੇ ਪ੍ਰਵੇਸ਼ ਦੀ ਗੱਲ ਕਰਨ ਲੱਗੇ ਸਾਂ। ਇਹ ਸ਼ਬਦ ਆਮ ਤੌਰ 'ਤੇ ਬੰਬਈਆ ਕਹਾਉਂਦੀ ਮੁੰਬਈ ਦੀ ਹਿੰਦੀ ਮਿੱਸ ਵਾਲੀ ਮਰਾਠੀ ਵਿਚੋਂ ਆਏ ਹਨ। ਮਿਸਾਲ ਵਜੋਂ ਬਿੰਦਾਸ, ਨਾਬਾਦ, ਟਪੋਰੀ ਆਦਿ। ਪਹਿਲੇ ਦੋਵਾਂ ਸ਼ਬਦਾਂ ਦੀ ਵਿਆਖਿਆ ਪਹਿਲਾਂ ਕਿਤੇ ਕੀਤੀ ਜਾ ਚੁੱਕੀ ਹੈ, ਟਪੋਰੀ ਦੀ ਵਾਰੀ ਵੀ ਆਵੇਗੀ। ਅੱਜ ਚਰਚਾ ਕਰਨ ਲੱਗੇ ਹਾਂ 'ਬੇਵੜਾ' ਦੀ। ਇਸ ਸ਼ਬਦ ਨੂੰ ਮੁੱਖ ਤੌਰ 'ਤੇ ਨਸ਼ੇੜੀ, ਟੁੰਨ, ਟੱਲੀ, ਸ਼ਰਾਬੀ ਦੇ ਅਰਥਾਂ ਵਿਚ ਲਿਆ ਜਾਂਦਾ ਹੈ। ਪੰਜਾਬੀ ਸਾਹਿਤ ਤੇ ਆਮ ਬੋਲਚਾਲ ਵਿਚ ਇਹ ਸ਼ਬਦ ਘੱਟ ਹੀ ਰੜਕਦਾ ਹੈ ਤੇ ਨਾ ਹੀ ਇਹ ਕਿਸੇ ਪੰਜਾਬੀ ਕੋਸ਼ ਵਿਚ ਦਰਜ ਹੈ। ਹਾਂ, ਸੋਸ਼ਲ ਮੀਡੀਆ ਵਿਚ ਜ਼ਰੂਰ ਇਸ ਦੀ ਚੜ੍ਹਾਈ ਹੈ। ਮਿਸਾਲ ਵਜੋਂ ਰਣਬੀਰ ਕਪੂਰ ਦੀ ਇਕ ਫਿਲਮ 'ਸੰਜੂ' ਬਾਰੇ ਇੱਕ ਅਖ਼ਬਾਰ ਦਾ ਸਿਰਲੇਖ ਇਸ ਪ੍ਰਕਾਰ ਹੈ, 'ਬੇਵੜਾ ਹੈ, ਠਰਕੀ ਹੈ ਪਰ ਟੈਰੋਰਿਸਟ ਨਹੀਂ ਸੰਜੂ'। 'ਪ੍ਰਸ਼ਥਾਨਮ' ਨਾਮੀਂ ਫਿਲਮ ਵਿਚ ਮੀਕਾ ਸਿੰਘ ਦੇ ਗਾਏ ਇੱਕ ਗੀਤ ਦੇ ਬੋਲ ਹਨ, 'ਦਿਲ ਬੇਵੜਾ'। ਹਰਿਆਣਵੀ ਦਾ ਇੱਕ ਗਾਣਾ ਖੂਬ ਵੱਜ ਰਿਹਾ ਹੈ,'ਤੋੜ ਕੇ ਦਿਲ ਮੇਰਾ, ਬੇਵੜਾ ਮੈਨੇ ਬਨਾ ਗਈ'। ਹੋਰ ਸੁਣੋ,'ਤੂੰ ਇੰਗਲਿਸ਼ ਕੀ ਬੋਤਲ ਰੇ, ਮੈਂ ਬੇਵੜਾ ਗਾਮ ਕਾ'। ਹਿੰਦੀ ਮਰਾਠੀ ਦੀ ਮਸ਼ਹੂਰ ਅਦਾਕਾਰਾ ਹਿਨਾ ਖਾਨ ਆਪਣੇ ਆਈਟਮ ਗੀਤਾਂ 'ਬੇਵੜਾ ਬੇਵੜਾ ਜਾਲੋ ਮੀ ਟਾਈਟ' ਲਈ ਮਸ਼ਹੂਰ ਹੈ। ਨਸ਼ਾ-ਪਾਣੀ ਦੇ ਸ਼ੌਕੀਨ ਪੰਜਾਬੀਆਂ ਨੂੰ ਇਹ ਸ਼ਬਦ ਲੱਭ ਪਿਆ ਹੈ ਤੇ ਦੇਖੀਏ ਕਿਵੇਂ ਪੰਜਾਬੀ ਸੋਸ਼ਲ ਮੀਡੀਆ 'ਤੇ ਬੇਵੜੇ ਦੇ ਕਿਰਦਾਰ ਲੜਖੜਾਉਂਦੇ ਹਨ।

ਸਆਦਤ ਹਸਨ ਮੰਟੋ ਦੀ ਇਕ ਕਹਾਣੀ 'ਹੱਤਕ', ਜੋ ਮੁੰਬਈ ਦੀ ਇੱਕ ਵੇਸਵਾ ਦੇ ਜੀਵਨ ਬਾਰੇ ਹੈ, ਦੇ ਪੰਜਾਬੀ ਅਨੁਵਾਦ ਵਿਚ ਅਨੁਵਾਦਕ ਚਰਨ ਗਿੱਲ ਨੇ ਬੇਵੜਾ ਸ਼ਬਦ ਵਰਤਿਆ ਹੈ,'ਉਸਦਾ ਸੀਨਾ ਅੰਦਰੋਂ ਤਪ ਰਿਹਾ ਸੀ। ਇਸ ਗਰਮੀ ਕੁੱਝ ਤਾਂ ਉਸ ਬਰਾਂਡੀ ਦੇ ਕਾਰਨ ਸੀ ਜਿਸਦਾ ਅਧੀਆ ਦਰੋਗਾ ਆਪਣੇ ਨਾਲ ਲਿਆਇਆ ਸੀ ਅਤੇ ਕੁੱਝ ਉਸ "ਬੇਵੜਾ" ਦਾ ਨਤੀਜਾ ਸੀ ਜਿਸ ਨੂੰ ਸੋਡਾ ਖ਼ਤਮ ਹੋਣ 'ਤੇ ਦੋਨਾਂ ਨੇ ਪਾਣੀ ਮਿਲਾ ਕੇ ਪੀਤਾ ਸੀ'। ਮੈਂ ਦੇਖਿਆ ਇਸ ਕਹਾਣੀ ਦੇ ਮੌਲਿਕ ਉਰਦੂ ਰੂਪ ਵਿਚ ਵੀ ਬੇਵੜਾ ਸ਼ਬਦ ਹੀ ਹੈ। ਸਾਫ਼ ਹੈ ਕਿ ਏਥੇ ਬੇਵੜਾ ਸ਼ਬਦ ਇਕ ਕਿਸਮ ਦੀ ਸ਼ਰਾਬ ਲਈ ਵਰਤਿਆ ਗਿਆ ਹੈ। ਪੰਜਾਬੀ ਦੇ ਗਲਪਕਾਰ ਗੁਰਮੁਖ ਸਿੰਘ ਸਹਿਗਲ ਦੇ 'ਸਰਗਮ' ਨਾਮੀਂ ਨਾਵਲ ਵਿਚ ਇਕ





ਜਗ੍ਹਾ ਬੇਵੜਾ ਸ਼ਰਾਬ ਬਾਰੇ ਲਿਖਦਿਆਂ ਦੱਸਿਆ ਹੈ ਕਿ ਇਹ ਨਿਸ਼ਾਦਰ ਤੇ ਮੈਲਾ ਗੁੜ ਮਿਲਾ ਕੇ ਗੈਰ-ਕਾਨੂੰਨੀ ਤੌਰ 'ਤੇ ਕਈ ਥਾਵਾਂ 'ਤੇ ਕੱਢੀ ਜਾਂਦੀ ਹੈ। ਮਰਾਠੀ ਦੇ ਇਸ ਸ਼ਬਦ ਦੇ ਬਰਾਬਰ ਸਾਡੇ ਆਮ ਸ਼ਬਦ ਹਨ, ਦੇਸੀ ਸ਼ਰਾਬ, ਠੱਰਾ, ਰੂੜੀ ਮਾਰਕਾ ਜਾਂ ਢੇਰ ਮਾਰਕਾ। ਬੇਵੜਾ ਦਾ ਇੱਕ ਬੋਲਚਾਲੀ ਉਚਾਰ ਬਿਊੜਾ ਵੀ ਮਿਲਦਾ ਹੈ- ਵ ਧੁਨੀ ਦਾ ਉ ਧੁਨੀ ਵਿਚ ਪਲਟ ਜਾਣਾ ਆਮ ਵਰਤਾਰਾ ਹੈ ਜਿਵੇਂ ਕੇਵੜਾ (ਰੂਹ ਕੇਵੜਾ) ਦਾ ਕਿਉੜਾ ਵਿਚ ਬਦਲਣਾ। ਡੰਕੀ ਮਾਰਗ ਰਾਹੀਂ ਬਾਹਰ ਜਾਣ ਲਈ ਪੰਜਾਬੀਆਂ ਦਾ ਇੱਕ ਟੋਲਾ ਮੰਬਈ ਦੀ ਇੱਕ ਖੋਲੀ ਵਿਚ ਰਹਿ ਰਿਹਾ ਸੀ। ਉਸ ਟੋਲੇ ਦੇ ਇੱਕ ਜਣੇ ਨੇ ਆਪਣੇ ਅਨੁਭਵ ਇਕ ਅਖ਼ਬਾਰ ਵਿਚ ਵਿਅਕਤ ਕਰਦਿਆਂ ਦੱਸਿਆ ਕਿ ਮੁੰਬਈ ਦੇ ਕੋਹਲੀਬਾੜਾ ਇਲਾਕੇ ਵਿਚ 'ਬਿਉੜਾ' ਸ਼ਰ੍ਹੇਆਮ ਵਿਕਦੀ ਸੀ। ਤਕਰੀਬਨ ਹਰ ਤੀਜੇ ਘਰ ਇਸ ਦਾ ਅੱਡਾ ਹੁੰਦਾ ਸੀ ਤੇ ਇਸ ਦੀ ਕੀਮਤ 4 ਰੁਪਏ ਪ੍ਰਤੀ ਬੋਤਲ ਹੁੰਦੀ ਸੀ। ਮੁੱਕਦੀ ਗੱਲ ਕਿ ਘਰ ਕੱਢੀ ਜਾਂਦੀ ਸ਼ਰਾਬ ਲਈ ਬੇਵੜਾ/ਬਿਊੜਾ ਮਰਾਠੀ ਦਾ ਆਮ ਸ਼ਬਦ ਹੈ। ਹੁਣ ਅਸੀਂ ਦੇਖਾਂਗੇ ਕਿ ਮਰਾਠੀ ਵਿਚ ਇਹ ਸ਼ਬਦ ਕਿਵੇਂ ਵੜਿਆ।

ਅਸੀਂ ਇਸ ਕਾਲਮ ਰਾਹੀਂ ਪਹਿਲਾਂ ਕਈ ਅਜਿਹੇ ਪੁਰਤਗੀਜ਼ ਸ਼ਬਦਾਂ ਦੀ ਚਰਚਾ ਕਰ ਆਏ ਹਾਂ ਜੋਗੋਆ ਵਿਚ ਸੋਲ੍ਹਵੀਂ ਸਦੀ ਵਿਚ ਸ਼ੁਰੂ ਹੋਏ ਪੁਰਤਗੀਜ਼ਾਂ ਦੇ ਸ਼ਾਸਨ ਦੌਰਾਨ ਭਾਰਤੀ ਭਾਸ਼ਾਵਾਂ ਵਿਚ ਆ ਘੁਸੇ। ਬੇਵੜਾ ਸ਼ਬਦ ਵੀ ਦਰਅਸਲ ਇਨ੍ਹਾਂ ਵਿਚੋਂ ਹੀ ਇਕ ਹੈ। ਪੁਰਤਗੀਜ਼ ਭਾਸ਼ਾ ਵਿਚ ਇਹ ਸ਼ਬਦ bebida ਵਜੋਂ ਪ੍ਰਚੱਲਤ ਹੈ ਤੇ ਉਸ ਭਾਸ਼ਾ ਵਿਚ ਇਹ ਸ਼ਬਦ ਅੰਗਰੇਜ਼ੀ ਦੇ beverage ਦੀ ਤਰ੍ਹਾਂ ਕਿਸੇ ਵੀ ਪੀਣ ਪਦਾਰਥ ਜਿਵੇਂ ਸੋਡਾ, ਚਾਹ, ਬੀਅਰ, ਵਾਈਨ, ਸ਼ਰਾਬ ਆਦਿ ਲਈ ਪ੍ਰਯੁਕਤ ਹੁੰਦਾ ਹੈ। ਪੁਰਤਗੀਜ਼ ਵਿਚ ਇਸ ਤੋਂ ਸ਼ਰਾਬ ਦੇ ਅਰਥ ਲੈਣ ਲਈ ਇਸ ਨਾਲ ਅਲਕੋਹਲ ਸ਼ਬਦ ਲਾਇਆ ਜਾਂਦਾ ਹੈ ਪਰ ਪ੍ਰਸੰਗ ਅਨੁਸਾਰ ਇਕੱਲੇ ਤੌਰ 'ਤੇ ਵਰਤਿਆਂ ਵੀ ਇਸ ਤੋਂ ਸ਼ਰਾਬ ਦੇ ਅਰਥ ਹੀ ਨਿਕਲਣਗੇ ਜਿਵੇਂ ਪੰਜਾਬੀ,'ਕਿੰਨੀ ਪੀਤੀ ਤੇ ਕਿੰਨੀ ਬਾਕੀ ਹੈ' ਦਾ ਸੰਕੇਤ ਸ਼ਰਾਬ ਵੱਲ ਹੀ ਹੈ। ਢੁਕਵੇਂ ਮਾਹੌਲ ਵਿਚ ਅੰਗਰੇਜ਼ੀ drink ਵੀ ਸ਼ਰਾਬ ਦਾ ਘੁੱਟ ਹੀ ਪਿਲਾਉਂਦਾ ਹੈ। ਦਰਅਸਲ ਦੱਖਣੀ ਭਾਰਤ ਵਿਚ ਸ਼ਰਾਬ ਦੇ ਪ੍ਰਸੰਗ ਵਿਚ ਪੁਰਤਗੀਜ਼ ਭਾਸ਼ਾ ਦੇ ਦੋ ਸ਼ਬਦ ਪ੍ਰਚਲਤ ਸਨ : bebida ਸ਼ਰਾਬ ਦੇ ਅਰਥਾਂ ਵਿਚ ਅਤੇ bebido ਬਹੁਤ ਸ਼ਰਾਬ ਪੀਣ ਵਾਲਾ, ਸ਼ਰਾਬੀ ਕਬਾਬੀ ਦੇ ਅਰਥਾਂ ਵਿਚ। ਲਗਦਾ ਹੈ ਗੋਆ ਦੀ ਭਾਸ਼ਾ ਕੋਂਕਣੀ ਵਿਚ ਦੋਵੇਂ ਸ਼ਬਦ 'ਬੇਬਦੋ' ਵਜੋਂ ਹੀ ਪ੍ਰਚੱਲਤ ਹੋਏ ਜੋ ਮਰਾਠੀ ਵਿਚ ਆ ਕੇ 'ਬੇਵੜਾ' ਬਣ ਗਏ ਪਰ ਇਸ ਦੇ ਦੋਵੇਂ ਅਰਥ ਕਾਇਮ ਰਹੇ। ਇਹ ਸ਼ਬਦ ਕੁਝ ਦਰਾਵੜੀ ਭਾਸ਼ਾਵਾਂ ਵਿਚ ਵੀ ਇਨ੍ਹਾਂ ਹੀ ਅਰਥਾਂ ਸਮੇਤ ਪਰ ਕੁਝ ਵੱਖਰੇ ਉਚਾਰਣਾਂ ਸਹਿਤ ਰਚ ਮਿਚ ਗਿਆ।

ਮਰਾਠੀ ਅਤੇ ਬੰਬਈਆਂ ਭਾਸ਼ਾਵਾਂ ਤੋਂ ਚੱਲ ਕੇ ਫਿਲਮਾਂ ਵਿਚ ਇਸ ਸ਼ਬਦ ਦੀ ਖੂਬ ਵਰਤੋਂ ਹੋਈ ਤੇ ਬਰਾਸਤਾ ਫਿਲਮਾਂ ਅਤੇ ਅਖ਼ਬਾਰਾਂ ਪੰਜਾਬੀ ਵਿਚ ਪਿਆਕੜ ਦੇ ਅਰਥਾਂ ਵਿਚ ਪ੍ਰਚੱਲਤ ਹੋ ਗਿਆ। ਅੱਜ ਕਲ੍ਹ ਬੇਵੜਾ ਨੇ ਪਿਆਕੜ ਤੋਂ ਵੀ ਅੱਗੇ ਅਰਥ ਵਿਸਥਾਰ ਕਰ ਕੇ ਟੱਲੀ, ਧੁੱਤ, ਟੁੰਨ ਦੇ ਅਰਥ ਧਾਰਨ ਕਰ ਲਏ ਹਨ। ਅੱਗੇ ਜਾ ਕੇ ਦੱਸਾਂਗੇ ਕਿ ਇਸ ਸ਼ਬਦ ਦਾ ਸਾਡੇ 'ਪਿਆਕੜ' ਨਾਲ ਜਮਾਂਦਰੂ ਰਿਸ਼ਤਾ ਹੈ, ਬੋਲੇ ਤੋ ਇਸ ਦਾ ਸਜਾਤੀ ਹੈ। ਬੇਵੜਾ ਸ਼ਬਦ ਭਾਰੋਪੀ ਖਾਸੇ ਵਾਲਾ ਹੈ ਜੋ ਕੁਝ ਭੇਦਾਂ ਨਾਲ ਹੋਰ ਰੁਮਾਂਸ ਭਾਸ਼ਾਵਾਂ ਵਿਚ ਵੀ ਮਿਲਦਾ ਹੈ ਕਿਉਂਕਿ ਇਹ ਸਿੱਧੇ ਤੌਰ 'ਤੇ ਰੁਮਾਂਸ ਭਾਸ਼ਾ ਲਾਤੀਨੀ ਦੇ bibere ਤੋਂ ਆਇਆ ਹੈ ਜਿਸ ਦਾ ਅਰਥ ਪੀਣਾ ਹੈ। ਪੁਰਤਗੀਜ਼ ਦਾ bebdi ਇਸ ਦਾ ਭੂਤਕਾਰਦੰਤਕ ਹੈ ਤੇ ਇਸ ਤਰ੍ਹਾਂ ਇਸ ਦਾ ਅਰਥ ਬਣਿਆ ਪੀਤਾ/ਪੀਤੀ। ਨੋਟ ਕਰੋ, ਪੰਜਾਬੀ ਪੀਤੀ ਦਾ ਅਰਥ ਵੀ ਸ਼ਰਾਬ ਪੀਤੀ ਹੁੰਦਾ ਹੈ ਹਾਲਾਂ ਕਿ ਸਾਡੀ ਭਾਸ਼ਾ ਵਿਚ ਇਸ ਤੋਂ ਸਿੱਧਾ ਸ਼ਰਾਬ ਦੇ ਅਰਥਾਂ ਵਾਲਾ ਕੋਈ ਨਾਂਵ ਸ਼ਬਦ ਨਹੀਂ ਬਣਿਆ ਭਾਵੇਂ ਸੰਭਾਵਨਾ ਹੈ ਸੀ।

ਪੀਣ-ਪਿਆਉਣ ਦੀ ਗੱਲ ਚੱਲੀ ਹੈ ਤਾਂ ਇਹ ਭੇਤ ਖੋਲ੍ਹ ਹੀ ਦਿੰਦੇ ਹਾਂ ਕਿ ਦਰਅਸਲ ਇਹ ਸ਼ਬਦ ਸਾਡੇ 'ਪੀਣ' ਸ਼ਬਦ ਦਾ ਸਕਾ ਹੈ। ਇਨ੍ਹਾਂ ਸ਼ਬਦਾਂ ਦਾ ਭਾਰੋਪੀ ਮੂਲ *po(i) ਕਲਪਿਆ ਗਿਆ ਹੈ ਜਿਸ ਵਿਚ ਪੀਣ ਦੇ ਭਾਵ ਹਨ। ਕੁਝ ਭਾਸ਼ਾਵਾਂ ਵਿਚ ਇਸ ਮੂਲ ਤੋਂ ਬਣਦੇ ਕੁਝ ਜਾਣੇ ਜਾਂਦੇ ਸ਼ਬਦਾਂ ਦਾ ਜ਼ਿਕਰ ਕਰਦੇ ਹਾਂ। ਸਭ ਤੋਂ ਪਹਿਲਾਂ ਅੰਗਰੇਜ਼ੀ beverage ਹੀ ਲੈਂਦੇ ਹਾਂ। ਇਹ ਅੰਤਮ ਤੌਰ 'ਤੇ ਲਾਤੀਨੀ ਤੋਂ ਫਰਾਂਸੀਸੀ ਰਾਹੀਂ ਹੁੰਦਾ 13ਵੀਂ ਸਦੀ ਵਿਚ ਅੰਗਰੇਜ਼ੀ ਵਿਚ ਪੁੱਜਾ। ਜ਼ਹਿਰ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ poison 12ਵੀਂ ਸਦੀ ਵਿਚ ਫਰਾਂਸੀਸੀ ਰਾਹੀਂ ਅੰਗਰੇਜ਼ੀ ਵਿਚ ਗਿਆ। ਫਰਾਂਸੀਸੀ ਤੇ ਲਾਤੀਨੀ ਵਿਚ ਇਸ ਸ਼ਬਦ ਦੇ ਉਸ ਵੇਲੇ ਦੇ ਰੂਪ ਵਿਚ ਪਹਿਲਾਂ ਇਕ ਦਵਾਈ ਜਾਂ ਘੁੱਟੀ ਦੇ ਅਰਥ ਸਨ, ਫਿਰ ਟੂਣੇ ਵਾਲੇ ਘੋਲ ਦੇ ਅਰਥ ਗ੍ਰਹਿਣ ਕੀਤੇ ਤੇ ਆਖਰ ਜ਼ਹਿਰ ਦਾ ਅਰਥਾਵਾਂ ਬਣ ਕੇ ਚੱਲਣ ਲੱਗਾ। ਪੀਣ ਵਾਲੀ ਦਵਾਈ ਦੇ ਅਰਥਾਂ ਵਾਲਾ ਅੰਗਰੇਜ਼ੀ potion (ਪੰਜਾਬੀ ਘੁੱਟੀ) ਵੀ ਅੰਤਮ ਤੌਰ 'ਤੇ ਇਸੇ ਲਾਤੀਨੀ ਮੂਲ ਨਾਲ ਜੁੜ ਜਾਂਦਾ ਹੈ। ਇਹ ਸ਼ਬਦ ਲਾਤੀਨੀ ਕਿਰਿਆ potare (ਪੀਣਾ) ਤੋਂ ਵਿਕਸਿਤ ਹੋਏ। ਗੋਸ਼ਟੀ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ ਸਿੰਪੋਜ਼ੀਅਮ ਸਭ ਨੇ ਸੁਣਿਆ ਹੋਵੇਗਾ। ਇਸ ਦਾ ਬੜੇ ਦਿਲਚਸਪ ਢੰਗ ਨਾਲ ਸ਼ਰਾਬ ਪੀਣ ਨਾਲ ਸਬੰਧ ਜੁੜਦਾ ਹੈ। ਪ੍ਰਾਚੀਨ ਗਰੀਸ ਦੇ ਲੋਕ ਸਾਡੇ ਵਾਂਗ ਖਾਣਾ ਖਾਣ ਤੋਂ ਪਹਿਲਾਂ ਨਹੀਂ ਬਲਕਿ ਬਾਅਦ ਵਿਚ ਸ਼ਰਾਬ ਪੀਆ ਕਰਦੇ ਸਨ। ਉਸ ਸਮੇਂ ਦੇ ਬੁੱਧੀਜੀਵੀ ਮਹਿਫਲ ਸਜਾ ਕੇ ਰਾਤਰੀ-ਭੋਜ ਤੋਂ ਬਾਅਦ ਨਾਲੇ ਸ਼ਰਾਬ ਪੀਂਦੇ ਸਨ ਨਾਲੇ ਬਹਿਸਾਂ ਕਰਦੇ ਸਨ ਤੇ ਨਾਲ ਹੀ ਨਾਚ ਗਾਣੇ ਦਾ ਅਨੰਦ ਮਾਣਦੇ ਸਨ। ਨਸ਼ੇ ਪਾਣੀ ਦੀ ਅਜਿਹੀ ਮਹਿਫਲ ਤੋਂ ਹੀ ਸਿੰਪੋਜ਼ੀਅਮ ਸ਼ਬਦ ਇਸ ਪ੍ਰਕਾਰ ਉਜਾਗਰ ਹੋਇਆ: sym (ਸੰਗ, ਸਮੇਤ, ਇਕੱਠੇ)+posi (ਪੀਣਾ) ਅਰਥਾਤ ਪੀਣ ਦੀ ਸੰਗਤ। ਬੱਚਿਆਂ ਨੂੰ ਕੁਝ ਖੁਆਉਣ ਪਿਆਉਣ ਸਮੇਂ ਮਾਤਾਵਾਂ ਉਨ੍ਹਾਂ ਦੇ ਗਲੇ ਵਿਚ ਬਿੱਬ ਪਾ ਦਿੰਦੀਆਂ ਹਨ ਤਾਂ ਕਿ ਮੂੰਹ 'ਚੋਂ ਡਿਗਦਾ ਖਾਣਾ ਉਨ੍ਹਾਂ ਦੇ ਕੱਪੜੇ ਖਰਾਬ ਨਾ ਕਰੇ। ਇਸ ਦਾ ਬੱਚੇ ਦੇ ਦੁਧ 'ਪੀਣ' ਨਾਲ ਸਬੰਧ ਹੈ। ਅਨੁਮਾਨ ਹੈ ਕਿ ਬੀਅਰ ਸ਼ਬਦ ਵੀ ਇਸੇ ਮੂਲ ਨਾਲ ਜੁੜਦਾ ਹੈ, ਬੀਅਰ ਦੇ ਅਰਥਾਂ ਵਾਲਾ ਰੂਸੀ pivo ਤਾਂ ਜ਼ਰੂਰ ਏਥੇ ਥਾਂ ਸਿਰ ਹੈ।

ਭਾਰੋਪੀ ਮੂਲ *po(i) ਦੇ ਟਾਕਰੇ 'ਤੇ ਸੰਸਕ੍ਰਿਤ ਵਿਚ*ਪਾ ਧਾਤੂ ਹੈ ਜਿਸ ਵਿਚ ਵੀ ਪੀਣ ਦੇ ਅਰਥ ਹਨ। ਇਸ ਤੋਂ ਬਣੇ ਕੁਝ ਸ਼ਬਦਾਂ ਦਾ ਵੇਰਵਾ ਪੇਸ਼ ਹੈ: ਪੀਣਾ, ਪਾਨ (ਪਾਨ ਪੱਤੇ ਵਾਲਾ ਨਹੀਂ, ਜਲ ਪਾਨ ਵਾਲਾ), ਪਾਣੀ (ਸੰਸਕ੍ਰਿਤ ਪਾਨੀਯ = ਪੀਣਯੋਗ), ਪਿਆਸ (ਸੰਸਕ੍ਰਿਤ ਪਿਪਾਸਾ = ਪੀਣ ਦੀ ਆਸ), ਪੇਯ, ਪਿਊਸ (ਦੇਵਤਿਆਂ ਦਾ ਪੀਣ ਪਦਾਰਥ, ਅੰਮ੍ਰਿਤ; ਗੁਰੂ ਰਾਮ ਦਾਸ ਦੇ ਪਦ ਵਿਚ 'ਪਿਊਸ' ਵਜੋਂ ਆਇਆ ਹੈ, 'ਹੁਤੀ ਜੁ ਪਿਆਸ ਪਿਊਸ ਪਿਵੰਨ ਕੀ ਬੰਛਤ ਸਿਧਿ ਕਉ ਬਿਧਿ ਮਿਲਾਯਉ'), ਪਾਤਰ (ਪੀਣ ਵਾਲਾ ਭਾਂਡਾ)। ਹੁਣ ਆਪੇ ਹਿਸਾਬ ਲਾ ਲਵੋ ਕਿ ਸਾਡੇ 'ਪਿਆਕੜ' ਸ਼ਬਦ ਦੀ ਪੁਰਤਗੀਜ਼ ਭਾਸ਼ਾ ਵਲੋਂ ਆਏ 'ਬੇਵੜਾ' ਸ਼ਬਦ ਨਾਲ ਕਿੰਨੀ ਸਾਂਝ ਹੈ, ਨਿਰੁਕਤਕ ਵੀ ਤੇ ਅਰਥਾਂ ਦੀ ਵੀ। ਸੰਸਕ੍ਰਿਤ ਵਿਚ ਇੱਕ ਪਾਨਮ ਸ਼ਬਦ ਮਿਲਦਾ ਹੈ ਜਿਸ ਵਿਚ ਪੀਣ, ਚੁੰਮਣ; ਸ਼ਰਾਬ; ਪੇਯ; ਪਿਆਲਾ ਜਿਹੇ ਅਰਥ ਹਨ। ਸਬੱਬ ਦੀ ਗੱਲ ਹੈ ਕਿ ਸੰਸਕ੍ਰਿਤ ਵਿਚ ਇੱਕ ਸਮਾਸੀ ਸ਼ਬਦ ਪਾਨਮ-ਗੋਸ਼ਠੀ ਮਿਲਦਾ ਹੈ ਜਿਸ ਦਾ ਅਰਥ ਸਿੰਪੋਜ਼ੀਅਮ ਹੈ। ਸੋ ਕਿਉਂ ਨਾ ਅਸੀਂ ਵੀ ਸਿੰਪੋਜ਼ੀਅਮ ਦੀ ਥਾਂ ਪਾਨਮ-ਗੋਸ਼ਟੀ ਕਰਿਆ ਕਰੀਏ। ਭਾਸ਼ਾ-ਵਿਗਿਆਨੀਆਂ ਦਾ ਵਿਚਾਰ ਹੈ ਕਿ ਪੀਣ ਸਮੇਂ ਬੁਲ੍ਹਾਂ ਦੀ ਹਰਕਤ ਨਾਲ 'ਪੀ' ਜਿਹੀ ਧੁਨੀ ਨਿਕਲਦੀ ਹੈ ਜਿਸ ਨਾਲ ਪੀਣ ਦੇ ਅਰਥਾਂ ਵਾਲਾ ਭਾਰੋਪੀ ਮੂਲ *po(i) ਜਾਂ ਸੰਸਕ੍ਰਿਤ ਧਾਤੂ *ਪਾ ਉਦੇ ਹੋਇਆ।

ਅੰਤ ਵਿਚ 'ਪਰਸੂ, ਪਰਸਾ, ਪਰਸ ਰਾਮ' ਦੇ ਟਾਕਰੇ 'ਤੇ ਆਧੁਨਿਕ ਕਹਾਵਤ ਸੁਣਾ ਕੇ ਬੇਵੜਾ ਦੀ ਗੱਲ ਮੁਕਾਉਂਦੇ ਹਾਂ। ਅੱਜ-ਕਲ੍ਹ ਜੇ ਕੋਈ ਅਮੀਰ ਆਦਮੀ ਸ਼ਰਾਬ ਪੀਂਦਾ ਹੋਵੇ ਤਾਂ ਲੋਕ ਕਹਿਣਗੇ ਉਹ ਡਰਿੰਕ ਕਰਦਾ ਹੈ, ਜੇ ਮਧਵਰਗੀ ਪੀਣ ਦਾ ਆਦੀ ਹੋਵੇ ਤਾਂ ਕਹਿਣਗੇ ਉਹ ਸ਼ਰਾਬੀ ਹੈ ਪਰ ਵਿਚਾਰਾ ਗਰੀਬੀ ਤੋਂ ਪਰੇਸ਼ਾਨ ਜੇ ਕੋਈ ਪੀਣ ਲੱਗ ਪਵੇ ਤਾਂ ਲੋਕ ਕਹਿਣਗੇ ਉਹ ਤਾਂ ਬੇਵੜਾ ਹੈ। ਸ਼ਬਦਾਂ ਦੇ ਅਰਥਾਂ ਦਾ ਅਕਸਰ ਜਮਾਤੀ ਖਾਸਾ ਵੀ ਹੁੰਦਾ ਹੈ।

# ਜੰਗ ਤੋ ਖ਼ੁਦ ਹੀ ਏਕ ਮਸਲਾ ਹੈ, ਜੰਗ ਕਿਆ ਮਸਲੋਂ ਕਾ ਹਲ ਦੇਗੀ !

ਪਿਛਲੇ ਕੁਝ ਦਿਨਾਂ ਤੋਂ ਇਜ਼ਰਾਈਲ ਤੇ ਇਰਾਨ ਇੱਕ ਵਾਰ ਮੁੜ ਯੁੱਧ ਦੇ ਮੈਦਾਨ ਵਿਚ ਆਹਮਣੇ-ਸਾਹਮਣੇ ਹਨ। ਇਸ ਤੋਂ ਪਹਿਲਾਂ 12 ਅਤੇ 13 ਮਈ ਦੀ ਰਾਤ ਨੂੰ ਇਜ਼ਰਾਈਲ ਨੇ ਇਰਾਨ ਦੀ ਰਾਜਧਾਨੀ ਤਹਿਰਾਨ 'ਤੇ ਹਮਲਾ ਕੀਤਾ, ਜਿਸ ਨੂੰ ਉਚਿਤ ਨਹੀਂ ਠਹਿਰਾਇਆ ਜਾ ਸਕਦਾ। ਇਸ ਤੋਂ ਬਾਅਦ 13 ਅਤੇ 14




ਮੁਹੰਮਦ ਅੱਬਾਸ ਧਾਲੀਵਾਲ
ਫੋਨ: 98552-59650


ਮਈ ਦੀ ਰਾਤ ਨੂੰ ਇਰਾਨ ਨੇ ਇਜ਼ਰਾਈਲ ਦੇ ਸ਼ਹਿਰ ਤਲ-ਅਵੀਵ 'ਤੇ ਕਰੀਬ 150 ਮਿਜ਼ਾਈਲਾਂ ਦਾਗ਼ ਕੇ ਆਪਣਾ ਬਦਲਾ ਲਿਆ ਉਸ ਨੇ ਇਜ਼ਰਾਈਲ ਦੇ ਬਹੁਤ ਸਾਰੇ ਭੁਲੇਖੇ ਦੂਰ ਕਰ ਦਿੱਤੇ ਹਨ। ਹੁਣ ਤੱਕ ਇਜ਼ਰਾਈਲ ਨੇ ਇਹ ਸੋਚਿਆ ਹੋਵੇਗਾ ਕਿ ਜਿਸ ਤਰ੍ਹਾਂ ਗਾਜ਼ਾ ਫਲਸਤੀਨ ਦੇ ਨਿਹੱਥੇ ਲੋਕਾਂ 'ਤੇ ਬੰਬਾਰੀ ਕਰ ਆਪਣੀ ਮਰਜ਼ੀ ਪੁਗਾ ਲੈਂਦਾ ਹੈ ਇਸੇ ਤਰ੍ਹਾਂ ਇਰਾਨ ਨੂੰ ਵੀ ਉਹ ਦਬਾਅ ਲਵੇਗਾ ਪਰ ਉਹ ਆਖਦੇ ਨੇ ਭੱਜਦਿਆਂ ਨੂੰ ਬਾਨ ਇੱਕੋ ਜਿਹੇ।

ਉਂਝ ਵੇਖਿਆ ਜਾਵੇ ਤਾਂ ਜੰਗ ਨਾਲ ਕਦੇ ਵੀ ਮਸਲਿਆਂ ਦੇ ਹੱਲ ਨਹੀਂ ਹੋਇਆ ਕਰਦੇ ਆਖਿਰਕਾਰ ਮਸਲਾ ਗੱਲਬਾਤ ਰਾਹੀਂ ਹੀ ਸੁਲ਼ਝਾਇਆ ਜਾਂਦਾ ਹੈ। ਪ੍ਰਸਿੱਧ ਕਵੀ ਸਾਹਿਰ ਲੁਧਿਆਣਵੀ ਨੇ ਜੰਗ ਦੀਆਂ ਤਬਾਹੀਆਂ ਦੇ ਦ੍ਰਿਸ਼ ਨੂੰ ਆਪਣੀ ਇਕ ਬੇ-ਮਿਸਾਲ ਨਜ਼ਮ 'ਐ ਸ਼ਰੀਫ ਇਨਸਾਨੋ' ਵਿਚ ਅੱਜ ਤੋਂ ਲਗਭਗ ਅੱਧੀ ਪੌਣੀ ਸਦੀ ਪਹਿਲਾਂ ਬਹੁਤ ਹੀ ਭਾਵੁਕ ਅੰਦਾਜ਼ ਵਿਚ ਕਿਹਾ ਸੀ ਕਿ :

ਜੰਗ ਤੋ ਖ਼ੁਦ ਹੀ ਏਕ ਮਸਲਾ ਹੈ
ਜੰਗ ਕਿਆ ਮਸਲੋਂ ਕਾ ਹਲ ਦੇਗੀ
ਆਗ ਔਰ ਖ਼ੂਨ ਆਜ ਬਖ਼ਸ਼ੇਗੀ
ਭੂਖ ਔਰ ਇਹਤਿਆਜ ਕਲ ਦੇਗੀ

ਇਸ ਨਜ਼ਮ ਦੀ ਜਿੰਨੀ ਮਹੱਤਤਾ ਉਸ ਵੇਲੇ ਸੀ, ਉਨ੍ਹਾਂ ਮਹੱਤਵ ਹੀ ਅੱਜ ਹੈ, ਕਿਉਂਕਿ ਸੰਸਾਰ ਦੇ ਕੁਝ ਤਾਕਤਵਰ ਦੇਸ਼ਾਂ ਦੇ ਹੁਕਮਰਾਨ ਅਰਥਾਤ ਸ਼ਰੀਫ ਇਨਸਾਨ ਅਜਿਹੇ ਹਨ ਜੋ ਸਿਰਫ਼ ਅਤੇ



ਸਿਰਫ਼ ਆਪਣੇ ਹਥਿਆਰਾਂ ਦੀ ਵਿਕਰੀ ਲਈ ਆਪਣੀ ਹਉਮੈ ਤੇ ਲਾਲਸਾ ਦੀ ਪੂਰਤੀ ਲਈ ਦੁਨੀਆ ਦੀ ਸੁੱਖ-ਸ਼ਾਂਤੀ ਨੂੰ ਲਾਂਬੂ ਲਾਉਣ ਲਈ ਤਿਆਰ ਰਹਿੰਦੇ ਹਨ।

ਬੇਸ਼ੱਕ ਅਸੀਂ ਅੱਜ ਬਹੁਤ ਤਰੱਕੀ ਕਰ ਲਈ ਹੈ ਕਿ ਚੰਨ ਉੱਤੇ ਫਤਹਿ ਪਾਉਣ ਤੋਂ ਬਾਅਦ ਮੰਗਲ ਗ੍ਰਹਿ ਉੱਪਰ ਫਤਹਿ ਪਾਉਣ ਦੇ ਸੁਪਨੇ ਵੇਖ ਰਹੇ ਹਾਂ। ਪਰੰਤੂ ਜੇਕਰ ਗੱਲ ਮੌਲਿਕ ਕਦਰਾਂ-ਕੀਮਤਾਂ ਦੀ ਕਰੀਏ ਜਾਂ ਆਪਣੇ ਇਖਲਾਕ ਦੀ ਕਰੀਏ ਤਾਂ ਉਨ੍ਹਾਂ 'ਚ ਲਗਾਤਾਰ ਨਿਘਾਰ ਆਉਂਦਾ ਵਿਖਾਈ ਦੇ ਰਿਹਾ ਹੈ। ਉਰਦੂ ਦੇ ਇੱਕ ਸ਼ਾਇਰ ਨੇ ਕਿੰਨੇ ਸੋਹਣੇ ਸ਼ਬਦਾਂ ਵਿਚ ਵਿਅੰਗ ਕਰਦਿਆਂ ਕਿਹਾ ਹੈ ਕਿ ...

ਬੜ੍ਹਨੇ ਕੋ ਬਸ਼ਰ ਚਾਂਦ ਸੇ ਭੀ ਆਗੇ ਬੜ੍ਹਾ ਹੈ,
ਯੇ ਸੋਚੀਯੇ ਕਿਰਦਾਰ ਘਟਾ ਹੈ ਕਿ ਬੜ੍ਹਾ ਹੈ।

ਇਹ ਕਿ ਇਸ ਤੋਂ ਪਹਿਲਾਂ ਜਿਵੇਂ ਕਿ ਅਸੀਂ ਵੇਖਿਆ ਕਿ ਪਿਛਲੇ ਵਰ੍ਹਿਆਂ ਦੌਰਾਨ ਕਿੰਝ ਅਮਰੀਕਾ ਦੀ ਸ਼ਹਿ 'ਤੇ ਯੂਕਰੇਨ ਨੇ ਰੂਸ ਨਾਲ ਯੁੱਧ ਸ਼ੁਰੂ ਕੀਤਾ ਜੋ ਕਿ ਹਾਲੇ ਤੱਕ ਜਾਰੀ ਹੈ ਭਾਵੇਂ ਕਿ ਅਮਰੀਕਾ ਵਿਚ ਟਰੰਪ ਨੇ ਆਉਂਦੇ ਸਾਰ ਯੂਕਰੇਨ ਦੀ ਪਿੱਠ ਤੋਂ ਆਪਣਾ ਹੱਥ ਖਿੱਚ ਲਿਆ ਅਤੇ ਪੂਰੀ ਦੁਨੀਆਂ ਸਾਹਵੇਂ ਯੂਕਰੇਨ ਦੇ ਰਾਸ਼ਟਰਪਤੀ ਨੂੰ ਜ਼ਲੀਲ ਕੀਤਾ।

ਉਕਤ ਸੰਦਰਭ ਵਿਚ ਵੇਖਿਆ ਜਾਵੇ ਤਾਂ ਵੱਡੀਆਂ ਤਾਕਤਾਂ ਆਪਣੇ ਹਿੱਤਾਂ ਦੀ ਪੂਰਤੀ ਲਈ ਜਾਂ ਇੰਝ ਕਹਿ ਲਵੋ ਕਿ ਹਥਿਆਰਾਂ ਨੂੰ ਵੇਚਣ ਲਈ ਦੁਨੀਆ 'ਚ ਭੈਅ ਦਾ ਮਾਹੌਲ ਪੈਦਾ ਕਰਦੀਆਂ ਹਨ ਤੇ ਇਸ ਲਈ ਉਹ ਵੱਖ-ਵੱਖ ਦੇਸ਼ਾਂ ਵਿਚਕਾਰ ਯੁੱਧ ਦੇ ਮਾਹੌਲ ਨੂੰ ਗਰਮਾਉਂਦੀਆਂ ਹਨ।

ਪਿਛਲੇ ਕਰੀਬ ਦੋ ਵਰ੍ਹਿਆਂ ਤੋਂ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚਕਾਰ ਯੁੱਧ ਨਿਰੰਤਰ ਜਾਰੀ


(ਬਾਕੀ ਸਫਾ 19 'ਤੇ)

# ਜੂਨ 1984 ਵਿਚ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਦੇ ਕੁਝ ਅਣਜਾਣੇ ਤੱਥ -4

***ਸਾਕਾ ਨੀਲਾ ਤਾਰਾ ਪੰਜਾਬੀ ਲੋਕ-ਇਤਿਹਾਸ ਦੀ ਅਤਿ ਦੁਖਦਾਈ ਘਟਨਾ ਹੈ। ਪੰਜਾਬੀ ਦੇ ਉਘੇ ਲਿਖਾਰੀ ਡਾ. ਹਰਭਜਨ ਸਿੰਘ ਨੇ ਇਸ ਨੂੰ 'ਜੜ੍ਹਾਂ ਵਾਲਾ ਫੋੜਾ' ਆਖਿਆ ਸੀ। ਉਨ੍ਹਾਂ ਲਿਖਿਆ ਸੀ ਕਿ ਇਹ ਅਜਿਹਾ ਲਾਇਲਾਜ ਨਾਸੂਰ ਹੈ ਜਿਹੜਾ ਲਗਾਤਾਰ ਵਗੀ ਜਾ ਰਿਹਾ ਹੈ। ਇਸ ਘਟਨਾ ਨੂੰ ਭੁੱਲਣਾ ਵਾਕਈ ਨਾਮੁਮਕਿਨ ਹੈ ਪਰ ਇਸ ਦੇ ਕਾਰਨਾਂ ਦੀ ਪੁਣਛਾਣ ਕਰ ਕੇ ਇਸ ਤੋਂ ਸਬਕ ਜ਼ਰੂਰ ਲਿਆ ਜਾ ਸਕਦਾ ਹੈ। ਇਸ ਦੀ ਵਰ੍ਹੇਗੰਢ 'ਤੇ ਅਸੀਂ ਸਿੱਖ ਇਤਿਹਾਸ ਦੇ ਬਾਬਾ ਬੋਹੜ ਡਾਕਟਰ ਹਰਜਿੰਦਰ ਸਿੰਘ ਦਿਲਗੀਰ ਦਾ ਲਿਖਿਆ ਬਹੁਤ ਕੀਮਤੀ ਜਾਣਕਾਰੀ ਭਰਪੂਰ ਲੇਖ ਛਾਪਣ ਦਾ ਮਾਣ ਹਾਸਿਲ ਕਰ ਰਹੇ ਹਾਂ। ਲੇਖ ਵੱਡਾ ਹੈ ਇਸ ਕਰ ਕੇ ਇਸ ਦੀ ਚੌਥੀ ਤੇ ਆਖਰੀ ਕਿਸ਼ਤ ਪਾਠਕਾਂ ਦੀ ਨਜ਼ਰ ਹੈ।***

***ਭਾਰਤੀ ਫ਼ੌਜ ਦੇ ਮੁਖੀ ਜ਼ੈਲ ਸਿੰਘ ਦਾ ਦਰਬਾਰ ਸਾਹਿਬ ਆਉਣਾ***

ਜੂਨ 1984 ਦੇ ਪਹਿਲੇ ਹਫ਼ਤੇ ਭਾਰਤੀ ਫ਼ੌਜ ਵੱਲੋਂ ਦਰਬਾਰ ਸਾਹਿਬ ਤਬਾਹੀ ਨੂੰ ਜਿਹੜਾ ਵੀ ਸਿੱਖ ਸੁਣਦਾ ਉਸ ਦੇ ਅੰਦਰ ਭਾਰਤ ਵਾਸਤੇ ਤੇ ਇੰਦਰਾ ਵਾਸਤੇ ਹੋਰ ਅਤੇ ਨਫ਼ਰਤ ਸੁਤੇ-ਸਿੱਧ ਆਉਣੀ ਹੀ ਸੀ। ਇਸ ਸਾਰੇ 'ਤੇ ਪਰਦਾ ਪਾਉਣ ਵਾਸਤੇ ਤੇ ਸਿੱਖਾਂ ਦੇ ਰੋਹ ਨੂੰ



**ਡਾ. ਹਰਜਿੰਦਰ ਸਿੰਘ ਦਿਲਗੀਰ**
**ਰਚੇਤਾ: 'ਨਵਾਂ ਤੇ ਵਡਾ ਮਹਾਨ ਕੋਸ਼'**

ਠੰਡਿਆਂ ਕਰਨ ਵਾਸਤੇ ਡਰਾਮੇ ਵਜੋਂ ਭਾਰਤ ਦਾ ਰਾਸ਼ਟਰਪਤੀ ਜ਼ੈਲ ਸਿੰਘ 8 ਜੂਨ ਨੂੰ ਅੰਮ੍ਰਿਤਸਰ ਲਿਆਂਦਾ ਗਿਆ। ਕਿਉਂਕਿ ਉਹ ਭਾਰਤੀ ਫ਼ੌਜਾਂ ਦਾ ਮੁਖੀ ਸੀ, ਇਸ ਕਰ ਕੇ ਉਸ ਨੇ ਆਪਣੀ ਫ਼ੌਜ ਦੀ 'ਕਾਮਯਾਬੀ' ਨੂੰ ਵੇਖਣਾ ਹੀ ਸੀ! ਅਕਾਲ ਤਖ਼ਤ ਸਾਹਿਬ ਦੀ ਤਬਾਹੀ, ਦਰਬਾਰ ਸਾਹਿਬ 'ਤੇ 350 ਤੋਂ ਵੱਧ ਗੋਲੀਆਂ ਦੇ ਨਿਸ਼ਾਨ, ਸੜੀ ਹੋਈ ਕਰੋੜਾਂ ਰੁਪਿਆਂ ਦੀ ਚਾਨਣੀ, ਗੋਲੀਆਂ ਨਾਲ ਜ਼ਖ਼ਮੀ ਹੋਇਆ ਦਰਬਾਰ ਸਾਹਿਬ 'ਚ ਪਿਆ ਗੁਰੂ ਗ੍ਰੰਥ ਸਾਹਿਬ ਦਾ 1830 ਦਾ ਸਰੂਪ, ਚੋਰੀ ਕਰ ਲਈ ਗਈ ਸਿੱਖ ਰੈਫ਼ਰੈਂਸ ਲਾਇਬਰੇਰੀ (ਜੋ ਹੁਣ ਤਕ ਵੀ ਪੂਰੀ ਤਰ੍ਹਾਂ ਵਾਪਿਸ ਨਹੀਂ ਕੀਤੀ), ਦਰਬਾਰ ਸਾਹਿਬ ਵਿਚ ਸਿਗਰਟਾਂ ਪੀਂਦੇ ਭਾਰਤੀ ਫ਼ੌਜੀ ਵੇਖ ਕੇ ਉਸ ਦੇ ਦਿਲ ਵਿਚ ਦਰਦ ਨਾ ਜਾਗਿਆ। ਉਸ ਦੀ ਮੁਰਦਾ ਰੂਹ ਨੂੰ ਜ਼ਖ਼ਮੀ ਹੋਏ ਦਰਬਾਰ ਸਾਹਿਬ ਕੰਪਲੈਕਸ ਨੇ ਨਾ ਟੁੰਬਿਆ। ਇਕ ਬੇਗ਼ੈਰਤ, ਜਜ਼ਬਾਤ-ਰਹਿਤ, ਮੁਰਦਾ-ਰੂਹ ਵਾਂਗ ਉਹ ਆਇਆ ਅਤੇ ਟੀ.ਵੀ. ਅਤੇ ਅਖ਼ਬਾਰਾਂ ਵਿਚ ਤਸਵੀਰਾਂ ਛਪਵਾ ਕੇ ਚਲਾ ਗਿਆ। ਇਥੇ ਹੀ ਬੱਸ ਨਹੀਂ ਇੰਦਰਾ ਗਾਂਧੀ ਦੇ ਇਸ 'ਭਾੜੂ-ਬਰਦਾਰ' ਨੇ ਇਕ ਤਕਰੀਰ ਵਿਚ ਇਸ 'ਮਹਾਨ ਕਾਰਨਾਮੇ' ਨੂੰ ਹੱਕ-ਬਜਾਨਬ ਵੀ ਠਹਿਰਾਇਆ ਤੇ ਮਗਰੋਂ ਹਮਲਾ ਕਰਨ ਵਾਲਿਆਂ ਨੂੰ ਮੈਡਲ ਵੀ ਦਿੱਤੇ। ਜ਼ੈਲ ਸਿੰਘ ਦੀ ਫੇਰੀ ਵੇਲੇ ਇਕ ਸਿੱਖ ਨੇ ਫ਼ਾਇਰਿੰਗ ਵੀ ਕੀਤੀ ਜਿਸ ਨਾਲ (ਰੂਹਾਨੀ ਤੌਰ 'ਤੇ ਮਰ ਚੁਕਾ) ਜ਼ੈਲ ਤਾਂ ਬਚ ਗਿਆ ਪਰ ਇਕ ਕਰਨਲ ਨੂੰ ਗੋਲੀ ਵੱਜੀ। ਉਸ ਵੇਲੇ ਦਰਬਾਰ ਸਾਹਿਬ ਸਿੱਖਾਂ ਵਾਸਤੇ ਬੈਨ ਸੀ ਪਰ ਜ਼ੈਲ ਸਿੰਘ ਦੇ ਆਉਣ 'ਤੇ ਦਰਬਾਰ ਸਾਹਿਬ ਵਿਚ ਕੀਰਤਨ ਕਰਨ ਵਾਸਤੇ ਰਾਗੀ ਜੱਥਾ ਲਿਆਂਦਾ ਗਿਆ; ਉਸ ਵੇਲੇ ਰਾਗੀ ਸੁਰਿੰਦਰ ਸਿੰਘ ਪਟਨਾ ਸਾਹਿਬ ਕੀਰਤਨ ਕਰ ਰਹੇ ਸਨ; ਜ਼ੈਲ ਸਿੰਘ ਦੇ ਆਉਣ 'ਤੇ ਉਨ੍ਹਾਂ ਨੇ ਭਾਈ ਗੁਰਦਾਸ ਦੀ ਵਾਰ 35 ਦੀ ਪਹਿਲੀ ਪਉੜੀ 'ਕੁਤਾ ਰਾਜ ਬਹਾਲੀਐ ਫਿਰ ਚੱਕੀ ਚੱਟੇ' ਗਾਈ ਅਤੇ ਜ਼ੈਲ ਸਿੰਘ ਨੂੰ ਉਸ ਦੀ ਔਕਾਤ ਦੱਸੀ। ਮਗਰੋਂ ਇਸ ਰਾਗੀ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਸੀ।

### ਦਰਬਾਰ ਸਾਹਿਬ 'ਤੇ ਹਮਲੇ ਦੌਰਾਨ ਕਿੰਨੇ ਲੋਕ ਮਰੇ?

ਦਰਬਾਰ ਸਾਹਿਬ 'ਤੇ ਹਮਲੇ ਦੌਰਾਨ ਭਾਵੇਂ ਸਰਕਾਰ ਨੇ ਆਪਣੇ 'ਵ੍ਹਾਈਟ ਪੇਪਰ' (ਜੂਨ 1984) ਵਿਚ ਕਿਹਾ ਸੀ ਕਿ ਉਸ ਹਮਲੇ ਦੌਰਾਨ ਸਿਰਫ਼ 83 ਫ਼ੌਜੀ ਤੇ 493 ਸਿੱਖ ਮਰੇ ਸਨ। ਪਰ, 20 ਜੂਨ 1984 ਦੇ ਦਿਨ, ਭਾਰਤੀ ਫ਼ੌਜ ਦੇ ਮੇਜਰ ਜਨਰਲ ਆਰ.ਕੇ. ਗੌੜ ਨੇ 4 ਅਫ਼ਸਰਾਂ, 4 ਜੇ.ਸੀ.ਸੀਜ਼. ਅਤੇ 92 ਫ਼ੌਜੀਆਂ ਦਾ ਮਰਨਾ ਮੰਨਿਆ); ਸਰਕਾਰ ਨੇ 287 ਫ਼ੌਜੀਆਂ ਦਾ ਜ਼ਖ਼ਮੀ ਹੋਣਾ ਅਤੇ 121 ਸਿੱਖਾਂ ਦਾ ਫੱਟੜ ਹੋਣਾ ਮੰਨਿਆ ਸੀ। ਮਗਰੋਂ 1987 ਵਿਚ ਰਾਜੀਵ ਗਾਂਧੀ ਨੇ ਨਾਗਪੁਰ ਵਿਚ ਮੀਡੀਆ ਕੋਲ 700 ਫ਼ੌਜੀਆਂ ਦਾ ਮਰਨਾ ਕਬੂਲ ਕੀਤਾ ਸੀ। ਪਰ ਖ਼ੁਫ਼ੀਆ ਰਿਪੋਰਟਾਂ ਮੁਤਾਬਿਕ 1208 ਫ਼ੌਜੀ, 125 ਦੇ ਕਰੀਬ ਖਾੜਕੂ ਅਤੇ 3228 ਸਿੱਖ ਯਾਤਰੂ ਤੇ ਬੰਗਲਾਦੇਸ਼ੀ ਮੁਸਾਫ਼ਿਰ ਮਾਰੇ ਗਏ ਸਨ; ਗ਼ੈਰ-ਸਰਕਾਰੀ ਸੋਮਿਆਂ ਮੁਤਾਬਿਕ ਜ਼ਖ਼ਮੀਆਂ ਵਿਚ 3000 ਫ਼ੌਜੀ, 12 ਖਾੜਕੂ ਅਤੇ 1526 ਸਿੱਖ ਤੇ ਬੰਗਲਾਦੇਸ਼ੀ ਮੁਸਾਫ਼ਿਰ ਸ਼ਾਮਿਲ ਸਨ। (ਸਰਕਾਰ ਮੁਤਾਬਿਕ ਹੋਰ ਗੁਰਦੁਆਰਿਆਂ ਵਗ਼ੈਰਾ 'ਚ ਹਮਲਿਆਂ ਦੌਰਾਨ 9 ਫ਼ੌਜੀ ਤੇ 60 ਸਿੱਖ ਮਾਰੇ ਗਏ ਸਨ। ਸਰਕਾਰ ਨੇ ਦਰਬਾਰ ਸਾਹਿਬ 'ਚੋਂ 1592, ਹੋਰ ਗੁਰਦੁਆਰਿਆਂ 'ਚੋਂ 796 ਤੇ ਬਾਕੀ ਜਗ੍ਹਾ ਤੋਂ 2324, ਕੁਲ 4712, ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਮੰਨੀਆਂ ਹਨ)







*1). ਜੂਨ 1984 ਵਿਚ ਦਰਬਾਰ ਸਾਹਿਬ 'ਤੇ ਫ਼ੌਜੀ ਐਕਸ਼ਨ ਮਗਰੋਂ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੀ ਦਰਬਾਰ ਸਾਹਿਬ ਯਾਤਰਾ (ਨਾਲ ਸਾਹਿਬ ਸਿੰਘ ਗ੍ਰੰਥੀ) 2). ਜੂਨ 1984 ਵਿਚ ਦਰਬਾਰ ਸਾਹਿਬ 'ਤੇ ਫ਼ੌਜੀ ਐਕਸ਼ਨ ਮਗਰੋਂ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਦਰਬਾਰ ਸਾਹਿਬ ਯਾਤਰਾ (ਉਸ ਦੇ ਸੱਜੇ ਪਾਸੇ ਮਹਿੰਦਰ ਸਿੰਘ ਸਕੱਤਰ ਸ਼੍ਰੋਮਣੀ ਕਮੇਟੀ ਤੇ ਹੋਰ ਸਿੱਖ) 3). ਦਰਬਾਰ ਸਾਹਿਬ 'ਤੇ ਹਮਲੇ ਮਗਰੋਂ ਫ਼ੌਜ ਦੇ ਮੁਖੀ ਜਰਨੈਲ ਦਰਬਾਰ ਸਾਹਿਬ ਆਏ*

### ਦੁਨੀਆਂ ਭਰ ਵਿਚ ਸਿੱਖਾਂ ਵੱਲੋਂ ਰੋਸ: ਪਦਮ ਸ੍ਰੀ ਐਵਾਰਡ ਮੋੜੇ

ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਸਭ ਤੋਂ ਪਹਿਲਾਂ ਖ਼ੁਸ਼ਵੰਤ ਸਿੰਘ ਨੇ ਪਦਮ ਸ੍ਰੀ ਐਵਾਰਡ ਵਾਪਿਸ ਕੀਤਾ। 10 ਜੂਨ 1984 ਦੇ ਦਿਨ ਕੈਪਟਨ ਅਮਰਿੰਦਰ ਸਿੰਘ ਅਤੇ ਦਵਿੰਦਰ ਸਿੰਘ ਗਰਚਾ ਨੇ ਪਾਰਲੀਮੈਂਟ ਦੀ ਮੈਂਬਰੀ ਅਤੇ ਕਾਂਗਰਸ ਤੋਂ ਅਸਤੀਫ਼ਾ ਦਿੱਤਾ; ਇਨ੍ਹਾਂ ਨਾਲ ਬੂਟਾ ਸਿੰਘ ਨੇ ਵੀ ਅਸਤੀਫ਼ਾ ਦੇਣ ਦੀ ਪਲਾਨ ਬਣਾਈ ਸੀ ਪਰ ਬਾਅਦ ਵਿਚ ਉਸ ਦਾ ਦਿਲ ਬੇਈਮਾਨ ਹੋ ਗਿਆ ਅਤੇ ਉਹ ਮੁਕਰ ਗਿਆ ਤੇ ਸਿੱਖਾਂ 'ਤੇ ਜ਼ੁਲਮ ਕਰਨ ਵਿਚ ਭਾਈਵਾਲ ਬਣਿਆ। ਇਸ ਮਗਰੋਂ ਡਾ. ਗੰਡਾ ਸਿੰਘ, ਭਗਤ ਪੂਰਨ ਸਿੰਘ ਨੇ ਵੀ ਪਦਮਸ੍ਰੀ ਦੇ ਖ਼ਿਤਾਬ ਵਾਪਿਸ ਕਰ ਦਿੱਤੇ। ਚਰਨਜੀਤ ਸਿੰਘ ਕੋਕਾ ਕੋਲਾ ਕਾਂਗਰਸ ਛੱਡ ਗਿਆ। ਸਾਧੂ ਸਿੰਘ ਹਮਦਰਦ ਅਤੇ ਡਾ. ਖ਼ੁਸ਼ਦੇਵਾ ਸਿੰਘ ਨੇ 16 ਜੂਨ 1984 ਦੇ ਦਿਨ ਸਰਕਾਰ ਨੂੰ ਪਦਮਸ੍ਰੀ ਦਾ ਖ਼ਿਤਾਬ ਵਾਪਿਸ ਕਰ ਦਿੱਤਾ।

ਸ. ਸਿਮਰਨਜੀਤ ਸਿੰਘ ਮਾਨ (ਉਦੋਂ ਕਮਾਂਡੈਂਟ ਸੈਂਟਰਲ ਇੰਡਸਟਰੀਅਲ ਸਕਿਉਰਿਟੀ ਫ਼ੋਰਸ- ਆਈ.ਪੀ.ਐਸ., ਬੰਬਈ, ਮਹਾਂਰਾਸ਼ਟਰ) ਨੇ ਰਾਸ਼ਟਰਪਤੀ ਨੂੰ ਖ਼ਤ ਲਿਖ ਕੇ ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਜ਼ਬਰਦਸਤ ਪ੍ਰੋਟੈਸਟ ਕੀਤਾ ਅਤੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। (ਇਸ ਮਗਰੋਂ ਮਾਨ ਨੇ ਵਿਦੇਸ਼ਾਂ ਵਿਚੋਂ ਖਾਲਿਸਤਾਨ ਲਹਿਰ ਚਲਾਉਣ ਦੀ ਪਲਾਨ ਬਣਾਈ ਪਰ ਉਸ ਨੂੰ ਭਾਰਤ ਵਿਚੋਂ ਨਿਕਲਣ ਦੀ ਕੋਸ਼ਿਸ਼ ਵਿਚ ਨੇਪਾਲ ਦੀ ਸਰਹਦ ਤੋਂ 27 ਨਵੰਬਰ 1984 ਦੇ ਦਿਨ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੂੰ ਜੇਲ੍ਹ ਵਿਚ ਅੰਤਾਂ ਦੇ ਤਸੀਹੇ ਦਿੱਤੇ ਗਏ। ਪਰ ਇਸ ਦੇ ਬਾਵਜੂਦ ਉਸ ਨੇ ਸੀ ਤਕ ਨਾ ਕੀਤੀ। ਉਸ 'ਤੇ ਇੰਦਰਾ ਗਾਂਧੀ ਦੇ ਕਤਲ ਦਾ ਕੇਸ ਵੀ ਦਰਜ ਕੀਤਾ ਗਿਆ। ਉਸ ਨੂੰ 5 ਸਾਲ ਮਗਰੋਂ ਲੋਕ ਸਭਾ ਚੋਣ ਜਿੱਤਣ ਮਗਰੋਂ 2 ਦਸੰਬਰ 1989 ਦੇ ਦਿਨ ਰਿਹਾਅ ਕੀਤਾ ਗਿਆ)।

ਅਜਿਹੇ ਰੋਸ ਹੋਰ ਵੀ ਕਈ ਸਿੱਖਾਂ ਨੇ ਜ਼ਾਹਿਰ ਕੀਤੇ ਸਨ। ਪਰ 1947 ਵਿਚ ਵਾਰਸ ਸ਼ਾਹ ਨੂੰ ਆਵਾਜ਼ਾਂ ਮਾਰਨ ਵਾਲੀ ਅੰਮ੍ਰਿਤਾ ਪ੍ਰੀਤਮ ਤੇ ਉਸ ਵਰਗੇ ਬੇਗ਼ੈਰਤਾਂ ਦੇ ਅੰਦਰ ਦਾ ਇਨਸਾਨ ਨਾ ਜਾਗਿਆ। ਵਿਦੇਸ਼ਾਂ ਵਿਚ ਸਿੱਖਾਂ ਨੇ ਹਰ ਪਾਸੇ ਜ਼ਬਰਦਸਤ ਰੋਸ ਜਲੂਸ ਕੱਢੇ। ਸਭ ਤੋਂ ਵੱਡੇ ਜਲੂਸ ਲੰਡਨ, ਵਾਸ਼ਿੰਗਟਨ, ਵੈਨਕੂਵਰ, ਟਰਾਂਟੋ, ਓਸਲੋ ਵਗ਼ੈਰਾ ਵਿਚ ਕੱਢੇ ਗਏ ਸਨ। ਇਨ੍ਹਾਂ ਵਿਚ ਲੱਖਾਂ ਸਿੱਖਾਂ ਨੇ ਹਿੱਸਾ ਲਿਆ।

### ਦਰਬਾਰ ਸਾਹਿਬ 'ਤੇ ਹਮਲਾ ਅਤੇ ਭਾਰਤੀ ਸਿਆਸਤਦਾਨ

ਦਰਬਾਰ ਸਾਹਿਬ 'ਤੇ ਹਮਲੇ ਦੀ ਜ਼ਿੰਮੇਦਾਰੀ, ਆਮ ਤੌਰ 'ਤੇ ਜ਼ੈਲ ਸਿੰਘ, ਇੰਦਰਾ ਗਾਂਧੀ, ਰਾਜੀਵ ਗਾਂਧੀ ਅਤੇ ਕਾਂਗਰਸ ਪਾਰਟੀ 'ਤੇ ਪਾਈ ਜਾਂਦੀ ਹੈ। ਬਹੁਤੇ ਤਾਰੀਖ਼ਦਾਨ ਇਨ੍ਹਾਂ ਨੂੰ ਹੀ ਮੁਜਰਿਮ ਆਖਦੇ ਹਨ। ਉਦੋਂ ਭਾਰਤੀ ਜਨਤਾ ਪਾਰਟੀ ਅਤੇ ਕਮਿਊਨਿਸਟਾਂ ਨੇ ਵੀ ਇੰਦਰਾ ਦੀ ਰੱਜਵੀਂ ਹਿਮਾਇਤ ਕੀਤੀ ਸੀ। (ਭਾਜਪਾ ਨੇ ਤਾਂ ਇੰਦਰਾ ਗਾਂਧੀ ਨੂੰ ਦੁਰਗਾ ਕਹਿ ਕੇ ਉਸ ਦੀ ਪੂਜਾ ਵੀ ਕੀਤੀ ਸੀ)। ਅਡਵਾਨੀ ਨੇ ਮਾਰਚ 2008 ਵਿਚ ਛਪੀ ਆਪਣੀ ਜੀਵਨੀ ਵਿਚ ਇਹ ਮੰਨਿਆ ਹੈ ਕਿ ਉਹ ਦਰਬਾਰ ਸਾਹਿਬ 'ਤੇ ਹਮਲੇ ਵਾਸਤੇ ਇੰਦਰਾ 'ਤੇ ਵਾਰ-ਵਾਰ ਜ਼ੋਰ ਪਾਉਂਦੇ ਰਹੇ ਸਨ।

(ਇਸ ਕਿਤਾਬ ਦਾ ਰਾਜ਼ ਖੁੱਲ੍ਹਣ ਦੇ ਕੁਝ ਦਿਨ ਮਗਰੋਂ ਹੀ ਇਸ ਅਡਵਾਨੀ ਨੂੰ, ਉਸ ਦੇ ਦਰਬਾਰ ਸਾਹਿਬ 'ਤੇ ਹਮਲੇ ਵਿਚ ਇਸ 'ਮਹਾਨ ਰੋਲ ਬਦਲੇ', ਬਾਦਲ ਅਕਾਲੀ ਦਲ ਦਿੱਲੀ ਨੇ, ਨਵੇਂ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦੀ ਅਗਵਾਈ ਹੇਠ, ਵਿਸਾਖੀ 2008 ਦੇ ਦਿਨ ਉਸ ਦੇ ਘਰ ਜਾ ਕੇ ਸਿਰੋਪਾ ਭੇਟ ਕੀਤਾ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਅਡਵਾਨੀ ਨੂੰ ਸਿਰੋਪੇ ਦੇਣ ਵਾਲੇ ਇਹ ਸਿੱਖ ਵੀ ਦਰਬਾਰ ਸਾਹਿਬ 'ਤੇ ਹਮਲੇ ਦੇ ਹਿਮਾਇਤੀ ਸਨ)।

ਉਂਞ ਸਾਰੀਆਂ ਪਾਰਟੀਆਂ ਅੰਦਰੋਂ-ਅੰਦਰੀ ਮੰਨਦੀਆਂ ਰਹੀਆਂ ਕਿ ਇੰਦਰਾ ਦੇ ਇਸ ਐਕਸ਼ਨ ਦੇ ਪਿਛੋਕੜ ਵਿਚ ਨਿਸ਼ਾਨਾ ਸਿੱਖਾਂ ਦਾ ਪੱਤਾ ਵਰਤ ਕੇ ਹਿੰਦੂ ਵੋਟ ਲੈ ਕੇ ਚੋਣਾਂ ਜਿੱਤਣਾ ਹੀ ਸੀ। ਪਰ ਦੂਜੇ ਪਾਸੇ, ਇੰਦਰਾ ਤੋਂ ਬਾਅਦ ਜਦੋਂ ਵੀ.ਪੀ. ਸਿੰਘ, ਚੰਦਰ ਸ਼ੇਖ਼ਰ, ਦੇਵਗੌੜਾ, ਗੁਜਰਾਲ, ਵਾਜਪਾਈ, ਮਨਮੋਹਨ ਸਿੰਘ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਤਾਂ ਉਨ੍ਹਾਂ ਨੇ ਵੀ ਕਦੇ ਇਸ ਹਮਲੇ ਨੂੰ ਗ਼ਲਤ ਨਹੀਂ ਆਖਿਆ ਅਤੇ ਨਾ ਹੀ ਕਿਸੇ ਇਸ ਦੀ ਸਰਕਾਰੀ ਪਧਰ 'ਤੇ ਮੁਆਫ਼ੀ ਹੀ ਮੰਗੀ। ਸਾਰੇ ਸਿਰਫ਼ ਇਸ ਨੂੰ 'ਅਫ਼ਸੋਸਨਾਕ', 'ਮੰਦਭਾਗਾ', 'ਮੁੜ ਕੇ ਨਾ ਹੋਵੇ' ਆਖ ਕੇ ਲਿਫ਼ਾਫ਼ੇਬਾਜ਼ੀ ਕਰਦੇ ਰਹੇ। ਹੋਰ ਤਾਂ ਹੋਰ ਚੰਦਰ ਸ਼ੇਖ਼ਰ ਵਰਗੇ ਆਗੂ, ਜਿਨ੍ਹਾਂ ਨੇ ਦਰਬਾਰ ਸਾਹਿਬ 'ਤੇ ਹਮਲੇ ਦੀ ਨਿੰਦਾ ਕੀਤੀ ਸੀ, ਵੀ ਮਗਰੋਂ ਜਦੋਂ ਸਰਕਾਰ ਵਿਚ ਆਏ ਤਾਂ ਉਨ੍ਹਾਂ ਦੀ ਬੋਲੀ ਬਦਲ ਗਈ। ਪਰ, ਐਨ.ਟੀ. ਰਾਮਾ ਰਾਓ, ਸੁਬਰਾਮਨੀਅਮ ਸਵਾਮੀ, ਰਾਮ ਜੇਠਮਲਾਨੀ ਤੇ ਕੁਝ ਹੋਰਾਂ ਨੇ ਸਾਫ਼ ਲਫ਼ਜ਼ਾਂ ਵਿਚ ਹਮੇਸ਼ਾ ਇਸ ਹਮਲੇ ਦੀ ਹਮੇਸ਼ਾ ਪੂਰੀ ਤਰ੍ਹਾਂ ਨਿੰਦਾ ਕੀਤੀ।

### ਫ਼ਿਰਕੂ ਹਿੰਦੂਆਂ ਨੇ ਖ਼ੁਸ਼ੀਆਂ ਮਨਾਈਆਂ

ਦਰਬਾਰ ਸਾਹਿਬ 'ਚ ਤਬਾਹੀ ਕਰਨ ਮਗਰੋਂ ਜਦੋਂ ਫ਼ੌਜੀ ਬਾਹਰ ਨਿਕਲੇ ਤਾਂ ਸ਼ਹਿਰ ਦੇ ਫ਼ਿਰਕੂ ਹਿੰਦੂਆਂ ਨੇ ਫ਼ੌਜੀਆਂ ਦੇ ਇਸ ਮਹਾਨ 'ਕਾਰਨਾਮੇ' 'ਤੇ ਮਠਿਆਈਆਂ, ਫਲ, ਦੁੱਧ ਵਗ਼ੈਰਾ ਨਾਲ ਸੇਵਾ ਕੀਤੀ ਤੇ ਮੁਬਾਰਕਾਂ ਦਿੱਤੀਆਂ ਤੇ ਹਿੰਦੂ ਔਰਤਾਂ ਤੇ ਮਰਦਾਂ ਦੋਹਾਂ ਨੇ ਫ਼ੌਜੀਆਂ ਦੀਆਂ ਆਰਤੀਆਂ ਉਤਾਰੀਆਂ। ਫ਼ੌਜ ਨੇ ਹਿੰਦੂਆਂ ਨੂੰ ਭਿੰਡਰਾਂਵਾਲਿਆਂ ਦੀ ਲਾਸ਼ ਵੀ ਦਿਖਾਈ। ਹਿੰਦੂਆਂ ਨੇ ਇਸ ਮੌਕੇ 'ਤੇ ਭੰਗੜੇ ਵੀ ਪਾਏ ਤੇ ਖ਼ੁਸ਼ੀਆਂ ਮਨਾਈਆਂ। ਇਸ ਤੋਂ ਜ਼ਾਹਿਰ ਹੁੰਦਾ ਸੀ ਕਿ ਇਹ ਲੜਾਈ ਇੰਦਰਾ ਅਤੇ ਫ਼ੌਜ ਨੇ ਹਿੰਦੂ-ਸਿੱਖ ਲੜਾਈ ਬਣਾ ਕੇ ਲੜੀ ਸੀ ਨਾ ਕਿ ਖਾੜਕੂਆਂ ਜਾਂ ਭਿੰਡਰਾਂਵਾਲਿਆਂ ਦੇ ਖ਼ਿਲਾਫ਼। ਫਿਰ ਏਨਾ ਹੀ ਬਸ ਨਹੀਂ, ਭਾਰਤੀ ਫ਼ੌਜ ਨੇ ਤਿੰਨ ਦਰਜਨ ਤੋਂ ਵੱਧ ਹੋਰ ਗੁਰਦੁਆਰਿਆਂ 'ਤੇ ਵੀ ਹਮਲਾ ਕੀਤਾ। ਇਨ੍ਹਾਂ ਹਮਲਿਆਂ ਵਿਚ ਸਭ ਤੋਂ ਵੱਧ ਨੁਕਸਾਨ ਪਟਿਆਲਾ, ਤਰਨ ਤਾਰਨ, ਮੁਕਤਸਰ, ਮੋਗਾ, ਫ਼ਤਹਿਗੜ੍ਹ ਵਗ਼ੈਰਾ ਵਿਚ ਹੋਇਆ ਸੀ, ਜਿੱਥੇ ਸੈਂਕੜੇ ਸਿੱਖ ਮਾਰੇ ਗਏ ਸਨ।

### ਸਿੱਖਾਂ ਵੱਲੋਂ ਅੰਮ੍ਰਿਤਸਰ ਵਲ ਕੂਚ

ਜਦੋਂ ਪੰਜਾਬ ਭਰ ਵਿਚ ਸਿੱਖਾਂ ਨੂੰ ਖ਼ਬਰਾਂ ਮਿਲੀਆਂ ਕਿ ਫ਼ੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ ਹੈ ਤਾਂ ਹਜ਼ਾਰਾਂ ਸਿੱਖਾਂ ਨੇ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ। ਮਾਲਵੇ, ਦੁਆਬੇ ਤੇ ਮਾਝੇ ਵਲੋਂ ਸਿੱਖ ਅੰਮ੍ਰਿਤਸਰ ਵੱਲ ਚੱਲ ਪਏ। ਭਾਰਤੀ ਫ਼ੌਜ ਨੇ ਹਰ ਪਾਸੇ ਨਾਕੇ ਲਾਏ ਹੋਏ ਸਨ ਤੇ ਤੋਪਾਂ ਬੀੜੀਆਂ ਹੋਈਆਂ ਸਨ, ਖ਼ਾਸ ਕਰਕੇ ਹਰੀਕੇ ਪੱਤਣ 'ਤੇ ਅਤੇ ਤਰਨ ਤਾਰਨ ਤੋਂ ਆਉਂਦੇ ਰਸਤੇ 'ਤੇ ਫ਼ੌਜ ਨੇ ਇਧਰ ਆਉਂਦੇ ਸਿੱਖਾਂ ਦੇ ਜਲੂਸਾਂ 'ਤੇ ਗੋਲੀਆਂ ਚਲਾਈਆਂ, ਜਿਸ ਨਾਲ ਗੁਰਬਚਨ ਸਿੰਘ ਤੁੜ ਸਾਬਕਾ ਐਮ.ਪੀ. ਅਤੇ ਹਜ਼ਾਰਾਂ ਸਿੱਖ ਮਾਰੇ ਗਏ। ਇਕ ਸੋਮੇ ਮੁਤਾਬਿਕ ਫ਼ੌਜ ਨੇ ਹੈਲੀਕਾਪਟਰਾਂ ਰਾਹੀਂ ਵੀ ਸਿੱਖਾਂ 'ਤੇ ਗੋਲੀਆਂ ਚਲਾਈਆਂ ਸਨ।

### ਪ੍ਰਕਾਸ਼ ਸਿੰਘ ਬਾਦਲ ਨੇ ਫ਼ੌਜੀਆਂ ਅਤੇ ਪੁਲਸ 'ਚ ਨੌਕਰੀ ਕਰਦੇ ਸਿੱਖਾਂ ਨੂੰ ਬਗ਼ਾਵਤ ਵਾਸਤੇ ਭੜਕਾਇਆ

ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜ ਦੇ ਹਮਲੇ ਦੇ ਜਵਾਬ ਵਿਚ, 8 ਜੂਨ 1984 ਦੇ ਦਿਨ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਚੰਡੀਗੜ੍ਹ ਵਿਚ ਇਕ ਬਿਆਨ ਜਾਰੀ ਕਰ ਕੇ ਭਾਰਤੀ ਫ਼ੌਜ ਅਤੇ ਪੁਲਸ ਵਿਚ ਨੌਕਰੀ ਕਰ ਰਹੇ ਸਿੱਖਾਂ ਨੂੰ ਸਰਕਾਰ ਦੇ ਖ਼ਿਲਾਫ਼ ਬਗ਼ਾਵਤ ਕਰਨ ਦਾ ਸੱਦਾ ਦਿੱਤਾ। ਇਸ 'ਤੇ ਬਾਦਲ ਨੂੰ 10 ਜੂਨ ਦੇ ਦਿਨ ਗ੍ਰਿਫ਼ਤਾਰ ਕਰ ਕੇ ਮੱਧਪ੍ਰਦੇਸ਼ ਵਿਚ ਪਚਮੜ੍ਹੀ ਗੈਸਟ ਹਾਊਸ ਵਿਚ ਕੈਦ ਕਰ ਦਿੱਤਾ ਗਿਆ।

### ਸਿੱਖ ਫ਼ੌਜੀਆਂ ਵੱਲੋਂ ਬਗ਼ਾਵਤ

ਦਰਬਾਰ ਸਾਹਿਬ ਉਤੇ ਹਮਲੇ ਵਿਚ ਕੁਝ ਬੇਗ਼ੈਰਤ ਸਿੱਖ ਭਾਰਤੀ ਫ਼ੌਜ ਦੀ ਅਗਵਾਈ ਕਰ ਰਹੇ ਸਨ ਪਰ ਦੂਜੇ ਪਾਸੇ ਧਰਮੀ ਸਿੱਖ ਫ਼ੌਜੀਆਂ ਦੀ ਗ਼ੈਰਤ ਨੇ ਉਨ੍ਹਾਂ ਨੂੰ ਬਗ਼ਾਵਤ ਕਰਨ ਵਾਸਤੇ ਝੰਜੋੜਿਆ। ਕਈ ਪਾਸੇ ਸਿੱਖ ਫ਼ੌਜੀਆਂ ਨੇ ਬਗ਼ਾਵਤ ਕਰ ਦਿੱਤੀ ਅਤੇ ਦਰਬਾਰ ਸਾਹਿਬ ਵੱਲ ਟੁਰ ਪਏ। ਗੰਗਾਨਗਰ (ਰਾਜਸਥਾਨ), ਰਾਮਗੜ੍ਹ (ਬਿਹਾਰ), ਯੂ.ਪੀ., ਕਸ਼ਮੀਰ 'ਚੋਂ ਹਜ਼ਾਰਾਂ ਸਿੱਖ ਫ਼ੌਜੀਆਂ ਨੇ ਬਗ਼ਾਵਤ ਕੀਤੀ ਸੀ।

ਸਭ ਤੋਂ ਵੱਡੀ ਬਗ਼ਾਵਤ 'ਸਿੱਖ ਰਜਮੈਂਟਾਂ' ਵਿਚ ਰਾਮਗੜ੍ਹ, ਗੰਗਾਨਗਰ ਅਤੇ ਜੰਮੂ ਵਿਚ ਹੋਈ ਸੀ। ਸਭ ਤੋਂ ਪਹਿਲਾ ਤੇ ਵੱਡਾ ਗ਼ਦਰ ਰਾਮਗੜ੍ਹ (ਬਿਹਾਰ) ਵਿਚ ਹੋਇਆ। ਇੱਥੇ ਸ. ਗੁਰਨਾਮ ਸਿੰਘ ਦੀ ਅਗਵਾਈ ਵਿਚ 1461 ਸਿੱਖ ਫ਼ੌਜੀਆਂ ਨੇ ਬਗ਼ਾਵਤ ਕੀਤੀ। ਰਾਮਗੜ੍ਹ ਦੇ 1461 ਜਵਾਨ, ਬ੍ਰਿਗੇਡੀਅਰ ਪੁਰੀ ਨੂੰ ਮਾਰਨ ਮਗਰੋਂ, ਭਾਰੀ ਅਸਲਾ ਲੈ ਕੇ ਅੰਮ੍ਰਿਤਸਰ ਵੱਲ ਟੁਰ ਪਏ। ਇਨ੍ਹਾਂ ਨੂੰ ਰਾਮਗੜ੍ਹ ਤੋਂ 190 ਮੀਲ ਦੂਰ ਸ਼ਕਤੇਸ਼ਗੜ੍ਹ ਰੇਲਵੇ ਸਟੇਸ਼ਨ 'ਤੇ ਘੇਰ ਲਿਆ ਗਿਆ। ਇਸ ਘੇਰੇ ਵਿਚੋਂ ਵੀ ਕੁਝ ਟਰੱਕ ਬਚ ਕੇ ਨਿਕਲ ਗਏ। ਇਨ੍ਹਾਂ ਨੂੰ '21 ਵੀਂ ਮਕੈਨਾਈਜ਼ਡ ਇਨਫੈਂਟਰੀ' ਰਜਮੈਂਟ ਨੇ ਘੇਰ ਲਿਆ। ਬਾਕੀ ਅੱਧਿਆਂ ਨੂੰ ਕੁਝ ਦੂਰ ਜਾ ਕੇ '20ਵੀਂ ਇਨਫੈਂਟਰੀ' ਨੇ ਘੇਰ ਲਿਆ। ਇਸ ਸਾਰੀ ਮੁਹਿੰਮ ਵਿਚ 25 ਫ਼ੌਜੀ ਮਾਰੇ ਗਏ। ਇਸ ਦੇ ਨਾਲ ਹੀ ਗੰਗਾਨਗਰ ਵਿਚ ਸਿੱਖ ਰਜਮੈਂਟ ਦੀ '9ਵੀਂ ਬਟਾਲੀਅਨ' ਦੇ 600 ਜਵਾਨਾਂ ਨੇ ਵੀ ਬਗ਼ਾਵਤ ਕੀਤੀ। ਗੰਗਾਨਗਰ ਦੇ 600 ਫ਼ੌਜੀਆਂ ਵਿਚੋਂ ਬਹੁਤੇ ਗ੍ਰਿਫ਼ਤਾਰ ਕਰ ਲਏ ਗਏ ਤੇ ਕੁਝ ਪਾਕਿਸਤਾਨ ਵੀ ਨਿਕਲ ਗਏ। ਜੰਮੂ ਦੇ ਬਾਗ਼ੀਆਂ ਵਿਚੋਂ ਵੀ ਕੁਝ ਪਾਕਿਸਤਾਨ ਨਿਕਲ ਗਏ। ਇਂਵ ਹੀ ਪੂਨਾ ਅਤੇ ਮੁੰਬਈ ਦੇ ਨੇੜੇ ਵੀ ਸਿੱਖ ਫ਼ੌਜੀਆਂ ਨੇ ਅਤੇ 'ਸਿੱਖ 9' ਅਤੇ 'ਪੰਜਾਬ 14' ਦੇ ਸਿੱਖ ਫ਼ੌਜੀਆਂ ਨੇ ਵੀ ਬਗ਼ਾਵਤ ਕੀਤੀ। ਇਨ੍ਹਾਂ ਸਿੱਖਾਂ ਨੇ ਭਾਰਤੀ ਫ਼ੌਜ ਨੇ ਰਾਹ ਵਿਚ ਰੋਕ ਕੇ ਮੁਕਾਬਲਾ ਕਰ ਕੇ ਜਾਂ ਤਾਂ ਮਾਰ ਦਿੱਤਾ ਜਾਂ ਗ੍ਰਿਫ਼ਤਾਰ ਕਰ ਲਿਆ। ਇਕ ਸਰਕਾਰੀ ਸੋਮੇ ਮੁਤਾਬਿਕ ਤਿੰਨ ਹਜ਼ਾਰ ਤੋਂ ਵੱਧ ਫ਼ੌਜੀਆਂ ਨੇ ਬਗ਼ਾਵਤ ਕੀਤੀ ਸੀ, ਜਿਨ੍ਹਾਂ ਵਿਚੋਂ ਕਈਆਂ ਦਾ ਕਦੇ ਵੀ ਥਹੁ ਪਤਾ ਨਾ ਲਗਿਆ। ਕਈ ਲੋਕਾਂ ਦਾ ਖ਼ਿਆਲ ਹੈ ਕਿ ਇਨ੍ਹਾਂ ਵਿਚੋਂ ਕਈ ਪਾਕਿਸਤਾਨ ਚਲੇ ਗਏ ਤੇ ਉਥੇ ਕੈਦ ਕੀਤੇ ਗਏ ਸਨ।

ਸਰਕਾਰ ਦੀ 17 ਅਗਸਤ 1984 ਦੀ ਰਿਪੋਰਟ ਮੁਤਾਬਿਕ 2334 ਸਿੱਖ ਫ਼ੌਜੀਆਂ ਨੇ ਦਰਬਾਰ ਸਾਹਿਬ ਵੱਲ ਚਾਲੇ ਪਾਏ ਸਨ। ਇਨ੍ਹਾਂ ਵਿਚੋਂ 67 ਸਿੱਖ ਮਾਰੇ ਗਏ ਸਨ ਤੇ 31 ਲਾਪਤਾ ਐਲਾਨੇ ਗਏ ਸਨ (ਸ਼ਾਇਦ ਤਸੀਹੇ ਦੇ ਕੇ ਮਾਰ ਦਿੱਤੇ ਗਏ ਹੋਣ) ਅਤੇ 172 ਨੂੰ ਸਿੱਧਾ ਮੁਕੱਦਮਾ ਚਲਾ ਕੇ ਸਜ਼ਾ ਦਿੱਤੀ ਗਈ। ਗ੍ਰਿਫ਼ਤਾਰ ਕੀਤੇ ਗਏ ਇਨ੍ਹਾਂ ਫ਼ੌਜੀਆਂ ਦੇ ਕੋਰਟ ਮਾਰਸ਼ਲ ਸਮਰੀ-ਟਰਾਇਲ ਕੀਤੇ ਤੇ ਉਨ੍ਹਾਂ ਨੂੰ ਕੈਦਾਂ ਦੀਆਂ ਸਜ਼ਾਵਾਂ ਦਿੱਤੀਆਂ ਤੇ ਨਾਲ ਹੀ ਨੌਕਰੀ ਤੋਂ ਵੀ ਬਰਤਰਫ਼ ਕਰ ਦਿੱਤਾ।

ਭਾਵੇਂ ਹਜ਼ਾਰਾਂ ਮੀਲ ਬੈਠੇ ਸਿੱਖ ਫ਼ੌਜੀਆਂ ਨੇ ਆਪਣੀ ਜਾਨ ਤੇ ਕੈਰੀਅਰ ਦਾਅ 'ਤੇ ਲਾ ਕੇ ਬਗ਼ਾਵਤ ਕੀਤੀ ਪਰ ਪੰਜਾਬ ਦੀ ਧਰਤੀ 'ਤੇ ਪੂਜਾ ਦਾ ਧਨ ਖਾਣ ਵਾਲੇ ਤੇ ਲੁੱਟਾਂ-ਖੋਹਾਂ ਨਾਲ ਅੱਯਾਸ਼ੀ ਕਰ ਰਹੇ ਤੇ ਭੰਗ ਪੀ ਰਹੇ ਨਿਹੰਗਾਂ ਤੇ ਡੇਰੇਦਾਰਾਂ ਵਿਚੋਂ ਕਿਸੇ ਦੀ ਗ਼ੈਰਤ ਨੇ ਵੀ ਉਨ੍ਹਾਂ ਨੂੰ ਨਾ ਟੁੰਬਿਆ। ***(ਸਮਾਪਤ)***

ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

# ਦਿਲ ਦਰਿਆ ਸਮੁੰਦਰੋਂ ਡੂੰਘੇ...ਕੌਣ ਦਿਲਾਂ ਦੀਆਂ ਜਾਣੇ...

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆਵੇਗਾ।***

ਇੱਕ ਵਿਆਹ ਵਿਚ ਗਿੱਧਾ ਪਉਂਦੀ ਦਿਸੀ...ਬੱਸ ਦੇਖਦਾ ਹੀ ਰਹਿ ਗਿਆ...ਤਿੱਖੇ ਨੈਣ ਨਕਸ਼ਾਂ ਅਤੇ ਭੋਲੀ ਜਿਹੀ ਸੂਰਤ ਨੇ ਉਸਦੇ ਗਲ਼ ਪਾਏ ਸਧਾਰਨ ਜਿਹੇ ਸੂਟ ਵੱਲ ਧਿਆਨ ਹੀ ਨਾ ਜਾਣ ਦਿੱਤਾ...!

ਵਿਆਹ ਦੀ ਗੱਲ ਚੱਲੀ ਤਾਂ ਓਸੇ ਦਾ ਹੀ ਜਿਕਰ ਕਰ ਦਿੱਤਾ...ਭੁਚਾਲ ਜਿਹਾ ਆ ਗਿਆ...ਦਲੀਲ ਦੇਣ ਲੱਗੇ ਕੇ ਕਿਥੇ ਅਮਰੀਕਾ ਦਾ ਗ੍ਰੀਨ ਕਾਰਡ ਤੇ ਕਿਥੇ ਗੋਹਾ ਕੂੜਾ ਕਰਦੀ ਸਧਾਰਨ ਜਿਹੇ ਟੱਬਰ ਵਿਚ ਪਲੀ ਹੋਈ ਆਮ ਜਿਹੀ ਕੁੜੀ...!

ਪਰ ਦਿਲ ਦਰਿਆ ਸਮੁੰਦਰੋਂ ਡੂੰਘੇ...ਕੌਣ ਦਿਲਾਂ ਦੀਆਂ ਜਾਣੇ...ਮੇਰੇ ਵੱਲੋਂ ਵੀ ਪੱਥਰ ਤੇ ਪੱਕੀ ਲਕੀਰ ਹੀ ਵੱਜ ਗਈ ਸੀ...ਲੌਂਗ ਦੇ ਲਿਸ਼ਕਾਰੇ ਵਾਲੀ ਪੀਤੋ...।

ਫੇਰ ਇੱਕ ਦਿਨ ਜਦੋਂ ਪਾਣੀ ਵਾਰ ਬਰੂਹਾਂ ਤੋਂ ਅੰਦਰ ਲੈ ਆਂਦੀ ਤਾਂ ਚਾਰੇ ਪਾਸੇ ਚਾਨਣ ਪੱਸਰ ਗਿਆ...!

ਪਰ ਸਭ ਤੋਂ ਵੱਧ ਨਰਾਜਗੀ ਨਿੱਕੀ ਭੂਆ ਨੂੰ ਹੋਈ...ਸਹੁਰਿਆਂ ਵਾਲੇ ਪਾਸੋਂ ਲਿਆਂਦੇ ਉਸਦੇ ਸਾਕ ਨੂੰ ਨਾਂਹ ਜੂ ਹੋ ਗਈ ਸੀ!

ਆਏ ਦਿਨ ਲਿਆਂਦੇ ਦਾਜ ਦੀਆਂ ਗਿਣਤੀਆਂ-ਮਿਣਤੀਆਂ ਹੋਣ ਲੱਗੀਆਂ...ਕਦੀ ਉਸਦੇ ਬਣਨ-ਫੱਬਣ ਦੇ ਤਰੀਕਿਆਂ ਦਾ ਮੌਜੂ ਬਣਾਇਆ ਜਾਂਦਾ...ਕੱਪੜੇ ਧੋਣ ਵਾਲੀ ਮਸ਼ੀਨ ਚਲਾਉਣੀ ਨਾ ਆਈ ਤਾਂ ਵੱਡਾ ਮਸਲਾ ਬਣਾ ਦਿੱਤਾ ਗਿਆ!

ਇੱਕ ਵੱਡੀ ਸਿਫਤ ਸੀ...ਘਿਓ ਦਾ ਘੜਾ ਵੀ ਕਿਓਂ ਨਾ ਡੁੱਲ ਜਾਵੇ...ਹੱਸਦੀ ਰਹਿੰਦੀ...ਅਗਲਿਆਂ ਨੂੰ ਹੋਰ ਗੁੱਸਾ ਚੜ ਜਾਂਦਾ ਕਿ ਆਖੀਆਂ ਦਾ ਗੁੱਸਾ ਕਿਓਂ ਨਹੀਂ ਕਰਦੀ...ਫੇਰ ਇੱਕ ਦਿਨ ਜਹਾਜੇ ਚੜ ਬਾਹਰ ਆ ਗਈ...!

ਸੰਘਰਸ਼ਮਈ ਜਿੰਦਗੀ ਦਾ ਆਗਾਸ...ਨਵਾਂ ਮੁਲਖ...ਨਵੇਂ ਲੋਕ...ਨਵੀਆਂ ਪੈੜਾਂ...ਖੁੱਲ੍ਹਾ ਡੁੱਲ੍ਹਾ ਅਤੇ ਵੱਖਰਾ ਜਿਹਾ ਡਰਾਉਣਾ ਮਾਹੌਲ...ਇੱਕ ਵਾਰ ਤੇ ਕਹਿੰਦੇ-ਕਹਾਉਂਦੇ ਵੀ



ਲੀਹੋਂ ਉੱਤਰ ਹੀ ਜਾਇਆ ਕਰਦੇ ਨੇ...!

ਸ਼ੁਰੂਆਤ ਵਿਚ ਇਸਤੋਂ ਕਈ ਗਲਤੀਆਂ ਵੀ ਹੋਈਆਂ ਪਰ ਨਾ ਤਾਂ ਕਦੇ ਆਪ ਮਜਾਕ ਉਡਾਇਆ ਤੇ ਨਾ ਹੀ ਕਿਸੇ ਹੋਰ ਨੂੰ ਉਡਾਉਣ ਦਿੱਤਾ...!

ਅੰਦਰੋਂ ਅਕਸਰ ਹੀ ਇੱਕ ਅਵਾਜ ਆਇਆ ਕਰਦੀ ਕਿ ਜਜਬਾਤਾਂ ਦੀ ਚਾਸ਼ਨੀ ਵਿਚ ਡੁੱਬੀ ਇਸ ਸੱਚੀ ਮੁਹੱਬਤ ਨੂੰ ਕਦੇ ਵੀ ਹੰਕਾਰ ਵਾਲੀ ਤੱਕੜੀ ਤੇ ਤੁਲਣ ਨਹੀਂ ਦੇਣਾ!

ਇਹ ਸੋਚ ਭਾਰੂ ਹੁੰਦਿਆਂ ਹੀ ਇਸਦੇ ਹਰ ਮਾਮਲੇ ਵਿਚ ਮੇਰੀ ਇੱਕ ਖਾਸ ਜੁੰਮੇਵਾਰੀ ਬਣ ਜਾਇਆ ਕਰਦੀ...ਮਿੱਠੇ ਬੇਰਾਂ ਨਾਲ ਲੱਦੀ ਇਸ ਬੇਰੀ ਨੂੰ ਕੋਈ ਬਾਹਰੀ ਢੇਮ ਨਹੀਂ ਵੱਜਣ ਦੇਣੀ...!

ਦਾਦੀ ਅਕਸਰ ਹੀ ਆਖਿਆ ਕਰਦੀ ਸੀ ਕੇ ਕਿਸੇ ਬੇਗਾਨੇ ਦੀਆਂ ਗਲਤੀਆਂ ਅਤੇ ਨਾਸਮਝੀਆਂ ਨੂੰ ਕਦੀ ਵੀ ਦੁਨੀਆ ਸਾਹਵੇਂ ਵੱਡਾ ਮਸਲਾ ਬਣਾ ਕੇ ਨਹੀਂ ਦਰਸਾਉਣਾ...ਸੱਚਾ ਰੱਬ ਨਰਾਜ ਹੁੰਦਾ...ਪਰ ਇਹ ਤੇ ਫੇਰ ਵੀ ਆਪ ਸਹੇੜੀ ਹੋਈ ਸੀ...ਮੇਰੀ ਨਿੱਕੀ ਜਿਹੀ ਧੀ ਨੂੰ ਜਨਮ ਦੇਣ ਵਾਲੀ ਦੁਖਾਂ-ਸੁਖਾਂ ਵਿਚ ਮੇਰੀ ਭਾਈਵਾਲ...ਉਹ ਵੀ ਏਨੇ ਭਾਰੀ ਸੰਘਰਸ਼ ਅਤੇ ਵਿਰੋਧ ਦੇ ਚੱਲਦੇ ਹੋਏ ਸਹੇੜ ਕੇ ਲਿਆਂਧੀ ਹੋਈ...!

ਆਪਣੇ ਕਈ ਹਮਵਤਨ...ਫਰੋਲ ਕੇ ਇਸਦੀ ਹਿਸਟਰੀ ਕੱਢ ਲਿਆਂਧੀ...ਫੇਰ ਆਖਿਆ ਕਰਨ ਪਿੱਛੋਂ ਗੋਹਾ-ਕੂੜਾ ਕਰਦੀ ਆਈ ਏ...ਇੱਕ ਦੋ ਵਾਰ ਗਰਮਾਂ-ਗਰਮੀ ਵੀ ਹੋ ਗਈ...ਏਦਾਂ ਦੇ ਯਾਰ ਬੇਲੀ ਅਤੇ ਬਹੁਤ ਸਾਰੇ ਹੋਰ ਜਾਣਕਾਰ ਸਦੀਵੀਂ ਛੱਡ ਵੀ ਦਿੱਤੇ...!

ਪਹਿਲਾਂ ਡਰਾਈਵਿੰਗ ਲਾਈਸੈਂਸ ਤੇ ਫੇਰ ਪੜਾਈ ਦੀਆਂ ਕਲਾਸਾਂ...ਪਤਾ ਨੀ ਕਿੱਦਾਂ ਸਾਰਾ ਕੁਝ ਪਹਿਲੀ ਵਾਰੀ ਵਿਚ ਹੀ ਕਲੀਅਰ ਕਰ ਗਈ...ਮਗਰੋਂ ਹਰ ਮੈਦਾਨ ਫਤਹਿ!

ਅੱਜ ਏਨੇ ਸਾਲਾਂ ਮਗਰੋਂ ਇੱਕ ਪੱਛੜੇ ਪਿੰਡ ਦੀ ਗੋਹਾ-ਕੂੜਾ ਕਰਦੀ ਇੱਕ ਕੁੜੀ ਨੂੰ ਜਦੋਂ ਗੋਰਿਆਂ ਦੇ ਜੁਆਕ ਪੜਾਉਂਦੀ ਨੂੰ ਦੇਖਦਾਂ ਹਾਂ ਤਾਂ ਕੁਝ ਗੱਲਾਂ ਚੇਤੇ ਆ ਜਾਂਦੀਆਂ...!

ਇਸ ਦੁਨੀਆਂ ਦਾ ਕੋਈ ਵੀ ਖੱਬੀ-ਖ਼ਾਂ ਮਾਂ ਦੀ ਕੁੱਖ ਵਿਚੋਂ ਸਿੱਖ ਕੇ ਨਹੀਂ ਆਉਂਦਾ ਅਤੇ ਹਰ ਕਾਮਯਾਬ ਤੀਵੀਂ ਪਿੱਛੇ ਉਸਦੇ ਨਾਲਦੇ ਵੱਲੋਂ ਉਸ ਲਈ ਸਿਰਜਿਆ ਹੋਇਆ ਇੱਕ ਮਾਫਿਕ ਜਿਹਾ ਸੁਖਾਵਾਂ ਘਰੇਲੂ ਮਾਹੌਲ ਅਤੇ ਪੈਰ ਪੈਰ ਤੇ ਬਿਨਾ ਸ਼ਰਤ ਦਿੱਤੀ ਗਈ ਇਮਾਨਦਾਰ ਸੁਪੋਰਟ ਹੀ ਹੁੰਦੀ ਏ!

ਸੋ ਦੋਸਤੋ ਰੂਹਾਨੀ ਅਤੇ ਜਿਸਮਾਨੀ ਮੁਹੱਬਤ ਵਿਚ ਬੱਸ ਇਹੀ ਫਰਕ ਹੁੰਦਾ...!

ਰੂਹਾਨੀ ਮੁਹੱਬਤ ਹਯਾਤੀ ਦੇ ਲੰਮੇ ਸਫ਼ਰ ਵਿਚ ਨਿੱਕੇ-ਮੋਟੇ ਗੁੱਸੇ ਗਿਲੇ ਅਤੇ ਨਫ਼ੇ ਨੁਕਸਾਨ ਪਾਸੇ ਰੱਖ ਸਿਵਿਆਂ ਦੀ ਰਾਖ ਤੱਕ ਸਾਥ ਨਿਭਾਉਂਦੀ ਏ...! ਤੇ ਜਿਸਮਾਨੀ ਮੁਹੱਬਤ ਸਰੀਰ ਦੀ ਵਕਤੀ ਭੁੱਖ ਮਿਟ ਜਾਣ ਮਗਰੋਂ ਇੱਕ ਦੂਜੇ ਤੋਂ ਅੱਕ ਵੱਖ ਹੋਣ ਲਈ ਕੋਈ ਨਾ ਕੋਈ ਬਹਾਨਾ ਲੱਭ ਹੀ ਲਿਆ ਕਰਦੀ ਏ...!

ਕਈ ਵਕਤੀ ਮੁਹੱਬਤਾਂ ਅਦਾਲਤਾਂ ਦੇ ਕਟੱਹਰਿਆਂ ਵਿਚ ਖੱਜਲ ਖਵਾਰ ਹੁੰਦੀਆਂ ਅੱਜ ਵੀ ਅਕਸਰ ਹੀ ਵੇਖੀਆਂ ਜਾ ਸਕਦੀਆਂ!

ਸੱਚੇ ਬਿਰਤਾਂਤ ਤੇ ਅਧਾਰਿਤ...

# ਜੇ ਰੱਬ ਇੱਕ ਹੈ ਫਿਰ ਧਰਮ ਤਬਦੀਲੀਆਂ ਦੇ ਝਗੜੇ ਕਿਉਂ?

ਧਰਮ ਕੀ ਹੈ, ਧਰਮ ਨੂੰ ਦਇਆ ਦਾ ਪੁੱਤ ਵੀ ਕਿਹਾ ਜਾਂਦਾ ਹੈ, ਕਿਸੇ 'ਤੇ ਦਇਆ ਕਰਨ, ਕਿਸੇ ਦਾ ਭਲਾ ਕਰਨ, ਪੁੰਨ ਦਾਨ ਕਰਨ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਚੰਗੇ ਕੰਮ ਕਰਨ ਨੂੰ ਧਰਮ ਦੇ ਕੰਮ ਕਿਹਾ ਜਾਂਦਾ ਹੈ, ਗੁਰਬਾਣੀ ਵਿਚ ਦਰਜ ਹੈ, ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ (ਪੰਨਾ ਨੰਬਰ 266) ਪ੍ਰੋ: ਸਾਹਿਬ ਸਿੰਘ ਲਿਖਦੇ ਹਨ ਕਿ ਹੇ ਮਨ ਪ੍ਰਭੂ ਦਾ ਨਾਮ ਜਪ ਤੇ ਪਵਿਤਰ ਆਚਰਣ ਬਣਾ, ਇਹ ਧਰਮ ਸਾਰੇ ਧਰਮਾਂ ਨਾਲੋਂ ਚੰਗਾ ਹੈ। ਉਂਝ ਤਾਂ ਧਰਮ ਅਣਗਿਣਤ ਹੀ ਬਣ ਰਹੇ ਹਨ, ਪਰ

ਹਰਲਾਜ ਸਿੰਘ ਬਹਾਦਰਪੁਰ
ਫੋਨ: 94170-23911

ਜ਼ਿਆਦਾਤਰ ਹਿੰਦੂ, ਮੁਸਲਿਮ, ਸਿੱਖ, ਇਸਾਈ ਆਦਿ ਦੀ ਗੱਲ ਹੀ ਚੱਲਦੀ ਹੈ, ਕਹੇ ਜਾਂਦੇ ਇਨ੍ਹਾਂ ਸਾਰੇ ਧਰਮਾਂ ਵਿਚ ਅੰਧ-ਵਿਸ਼ਵਾਸੀ ਅਤੇ ਗੱਪ ਕਹਾਣੀਆਂ ਦੀ ਬਹੁਤਾਂਤ ਹੁੰਦੀ ਹੈ, ਸਾਰੇ ਆਪਣੇ ਆਪ ਨੂੰ ਵਿਗਿਆਨਕ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹੋਏ ਵਿਗਿਆਨ ਦਾ ਵਿਰੋਧ ਵੀ ਕਰਦੇ ਹਨ। ਸਾਰੇ ਧਰਮਾਂ ਵਾਲੇ ਇਹ ਵੀ ਕਹਿੰਦੇ ਹਨ ਕਿ ਰੱਬ ਇੱਕ ਹੀ ਹੈ, ਇਹ ਵੀ ਕਿਹਾ ਜਾਂਦਾ ਹੈ ਕਿ ਵੱਖਰੋ-ਵੱਖਰੇ ਧਰਮਾਂ ਵੱਲੋਂ ਲਏ ਜਾਂਦੇ ਵੱਖੋ-ਵੱਖਰੇ ਨਾਮ ਜਿਵੇਂ ਕਿ ਰਾਮ, ਅੱਲ੍ਹਾ, ਵਾਹਿਗੁਰੂ, ਗੌਡ ਆਦਿ ਇੱਕ ਹੀ ਹਨ ਅਤੇ ਇੱਕੋ ਹੀ ਰੱਬ ਦੇ ਨਾਮ ਹਨ, ਸਾਰੇ ਧਰਮਾਂ ਦੇ ਪ੍ਰਚਾਰਕ ਰੱਬ ਨੂੰ ਮੰਨਣ ਦੀ ਅਤੇ ਧਰਮ ਦੇ (ਚੰਗੇ) ਕੰਮ ਕਰਨ ਦੀ ਸਿੱਖਿਆ ਦਿੰਦੇ ਹਨ, ਸਾਰੇ ਹੀ ਇਹ ਪ੍ਰਚਾਰ ਕਰਦੇ ਹਨ ਕਿ ਨਸ਼ੇ ਨਾ ਕਰੋ, ਝੂਠ ਨਾ ਬੋਲੋ, ਕਿਸੇ ਦਾ ਹੱਕ ਨਾ ਮਾਰੋ, ਠੱਗੀ ਚੋਰੀ ਨਾ ਕਰੋ, ਮਾਂ ਪਿਉ ਦੀ ਸੇਵਾ ਕਰੋ ਆਦਿ, ਹਰ ਮਨੁੱਖ ਹੀ ਕਿਸੇ ਨਾ ਕਿਸੇ ਧਰਮ ਨੂੰ ਮੰਨਦਾ ਵੀ ਹੈ, ਕੁੱਝ ਗਿਣਤੀ ਦੇ ਲੋਕ ਹੋਣਗੇ ਜੋ ਕਹਿੰਦੇ ਹਨ ਕਿ ਅਸੀਂ ਕਿਸੇ ਰੱਬ ਜਾਂ ਧਰਮ ਨੂੰ ਨਹੀਂ ਮੰਨਦੇ, ਪਰ ਚੰਗੇ ਕੰਮ ਕਰਨ ਦੀ ਉਹ ਵੀ ਹਾਮੀ ਭਰਦੇ ਹਨ, ਫਿਰ ਸਵਾਲ ਪੈਦਾ ਹੁੰਦੈ ਕਿ ਮਾੜੇ ਕੰਮ ਕਰਨ ਵਾਲੇ ਕੌਣ ਹਨ? ਇਹ ਲੋਕ ਕਿੱਥੋਂ ਆਏ ਹਨ, ਕਿਉਂਕਿ ਮਾੜੇ ਕੰਮ ਕਰਨ ਦੀ ਸਿੱਖਿਆ ਤਾਂ ਕੋਈ ਵੀ ਧਰਮ ਨਹੀਂ ਦੇ ਰਿਹਾ, ਫਿਰ ਇਹ ਵੀ ਮੰਨਣਾ ਪਵੇਗਾ ਕਿ ਮਾੜੇ ਲੋਕ ਵੀ ਸਾਡੇ ਕਹੇ ਜਾਂਦੇ ਧਰਮੀਆਂ ਦੇ ਵਿਚੋਂ ਹੀ ਹਨ।

ਮੈਨੂੰ ਤਾਂ ਲੱਗਦਾ ਹੈ ਕਿ ਇਹ ਵੱਖੋ-ਵੱਖਰੇ ਧਰਮਾਂ ਦੀਆਂ ਕਾਢਾਂ ਸਮੇਂ ਸਮੇਂ ਮਨੁੱਖਾਂ ਵੱਲੋਂ ਹੀ ਕੱਢੀਆਂ ਗਈਆਂ ਹਨ ਅਤੇ ਇਹ ਨਿਕਲੀਆਂ ਵੀ ਇੱਕ ਦੂਜੇ ਦੇ ਵਿਰੋਧ ਦੇ ਵਿਚੋਂ ਹੀ ਹਨ, ਜਦੋਂ ਕਿਸੇ ਨੂੰ ਪਹਿਲੇ ਕਿਸੇ ਧਰਮ ਦੀ ਗੱਲ ਚੰਗੀ ਨਾ ਲੱਗੀ ਤਾਂ ਉਸ ਨੇ ਆਪਣਾ ਵੱਖਰਾ ਰਾਹ ਚੁਣ ਲਿਆ, ਹੌਲੀ ਹੌਲੀ ਕੁੱਝ ਲੋਕ ਉਸ ਦੇ ਮਗਰ ਹੋ ਤੁਰੇ, ਉਨ੍ਹਾਂ ਨੇ ਉਸ ਨੂੰ ਆਪਣਾ ਧਰਮ ਗੁਰੂ ਮੰਨ ਲਿਆ, ਜਦੋਂ ਕਿਸੇ ਨੂੰ ਉਸ ਵਿਚ ਕੁੱਝ ਘਾਟ ਨਜ਼ਰ ਆਈ ਤਾਂ ਕਿਸੇ ਨੇ ਉਸ ਨੂੰ ਛੱਡ ਕੇ ਆਪਣਾ ਹੋਰ ਵੱਖਰਾ ਮੱਤ ਤੋਰ ਲਿਆ, ਇਸੇ ਤਰ੍ਹਾਂ ਧਰਮਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਗਿਆ। ਜਿਵੇਂ ਕਿ ਸਿੱਖ ਧਰਮ ਦੀ ਹੀ ਉਦਾਹਰਣ ਲੈ ਲਈਏ, ਤਾਂ ਨਿਰੰਕਾਰੀਏ, ਨਾਮਧਾਰੀਏ, ਬਿਆਸ ਵਾਲੇ ਆਦਿ ਸਾਰੇ ਸਿੱਖਾਂ ਵਿਚੋਂ ਹੀ ਵੱਖ ਹੋਏ ਹਨ, ਅੱਗੇ ਬਿਆਸ ਵਾਲਿਆਂ ਵਿਚੋਂ ਸਿਰਸੇ ਵਾਲਾ ਵੱਖ ਹੋ ਗਿਆ, ਸਿਰਸੇ ਡੇਰੇ ਵਿਚੋਂ ਵੀ ਇੱਕ ਹੋਰ ਬ੍ਰਾਂਚ ਬਣ ਗਈ ਹੈ, ਸਾਰਿਆਂ ਨੇ ਆਪਣੀ ਵੱਖੋ-ਵੱਖਰੀ ਮਰਯਾਦਾ ਸ਼ੁਰੂ ਕਰ ਲਈ ਹੈ, ਚਲੋ ਇਨ੍ਹਾਂ ਨੂੰ ਤਾਂ ਅੱਜ ਸਿੱਖਾਂ ਦੇ ਵਿਰੋਧੀ ਮੰਨਿਆਂ ਜਾਂਦਾ ਹੈ, ਇਨ੍ਹਾਂ ਤੋਂ ਇਲਾਵਾ ਸਿੱਖ ਕਹਾਉਣ ਵਾਲਿਆਂ ਦੀਆਂ ਕਿੰਨੀਆਂ ਸੰਸਥਾਵਾਂ ਬਣ ਚੁੱਕੀਆਂ ਹਨ, ਸਾਰਿਆਂ ਦੀਆਂ ਆਪੋ-ਆਪਣੀਆਂ ਰਹਿਤ ਮਰਿਯਾਦਾ ਹਨ, ਸਾਰੇ ਆਪਣੇ-ਆਪ ਨੂੰ ਸਹੀ ਸਿੱਖ, ਪੰਥਕ ਅਤੇ ਦੂਜੇ ਨੂੰ ਪੰਥ ਦਾ ਵਿਰੋਧੀ ਸਮਝਦੇ ਹਨ, ਬੱਸ ਇਹੀ ਹਾਲ ਹੈ ਸਾਰੇ ਧਰਮਾਂ ਦਾ। ਅਸਲ ਵਿਚ ਕਹੇ ਜਾਂਦੇ ਧਰਮਾਂ ਨੇ ਜਿੱਥੇ ਇੱਕ ਰੱਬ ਪੈਦਾ ਕੀਤਾ ਹੈ ਉੱਥੇ ਇੱਕ ਰੱਬ ਦੇ ਪ੍ਰਚਾਰ ਦੇ ਨਾਮ ਹੇਠ ਰੱਬ ਨੂੰ ਵੰਡਣ ਵਾਲੇ ਵੀ ਇਹ ਧਰਮ ਹੀ ਹਨ। ਕਹਿਣ ਨੂੰ ਬੇਸ਼ੱਕ ਸਾਰੇ ਧਰਮ ਇੱਕੋ ਰੱਬ ਦੀ ਗੱਲ ਕਰਦੇ ਹਨ ਅਤੇ ਸਾਰੇ ਹੀ ਲੋਕ ਭਲਾਈ ਦੇ ਕੰਮ ਕਰਨ ਦੀ ਸੇਧ ਦਿੰਦੇ ਹਨ ਪਰ ਇਨ੍ਹਾਂ ਸਾਰਿਆਂ ਦੇ ਆਪੋ-ਆਪਣੀ ਮੱਤ ਅਨੁਸਾਰ ਆਪਣੇ ਰੱਬ ਵੱਡੇ ਅਤੇ ਵੱਖਰੇ ਹਨ, ਇਨ੍ਹਾਂ ਦੇ ਆਪੋ-ਆਪਣੇ ਰੱਬਾਂ ਨੂੰ ਖੁਸ਼ ਕਰਨ ਦੇ ਧਾਰਮਿਕ ਨਿਯਮ ਵੀ ਵੱਖੋ-ਵੱਖ ਹਨ, ਜੇ ਰੱਬ ਇੱਕ ਹੈ ਤਾਂ ਉਸ ਦੀ ਮਰਯਾਦਾ ਵੀ ਇੱਕ ਹੀ ਹੋਣੀ ਚਾਹੀਦੀ ਸੀ, ਕਿਸੇ ਧਰਮ ਦੇ ਰੱਬ ਨੂੰ ਕੇਸ (ਵਾਲ) ਕੱਟਣ ਤੇ ਕੋਈ ਇਤਰਾਜ ਨਹੀਂ ਹੈ, ਕਿਸੇ ਧਰਮ ਵਿਚ ਕੇਸ ਕੱਟਣਾ ਜੁਰਮ ਹੈ, ਅਸਲ ਵਿਚ ਇਹ ਸਾਰੇ ਬਾਹਰੋਂ-ਬਾਹਰੋਂ ਦੂਜੇ ਧਰਮਾਂ ਦਾ ਸਤਿਕਾਰ ਕਰਨ ਦੀਆਂ ਗੱਲਾਂ ਤਾਂ ਜਰੂਰ ਕਰਦੇ ਹਨ ਪਰ ਅੰਦਰੋਂ ਇੱਕ ਦੂਜੇ ਨੂੰ ਨਫਰਤ ਹੀ ਕਰਦੇ ਹਨ, ਨਫਰਤ ਵੀ ਇੰਨੀ ਹੈ ਕਿ ਇੱਕ ਦੂਜੇ ਨੂੰ ਖਤਮ ਕਰਕੇ ਸਿਰਫ ਆਪਣੇ ਧਰਮ ਨੂੰ ਹੀ ਵੇਖਣਾ ਪਸੰਦ ਕਰਦੇ ਹਨ, ਹਿੰਦੂ ਸੱਭ ਨੂੰ ਹਿੰਦੂ ਬਣਾਉਣਾ ਚਾਹੁੰਦੇ ਹਨ, ਮੁਸਲਿਮ ਸੱਭ ਨੂੰ ਮੁਸਲਿਮ, ਸਿੱਖ ਸੱਭ ਨੂੰ ਸਿੱਖ ਅਤੇ ਇਸਾਈ ਸੱਭ ਨੂੰ ਇਸਾਈ ਬਣਾਉਣਾ ਚਾਹੁੰਦੇ ਹਨ। ਪਰ ਇੰਨਾ ਵਿਰੋਧ ਹੋਣ ਦੇ ਵਾਬਜੂਦ ਇਨ੍ਹਾਂ ਸਾਰਿਆਂ ਦੀ ਇੱਕ ਗੱਲ ਸਾਂਝੀ ਵੀ ਹੈ, ਕਿ ਇਹ ਧਰਮ ਨੂੰ ਨਾ ਮੰਨਣ ਵਾਲਿਆਂ ਨੂੰ ਸੱਭ ਤੋਂ ਵੱਧ ਮਾੜਾ ਮੰਨਦੇ ਹਨ, ਇਸੇ ਲਈ ਇਹ ਇੱਕ ਗੱਲ ਜਰੂਰ ਕਹਿੰਦੇ ਹਨ ਕਿ ਮਨੁੱਖ ਨੂੰ ਧਰਮੀ ਬਣਨਾ ਚਾਹੀਦਾ ਹੈ, ਚਾਹੇ ਤੁਸੀਂ ਕਿਸੇ ਵੀ ਧਰਮ ਨੂੰ ਮੰਨੋ ਪਰ ਮੰਨੋ ਜਰੂਰ, ਇਹ ਨਹੀਂ ਚਾਹੁੰਦੇ ਕਿ ਕੋਈ ਵੀ ਬੰਦਾ ਇਨ੍ਹਾਂ ਦੇ ਰੱਬ ਵਾਲੇ ਠੱਪੇ ਤੋਂ ਬਗੈਰ ਦਿਸੇ। ਇਹ ਵੀ ਕਿਹਾ ਜਾਂਦਾ ਹੈ ਕਿ ਹਿੰਦੂ ਸੱਚਾ ਹਿੰਦੂ ਬਣੇ, ਮੁਸਲਿਮ ਸੱਚਾ ਮੁਸਲਿਮ ਬਣੇ, ਸਿੱਖ ਸੱਚਾ ਸਿੱਖ ਬਣੇ ਜਾਂ ਇਸਾਈ ਸੱਚਾ ਇਸਾਈ ਬਣੇ, ਭਾਵ ਕਿ



ਤੁਸੀਂ ਜਿਸ ਵੀ ਧਰਮ ਨੂੰ ਮੰਨਦੇ ਹੋਂ ਉਸ ਨੂੰ ਸੱਚੇ ਦਿਲੋਂ ਮੰਨੋ, ਉਸ ਵਿਚ ਸ਼ਰਧਾ ਰੱਖੋ, ਉਸ ਦੀਆਂ ਧਾਰਨਾਵਾਂ ਤੇ ਕਿੰਤੂ ਨਾ ਕਰੋ, ਜੋ ਵੀ ਹੈ ਉਸ ਨੂੰ ਸੌ ਪ੍ਰਤੀਸ਼ਤ ਸਹੀ ਮੰਨੋ। ਜਦੋਂ ਰੱਬ ਇੱਕ ਹੈ ਸਾਰੇ ਧਰਮ ਇੱਕੋ ਰੱਬ ਦੀ ਗੱਲ ਕਰ ਰਹੇ ਹਨ, ਫਿਰ ਜਦੋਂ ਕੋਈ ਇੱਕ ਧਰਮ ਨੂੰ ਛੱਡ ਕੇ ਦੂਜੇ ਧਰਮ ਵਿਚ ਚਲਿਆ ਜਾਂਦਾ ਹੈ ਤਾਂ ਇਨ੍ਹਾਂ ਧਰਮੀਆਂ ਨੂੰ ਤਕਲੀਫ ਕਿਉਂ ਹੁੰਦੀ ਹੈ? ਫਿਰ ਇਹ ਕਿਉਂ ਨਹੀਂ ਕਹਿੰਦੇ ਕਿ ਕੋਈ ਗੱਲ ਨਹੀਂ ਹੈ ਰੱਬ ਤਾਂ ਇੱਕ ਹੀ ਹੈ ਸਾਰੇ ਧਰਮ ਇੱਕ ਰੱਬ ਦੀ ਹੀ ਸਿੱਖਿਆ ਦਿੰਦੇ ਹਨ, ਜੇ ਕੋਈ ਦੂਜੇ ਪਾਸੇ ਚਲਾ ਗਿਆ ਤਾਂ ਕੀ ਹੋ ਗਿਆ, ਉਹ ਵੀ ਆਪਣਾ ਹੀ ਭਰਾ ਹੈ, ਜਿਵੇਂ ਕਿ ਜੇ ਕੋਈ ਅੰਗਰੇਜ ਜਾਂ ਹਿੰਦੂ ਪਰਿਵਾਰ ਦਾ ਬੰਦਾ ਸਿੱਖ ਬਣ ਜਾਂਦਾ ਹੈ ਫਿਰ ਤਾਂ ਅਸੀਂ (ਸਿੱਖ) ਉਸ ਦੀ ਪ੍ਰਸੰਸਾਂ ਵਿਚ ਫੋਟੋਆਂ ਸ਼ੇਅਰ ਕਰਦੇ ਹਾਂ। ਪਰ ਜਦੋਂ ਕੋਈ ਸਿੱਖ ਧਰਮ ਨੂੰ ਛੱਡ ਕਿ ਇਸਾਈ ਬਣਦਾ ਹੈ ਫਿਰ ਹਾਹਾਕਾਰ ਮੱਚ ਜਾਂਦੀ ਹੈ, ਫਿਰ ਉਸ ਨੂੰ ਗਦਾਰ ਜਾਂ ਵਿਕੇ ਹੋਣ ਦਾ ਸਰਟੀਫਿਕੇਟ ਇੱਕ ਮਿੰਟ ਵਿਚ ਦੇ ਦਿੰਦੇ ਹਾਂ। ਭਾਰਤ ਵਿਚ ਹਿੰਦੂ ਧਰਮ ਦੇ ਲੋਕਾਂ ਵੱਲੋਂ ਮੁਸਲਿਮ ਧਰਮ ਦੇ ਲੋਕਾਂ ਨਾਲ ਹੱਦੋਂ ਵੱਧ ਨਫਰਤ ਕੀਤੀ ਜਾਂਦੀ ਹੈ, (ਇਸੇ ਤਰਾਂ ਪਾਕਿਸਤਨ ਵਿਚ ਦੂਜੇ ਧਰਮਾਂ ਦੇ ਲੋਕਾਂ ਨਾਲ ਕੀਤੀ ਜਾਂਦੀ ਹੈ) ਜੋ ਸ਼ੋਸਲ ਮੀਡੀਆ ਤੇ ਆਮ ਹੀ ਵੇਖਣ ਨੂੰ ਮਿਲ ਜਾਂਦੀ ਹੈ। ਕਿਵੇਂ ਮੁਸਲਿਮ ਕੁੜੀਆਂ ਉੱਤੇ ਰੰਗ ਪਾਏ ਜਾਂਦੇ ਹਨ। ਮੁਸਲਮਾਨਾਂ ਦੀ ਕੁੱਟ ਮਾਰ ਕਰਕੇ ਉਨ੍ਹਾਂ ਤੋਂ ਜੈ ਸ਼੍ਰੀ ਰਾਮ ਦੇ ਨਾਹਰੇ ਲਗਵਾਏ ਜਾਂਦੇ ਹਨ। ਜਦੋਂ ਰੱਬ ਇੱਕ ਹੈ ਫਿਰ ਹਿੰਦੂ ਲੋਕ ਮੁਸਲਮਾਨਾ ਨੂੰ ਇੱਕ ਰੱਬ ਦੇ ਬੱਚੇ ਮੰਨ ਕੇ ਪਿਆਰ ਕਿਉਂ ਨਹੀਂ ਕਰਦੇ? ਇਸਾਈ ਪ੍ਰਚਾਰਕ ਜੋ ਲੋਕਾਂ ਨੂੰ ਧਰਮ ਦੇ ਨਾਮ ਤੇ ਗੁਮਰਾਹ ਕਰਕੇ ਉਨ੍ਹਾਂ ਨੂੰ ਇਸਾਈ ਬਣਾਉਣ ਲੱਗੇ ਹੋਏ ਹਨ, ਅਜਿਹੇ ਧਰਮ ਬਦਲਣ ਵਾਲੇ ਲੋਕਾਂ ਦੀ ਉਹ ਆਰਥਿਕ ਤੌਰ ਤੇ ਸਹਾਇਤਾ ਵੀ ਕਰਦੇ ਹਨ। ਜੇ ਰੱਬ ਅਤੇ ਧਰਮ ਇੱਕ ਹੀ ਹੈ ਫਿਰ ਕਿਸੇ ਦੀ ਸਹਾਇਤਾ ਕਰਨ ਲਈ ਉਸ ਦਾ ਧਰਮ ਬਦਲਾਉਣ ਦੀ ਕੀ ਲੋੜ ਹੈ, ਕਿਸੇ ਵੀ ਲੋੜਬੰਦ ਦੀ ਮੱਦਦ ਉਸ ਦੇ ਹਿੰਦੂ, ਮੁਸਲਿਮ ਜਾਂ ਸਿੱਖ ਹੁੰਦੇ ਹੋਏ ਵੀ ਕੀਤੀ ਜਾ ਸਕਦੀ ਹੈ, ਕਿਉਂਕਿ ਸਾਰੇ ਮਨੁੱਖ ਇੱਕੋ ਰੱਬ ਦੀ ਸੰਤਾਨ ਤਾਂ ਹਨ। ਜਦੋਂ ਅਸੀਂ ਸਾਰੇ ਇੱਕ ਰੱਬ ਦੀ ਸੰਤਾਨ ਹਾਂ ਅਤੇ ਜੇ ਰੱਬ ਇੱਕ ਹੈ ਫਿਰ ਧਰਮ ਤਬਦੀਲੀਆਂ ਦੇ ਝਗੜੇ ਕਿਉਂ? ਅਸਲ ਵਿਚ ਕਹਿਣ ਨੂੰ ਤਾਂ ਭਾਵੇਂ ਕੋਈ ਕੁੱਝ ਵੀ ਕਹੀਂ ਜਾਵੇ ਪਰ ਸਾਰੇ ਆਪੋ-ਆਪਣੇ ਧਰਮ (ਫਿਰਕੇ) ਦੇ ਲੋਕਾਂ ਨੂੰ ਚੰਗੇ ਅਤੇ ਵਿਸ਼ੇਸ਼ ਸਮਝਦੇ ਹਨ, ਸਾਰੇ ਹੀ ਕਿਸੇ ਦਾ ਆਪਣੇ ਧਰਮ ਵਿਚ ਆਉਣ 'ਤੇ ਸਵਾਗਤ ਅਤੇ ਛੱਡ ਕੇ ਜਾਣ ਤੇ ਵਿਰੋਧ ਕਰਦੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਸਾਡੇ ਕਹੇ ਜਾਂਦੇ ਧਰਮੀਆਂ ਦਾ ਰੱਬ ਅਤੇ ਧਰਮ ਇੱਕ ਦੂਜੇ ਦਾ ਵਿਰੋਧੀ ਹੈ। ਇਹ ਕਹੇ ਜਾਂਦੇ ਸਾਰੇ ਧਰਮ (ਫਿਰਕੇ) ਸਿਆਸੀ ਪਾਰਟੀਆਂ ਵਾਂਗ ਹੀ ਹਨ। ਜਿਵੇਂ ਕਿਸੇ ਪਾਰਟੀ ਨੂੰ ਛੱਡ ਕੇ ਜਾਣ ਵਾਲਾ ਛੱਡੀ ਹੋਈ ਪਾਰਟੀ ਲਈ ਗਦਾਰ ਅਤੇ ਜਿਸ ਪਾਰਟੀ ਵਿਚ ਜਾਂਦਾ ਹੈ ਉਸ ਲਈ ਉਹ ਹੀਰਾ ਹੁੰਦਾ ਹੈ, ਨਵਾਂ ਧਰਮ ਨਵੀਂ ਪਾਰਟੀ (ਆਮ ਆਦਮੀ ਪਾਰਟੀ) ਵਾਂਗ ਹੁੰਦਾ ਹੈ। ਲੋਕ ਨਵੇਂ ਦੇ ਚਾਅ ਵਿਚ ਖਿਚੇ ਆਉਂਦੇ ਹਨ ਪਰ ਉਹ ਵੀ ਪਹਿਲਿਆਂ ਵਰਗਾ ਹੀ ਹੁੰਦਾ ਹੈ। ਇਸੇ ਤਰ੍ਹਾਂ ਨਵੇਂ ਧਰਮਾਂ (ਡੇਰਿਆਂ) ਵੱਲ ਲੋਕ ਖਿਚੇ ਤਾਂ ਆਉਂਦੇ ਹਨ ਪਰ ਉਹ ਵੀ ਪਹਿਲਿਆਂ ਵਿਚੋਂ ਆਇਆ ਹੋਣ ਕਾਰਨ ਉਨ੍ਹਾਂ ਵਰਗਾ ਹੀ ਹੁੰਦਾ ਹੈ, ਲੋਕਾਂ ਦੇ ਪੱਲੇ ਫਿਰ ਨਿਰਾਸ਼ਾ ਹੀ ਪੈਂਦੀ ਹੈ, ਪਰ ਸਾਡੇ ਅੰਧਵਿਸ਼ਵਾਸੀ ਹੋਣ ਦਾ ਫਾਇਦਾ ਉਠਾ ਕੇ ਉਹ ਸਥਾਪਤ ਹੋ ਜਾਂਦੇ ਹਨ। ਸਿੱਖ ਮੱਤ ਦੇ ਡੇਰਿਆਂ ਵਿਚੋਂ ਸਿੱਖਿਆ ਲੈ ਕੇ ਧਰਮੀ ਸਿੱਖ ਬਣੇ ਅਤੇ ਸਿੱਖ ਮੱਤ ਦੇ ਡੇਰਿਆਂ ਦੇ ਹੀ ਵਿਰੋਧ ਦਾ ਸ਼ਿਕਾਰ ਹੋਏ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਬਦਲੇ ਵਿਚਾਰਾਂ ਤੋਂ ਲੱਗਦਾ ਸੀ ਕਿ ਭਾਈ ਸਾਹਿਬ ਲੋਕਾਂ ਨੂੰ ਧਾਰਮਿਕ ਪਖੰਡਾਂ ਵਿਚੋਂ ਬਾਹਰ ਕੱਢਣ ਲਈ ਕੁੱਝ ਨਵਾਂ ਕਰਨਗੇ, ਪਰ ਉਹ ਵੀ ਹੁਣ ਇਸਾਈ ਪ੍ਰਚਾਰਕਾਂ ਵੱਲੋਂ ਕਰਵਾਏ ਜਾ ਰਹੇ ਧਰਮ ਪਰਿਵਰਤਨ ਨੂੰ ਰੋਕ ਕੇ ਲੋਕਾਂ ਨੂੰ ਮੁੜ ਸਿੱਖ ਧਰਮ ਨਾਲ ਜੋੜਨ ਲਈ ਪ੍ਰਚਾਰ ਕਰਨਗੇ। ਭਾਵ ਕਿ ਲੋਕਾਂ ਨੂੰ ਸਿੱਖ ਧਰਮ ਵਾਲੇ ਰੱਬ ਨਾਲ ਜੋੜ ਕੇ ਧਰਮੀ ਬਣੇ ਰਹਿਣ ਲਈ ਪ੍ਰੇਰਣਾ ਦੇਣਗੇ। ਇਸ ਲਈ ਇੱਥੋਂ ਵੀ ਓਹੀ ਆਮ ਆਦਮੀ ਪਾਰਟੀ ਦੇ ਬਦਲਾਅ ਵਾਲੀ ਗੱਲ ਹੀ ਨਿਕਲੀ। ਕਿੰਨਾ ਚੰਗਾ ਹੁੰਦਾ ਜੇ ਭਾਈ ਸਾਹਿਬ ਮਨੁੱਖ ਦੇ ਮੋਢਿਆਂ ਤੋਂ ਧਰਮ ਦਾ ਭਾਰ ਬਦਲਣ ਦੀ ਥਾਂ ਮੋਢਿਆਂ ਨੂੰ ਧਰਮਾਂ ਦੇ ਭਾਰ ਤੋਂ ਮੁਕਤ ਕਰ ਕੇ ਮਨੁੱਖ ਨੂੰ ਠੱਪਿਆਂ ਵਾਲੇ ਧਰਮ ਤੋਂ ਮੁਕਤ ਕਰਕੇ ਸਿਰਫ ਮਨੁੱਖ ਬਣਨ ਦੀ ਪ੍ਰੇਰਨਾ ਦਿੰਦੇ, ਪਰ ਕੁੱਝ ਨਹੀਂ ਹੋਇਆ। ਮੈਨੂੰ ਤਾਂ ਇਹੀ ਲੱਗਦਾ ਹੈ ਕਿ ਬੰਦੇ ਨੂੰ ਕੁੱਝ ਵੀ ਬਣਨ ਦੀ ਲੋੜ ਨਹੀਂ ਹੈ, ਬੰਦੇ ਨੂੰ ਸਿਰਫ ਬੰਦਾ ਬਣ ਕੇ ਹੀ ਰਹਿਣਾ ਚਾਹੀਦਾ ਹੈ, ਜੇ ਅਸੀਂ ਸਾਰੇ ਧਰਮਾਂ ਨੂੰ ਤਿਆਗ ਕੇ ਸਿਰਫ ਬੰਦੇ (ਮਨੁੱਖ) ਬਣ ਜਾਈਏ ਤਾਂ ਸਾਡੇ ਵਿਚੋਂ ਧਾਰਮਿਕ ਵਖਰੇਵਿਆਂ ਵਾਲੀ ਨਫਰਤ ਖਤਮ ਹੋ ਸਕਦੀ ਹੈ। ਅਸੀਂ ਸਾਰੇ ਮਨੁੱਖ ਹੋ ਕੇ ਮਨੁੱਖਤਾ ਨੂੰ ਪਿਆਰ ਕਰੀਏ, ਅਸੀਂ ਸਾਰੇ ਬੰਦੇ ਇੱਕੋ ਜਿਹੇ ਹੀ ਹਾਂ, ਸਾਡੇ ਸਾਰਿਆਂ ਦੀਆਂ ਸਰੀਰਕ ਲੋੜਾਂ ਵੀ ਇੱਕ ਹੀ ਹਨ, ਸਾਰਿਆਂ ਦੇ ਦੁੱਖ ਸੁੱਖ ਵੀ ਇੱਕੋ ਜਿਹੇ ਹਨ, ਫਿਰ ਸਾਨੂੰ ਵੱਖੋ ਵੱਖਰੇ ਧਰਮ ਦੇ ਠੱਪਿਆਂ ਦੀ ਕੀ ਲੋੜ ਹੈ। ਪਰ ਪਤਾ ਨਹੀਂ ਅਸੀਂ ਬੰਦੇ (ਮਨੁੱਖ) ਹੋਣ ਤੇ ਸੰਤੁਸਟ ਕਿਉਂ ਨਹੀਂ ਹਾਂ, ਅਸੀਂ ਬੰਦੇ ਤੋਂ ਵੱਖਰਾ ਹੋਰ ਕੁੱਝ ਕਿਉਂ ਬਣਨਾ ਚਾਹੁੰਦੇ ਹਾਂ ਜਿਵੇਂ ਕਿ ਹਿੰਦੂ, ਮੁਸਲਿਮ, ਸਿੱਖ ਜਾਂ ਇਸਾਈ ਆਦਿ। ਅਸਲ ਵਿਚ ਕਿਸੇ ਵੀ ਧਰਮ ਦਾ ਆਸਰਾ ਲੈਣਾ ਜਿੱਥੇ ਆਮ ਮਨੁੱਖ ਦੀ ਮਾਨਸਿਕ ਕਮਜੋਰੀ ਹੈ, ਉੱਥੇ ਧਾਰਮਿਕ ਆਗੂਆਂ ਧੰਦਾ ਹੈ, ਧਰਮ ਦੇ ਪਰਦੇ ਹੇਠ ਬਹੁਤ ਗੁਨਾਹ ਛੁੱਪ ਜਾਂਦੇ ਹਨ। ਧਰਮ ਦੇ ਨਾਮ ਤੇ ਕੀਤੇ ਕਤਲ ਵੀ ਧਾਰਮਿਕ ਕਾਰਜ (ਸੇਵਾ) ਹੋ ਜਾਂਦੇ ਹਨ। ਕੀ ਕਿਸੇ ਬੰਦੇ ਦੇ ਹਿੰਦੂ ਮੁਸਲਿਮ ਸਿੱਖ ਜਾਂ ਇਸਾਈ ਬਣਨ ਨਾਲ ਉਸ ਦੀ ਕੋਈ ਬਿਮਾਰੀ ਠੀਕ ਹੋ ਜਾਂਦੀ ਹੈ? ਜਾਂ ਉਹ ਕੁੱਝ ਖਾਣ-ਪੀਣ ਤੋਂ ਬਗੈਰ ਜਿਉਂਦਾ ਰਹਿ ਸਕਦਾ ਹੈ? ਜਾਂ ਕੋਈ ਐਸੀ ਦਵਾਈ ਹੋਵੇ ਜੋ ਵੱਖ-ਵੱਖ ਧਰਮ ਵਾਲਿਆਂ ਤੇ ਵੱਖਰਾ ਵੱਖਰਾ ਅਸਰ ਕਰਦੀ ਹੋਵੇ, ਜਾਂ ਕਿਸੇ ਧਰਮ ਵਾਲੇ ਨੂੰ ਪਾਣੀ ਡੋਬਦਾ ਨਾ ਹੋਵੇ ਜਾਂ ਕਿਸੇ ਨੂੰ ਅੱਗ ਸਾੜਦੀ ਨਾ ਹੋਵੇ, ਜਾਂ ਕੋਈ ਆਕਸੀਜਨ ਤੋਂ ਵਗੈਰ ਵੀ ਸਾਹ ਲੈ ਸਕਦਾ ਹੋਵੇ, ਫਿਰ ਜਦੋਂ ਸਾਡੇ ਸਾਰਿਆਂ ਦੇ ਸਰੀਰਾਂ ਦੀ ਲੋੜ ਇੱਕੋ ਜਿਹੀ ਹੈ ਫਿਰ ਸਾਨੂੰ ਵੱਖੋ-ਵੱਖਰੇ ਧਰਮਾਂ ਦੀ ਕੀ ਲੋੜ ਹੈ। ਨਾਲੇ ਸਾਰੇ ਧਰਮ ਇਹ ਵੀ ਕਹਿੰਦੇ ਹਨ ਕਿ ਬੰਦੇ ਨੂੰ ਚੰਗੇ ਕੰਮ ਕਰਨੇ ਚਾਹੀਦੇ ਹਨ, ਕਿਸੇ ਵੀ ਧਰਮੀ ਨੂੰ ਉਹ ਸਾਰੇ ਚੰਗੇ ਕੰਮ ਕਰਨੇ ਜਰੂਰੀ ਹਨ ਜੋ ਹਰ ਇੱਕ ਬੰਦੇ ਲਈ ਜਰੂਰੀ ਹਨ। ਜੇ ਉਹ ਧਰਮੀ ਬਣ ਕੇ ਚੰਗੇ ਕਰਮ ਨਹੀਂ ਕਰਦਾ ਫਿਰ ਉਹ ਧਰਮੀ ਵੀ ਨਹੀਂ ਬਣ ਸਕਦਾ, ਜਾਂ ਕਹਿ ਲਓ ਕਿ ਧਰਮ ਵੀ ਉਸ ਨੂੰ ਪਾਰ ਨਹੀਂ ਲੰਘਾ ਸਕਦਾ। ਜਦੋਂ ਚੰਗੇ ਕਰਮਾਂ (ਕੰਮਾਂ) ਨਾਲ ਹੀ ਧਰਮੀ ਬਣਿਆ ਜਾ ਸਕਦਾ ਹੈ ਜਾਂ ਚੰਗੇ ਕੰਮਾਂ ਨੇ ਹੀ ਪਾਰ ਲੰਘਾਉਣਾ ਹੈ, ਜਦੋਂ ਚੰਗੇ ਕੰਮਾਂ ਨੇ ਹੀ ਚੰਗਾ ਬਣਾਉਣਾ ਹੈ ਫਿਰ ਕਿਉਂ ਨਾ ਬੰਦਾ ਬਣ ਕੇ ਹੀ ਚੰਗੇ ਕੰਮ ਕੀਤੇ ਜਾਣ, ਕਿਸੇ ਧਰਮ ਦਾ ਠੱਪਾ ਲਵਾਉਣ ਦੀ ਕੀ ਲੋੜ ਹੈ, ਬੰਦੇ ਹੋ ਬੰਦੇ ਬਣ ਕੇ ਰਹੋ।

ਕਲਾ ਪਰਿਕਰਮਾ

# ਮਿੱਠੇ ਬੋਲਾਂ ਦਾ ਧਨੀ ਸੀ ਆਸਾ ਸਿੰਘ ਮਸਤਾਨਾ

ਕੁਲਦੀਪ ਸਿੰਘ ਸਾਹਿਲ

ਰਸ ਭਰੀ ਆਵਾਜ਼ 'ਚ ਸੱਭਿਆਚਾਰਕ ਗੀਤ ਗਾਉਣ ਵਾਲੇ ਆਸਾ ਸਿੰਘ ਮਸਤਾਨਾ ਨੂੰ ਸਦਾ ਹੀ ਆਪਣੇ ਮਿੱਠੇ ਬੋਲਾਂ ਤੇ ਸਾਦਗੀ ਲਈ ਯਾਦ ਕੀਤਾ ਜਾਂਦਾ ਹੈ। ਪਦਮਸ਼੍ਰੀ ਗਾਇਕ ਆਸਾ ਸਿੰਘ ਮਸਤਾਨਾ ਦਾ ਜਨਮ 22 ਅਗਸਤ 1927 ਨੂੰ ਸ਼ੇਖੂਪੁਰਾ (ਪਾਕਿਸਤਾਨ) ਵਿਖੇ ਮਾਤਾ ਅੰਮ੍ਰਿਤ ਕੌਰ ਪਿਤਾ ਸ. ਪ੍ਰੀਤਮ ਸਿੰਘ ਦੇ ਘਰ ਹੋਇਆ। 1947 ਦੀ ਭਾਰਤ-ਪਾਕਿ ਵੰਡ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਦਿੱਲੀ ਆ ਕੇ ਰਹਿਣ



ਲੱਗ ਪਿਆ। ਦਿੱਲੀ ਵਿਚ ਹੀ ਉਨ੍ਹਾਂ ਨੇ ਆਪਣੀ ਸੰਗੀਤਕ ਵਿੱਦਿਆ ਉਸਤਾਦ ਪੰਡਿਤ ਦੁਰਗਾ ਪ੍ਰਸਾਦ ਕੋਲੋਂ ਲਈ। ਸੰਗੀਤ ਸਿੱਖਦੇ-ਸਿੱਖਦੇ ਹੀ ਉਨ੍ਹਾਂ ਦੀ ਨੌਕਰੀ ਚਾਂਦਨੀ ਚੌਕ ਦਿੱਲੀ ਵਿਖੇ ਸਰਕਾਰੀ ਬੈਂਕ ਵਿਚ ਲੱਗ ਗਈ।

## ਪਹਿਲਾ ਗੀਤ

ਆਸਾ ਸਿੰਘ ਮਸਤਾਨਾ ਸਕੂਲ ਵਿਚ ਪੜ੍ਹਦੇ ਸਮੇਂ ਸ਼ਰਾਰਤੀ ਕਿਸਮ ਦੇ ਸਨ ਜਿਸ ਕਰ ਕੇ ਉਸਦੇ ਅਧਿਆਪਕਾ ਨੇ ਉਨ੍ਹਾਂ ਦਾ ਨਾਂ ਮਸਤਾਨਾ ਰੱਖ ਦਿੱਤਾ ਅਤੇ ਉਸ ਦਿਨ ਤੋਂ ਬਾਅਦ ਹੀ ਉਨ੍ਹਾਂ ਨੇ ਆਪਣੇ ਨਾਮ ਨਾਲ ਮਸਤਾਨਾ ਲਾਉਣਾ ਸ਼ੁਰੂ ਕਰ ਦਿੱਤਾ ਸੀ।

## ਮਾਣ-ਸਨਮਾਨ

1965 'ਚ ਪੰਜਾਬ ਸਰਕਾਰ ਵੱਲੋਂ ਆਸਾ ਸਿੰਘ ਮਸਤਾਨਾ ਨੂੰ ਚੰਗੇ ਗਾਇਕ ਦਾ ਪੁਰਸਕਾਰ ਦਿੱਤਾ ਗਿਆ। 1985 'ਚ ਭਾਰਤ ਸਰਕਾਰ ਵੱਲੋਂ ਪਦਮ ਸ੍ਰੀ ਐਵਾਰਡ ਨਾਲ ਸਨਮਾਨਿਆ ਗਿਆ।

ਸੰਨ1949 ਵਿਚ ਰੇਡੀਓ ਉੱਪਰ ਉਨ੍ਹਾਂ ਦਾ ਗਾਇਆ ਪਹਿਲਾ ਗੀਤ 'ਤੱਤੀਏ ਹਵਾਏ, ਕਿਹੜੇ ਪਾਸਿਓਂ ਤੂੰ... ਪ੍ਰਸਾਰਿਤ ਹੋਇਆ। 1950 ਵਿਚ ਅੰਮ੍ਰਿਤਸਰ ਦੀ ਧੀ ਸੁਸ਼ੀਲਾ ਨਾਲ ਮਸਤਾਨਾ ਦਾ ਵਿਆਹ ਹੋਇਆ। ਉਨ੍ਹਾਂ ਦੇ ਘਰ ਇਕ ਪੁੱਤਰ ਪਰਮਜੀਤ ਸਿੰਘ ਤੇ ਇਕ ਬੇਟੀ ਰਮਨਦੀਪ ਨੇ ਜਨਮ ਲਿਆ। ਉਨ੍ਹਾਂ ਨੇ ਨੰਦ ਲਾਲ ਨੂਰਪੁਰੀ, ਹਰਚਰਨ ਸਿੰਘ ਪਰਵਾਨਾ, ਧਨੀ ਰਾਮ ਚਾਤ੍ਰਿਕ, ਸ਼ਿਵ ਕੁਮਾਰ ਬਟਾਲਵੀ, ਕੇ.ਦੀਪ ਆਦਿ ਗੀਤਕਾਰਾਂ ਤੋਂ ਇਲਾਵਾ ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ ਆਦਿ ਦੇ ਕਲਾਮਾਂ ਨੂੰ ਵੀ ਆਵਾਜ਼ ਦਿੱਤੀ।

## ਅਨੇਕਾਂ ਸਦਾ ਬਹਾਰ ਸੋਲੋ ਗੀਤ ਗਾਏ

ਉਨ੍ਹਾਂ ਨੇ ਆਪਣੇ ਸੰਗੀਤ ਦੇ ਕਰੀਅਰ ਵਿਚ ਅਨੇਕਾਂ ਹੀ ਸਦਾ ਬਹਾਰ ਸੋਲੋ ਗੀਤ ਵੀ ਗਾਏ। ਜਿਨ੍ਹਾਂ ਵਿੱਚੋ 'ਚੀਚੋ ਚੀਚ ਗਨੇਰੀਆਂ, ਦੋ ਤੇਰੀਆਂ, ਦੋ ਮੇਰੀਆਂ', 'ਕਾਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀਂ', 'ਮੇਲੇ ਨੂੰ ਚੱਲ', 'ਥੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ' ਆਦਿ ਸੋਲੋ ਗੀਤ ਬਹੁਤ ਹੀ ਮਸ਼ਹੂਰ ਹੋਏ। ਉਨ੍ਹਾਂ ਨੇ ਕਈ ਗਾਇਕਾਵਾਂ ਨਾਲ ਹਿੱਟ ਦੋਗਾਣੇ ਵੀ ਗਾਏ। ਉਨ੍ਹਾਂ ਨੇ ਸਟੇਜਾਂ 'ਤੇ ਜ਼ਿਆਦਾਤਰ ਸੁਰਿੰਦਰ ਕੌਰ ਨਾਲ ਹੀ ਗਾਇਆ। ਸੁਰਿੰਦਰ ਕੌਰ ਨਾਲ ਗਾਏ ਉਸਦੇ ਬਹੁਤ ਸਾਰੇ ਦੋਗਾਣੇ ਅਜੇ ਤੱਕ ਵੀ ਰੇਡੀਓ ਦੀ ਸ਼ਾਨ ਬਣੇ ਹੋਏ



ਹਨ ਜੋ ਕਿ ਅਜੇ ਵੀ ਲੋਕਾਂ ਵੱਲੋਂ ਫਰਮਾਇਸ਼ 'ਤੇ ਸੁਣੇ ਜਾਂਦੇ ਹਨ ਜਿਨ੍ਹਾਂ ਵਿੱਚੋਂ 'ਪੰਡਤ ਜੀ ਕੀ ਇਹ ਲਾਲ ਮੇਰਾ, ਮਾਂ ਪਿਓ ਦਾ ਨਾਂ ਚਮਕਾਏਗਾ', 'ਇਹ ਮੁੰਡਾ ਨਿਰਾ ਸਨਿੱਚਰ ਏ', 'ਮੰਨ ਜਾ ਜ਼ਾਲਮਾਂ' ਆਦਿ ਦੋਗਾਣੇ ਕਾਫ਼ੀ ਮਕਬੂਲ ਹੋਏ ।

## ਦੁਨੀਆ ਨੂੰ ਅਲਵਿਦਾ

ਆਪਣੀ ਮੌਤ ਤੋਂ ਪਹਿਲਾਂ ਹੀ ਉਨ੍ਹਾਂ ਨੇ ਇਹ ਗੀਤ ਗਾ ਕੇ ਆਪਣੀ ਮੌਤ ਦਾ ਆਗਾਜ਼ ਕਰ ਦਿੱਤਾ ਸੀ- 'ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ, ਮੇਰੇ ਯਾਰ ਸਭ ਹੁੰਮ-ਹੁੰਮਾ ਕੇ ਚੱਲਣਗੇ। 23 ਮਈ 1999 ਨੂੰ ਆਸਾ ਸਿੰਘ ਮਸਤਾਨਾ 71 ਸਾਲ ਦੀ ਉਮਰ 'ਚ ਇਸ ਦੁਨੀਆ ਨੂੰ ਅਲਵਿਦਾ ਆਖ ਗਏ। .

# ਸੁਰੇਸ਼ ਸ਼ਰਮਾ ਦਾ ਨਵਾਂ ਅੰਦਾਜ਼

ਸ਼ਿਵਨਾਥ ਦਰਦੀ

'ਟੂ ਵੇ' ਤੇ 'ਦਰਭੰਗਾ ਐਕਸਪ੍ਰੈੱਸ' ਵਿਚ ਵੱਖਰੇ ਅੰਦਾਜ਼ ਵਿੱਚ ਨਜ਼ਰ ਆਉਣਗੇ ਅਦਾਕਾਰ ਸੁਰੇਸ਼ ਸ਼ਰਮਾ। ਕਾਮਯਾਬੀ ਦੀ ਪੌੜੀ ਚੜ੍ਹਨ ਲਈ ਬਹੁਤ ਸਾਰੇ ਸੰਘਰਸ਼ਾਂ ਨਾਲ ਮੱਥਾ ਲਾਉਣਾ ਪੈਂਦਾ ਹੈ । ਅਜਿਹੇ ਹੀ ਸੰਘਰਸ਼ਾਂ ਦੀ ਉਪਜ ਹੈ - ਅਦਾਕਾਰ ਸੁਰੇਸ਼ ਕੁਮਾਰ ਸ਼ਰਮਾ। ਸੁਰੇਸ਼ ਕੁਮਾਰ ਸ਼ਰਮਾ ਦਾ ਜਨਮ ਪੰਜਾਬ ਦੇ ਜ਼ਿਲਾ ਜਲੰਧਰ ਦੇ ਪਿੰਡ ਦੌਲਤਪੁਰ ਢੱਡਾ ਤਹਿਸੀਲ ਸ਼ਾਹਕੋਟ ਵਿਖੇ ਪਿਤਾ ਚੰਦਰ ਮੋਹਣ ਸਰਮਾ ਘਰ ਮਾਤਾ ਰੇਖਾ ਕੁਮਾਰੀ ਦੀ ਕੁੱਖੋ ਹੋਇਆ। ਇਹਨਾਂ ਦਾ ਕਲਾ ਦੀ ਇੰਡਸਟ੍ਰੀਜ ਵਿੱਚ ਆਉਣ ਸਮੇਂ ਬਹੁਤ ਸਾਰੇ ਅਜੀਜ ਦੋਸਤਾਂ ਨੇ ਸਾਥ ਦਿੱਤਾ , ਜਿੰਨਾਂ ਵਿੱਚ ਨਿਰਦੇਸ਼ਕ ਗਗਨਦੀਪ ਸਿੰਘ ਡਾਂਗ , ਜਿੰਨਾਂ ਨੇ ਇਹਨਾਂ ਨੂੰ ਚੰਡੀਗੜ੍ਹ ਇੱਕ ਗੀਤ ਦੇ ਫਿਲਮਾਂਕਣ ਵਿੱਚ ਸਾਹਮਣੇ ਆਉਣ ਦਾ ਮੌਕਾ ਦਿੱਤਾ। ਫਿਰ ਓਨਾਂ ਕਈ ਗੀਤਾਂ ਵਿੱਚ ਸ਼ਾਮਿਲ ਹੋਣ ਦਾ ਰਾਹ ਖੋਲ੍ਹਿਆਂ



ਦਿੱਤਾ । ਏਸੇ ਤਰਾਂ ਜਦੋਂ ਸੰਘਰਸ਼ਾਂ ਦੇ ਦਿਨ ਚੱਲ ਰਹੇ ਸਨ ਤਾਂ, ਏਨਾਂ ਦਾ ਇੱਕ ਮੁਹੱਬਤੀ ਦੋਸਤ ਜੋ ਅੱਜਕਲ ਪੁਰਤਗਾਲ ਵਿੱਚ ਰਹਿੰਦਾ ਨਿਸ਼ਾਨ ਸਿੰਘ ਨੇ ਇਹਨਾਂ ਦਾ ਸਾਥ ਦੇ ਕੇ ਦੋਸਤੀ ਦਾ ਫਰਜ਼ ਅਦਾ ਕੀਤਾ, ਅਤੇ ਅੰਮ੍ਰਿਤਸਰ ਤੋ ਮਹਿੰਦਰਪਾਲ ਸਾਬੀ , ਇੰਗਲੈਂਡ ਤੋ ਸੰਦੀਪ ਸਿੰਘ ਦੀਪਾ ਆਦਿ ਨੇ ਅਦਾਕਾਰ ਸੁਰੇਸ਼ ਸ਼ਰਮਾ ਦਾ ਆਪਣੀਆਂ ਬਾਹਾਂ ਵਾਂਗ ਪੂਰਾ ਪੂਰਾ ਸਾਥ ਨਿਭਾਇਆ । ਅਦਾਕਾਰ ਸੁਰੇਸ਼ ਸ਼ਰਮਾ ਉਹਨਾਂ ਦਾ ਤਹਿ ਦਿਲੋਂ ਸ਼ੁਕਰਾਨਾ ਅੱਜ ਵੀ ਕਰਦੇ ਹਨ।ਅਦਾਕਾਰ ਸੁਰੇਸ਼ ਸ਼ਰਮਾ ਦਾ ਵਿਚਾਰ ਹੈ:- "ਮੈ ਅੱਜ ਜੋ ਕੁਛ ਵੀ ਹਾਂ ਦੋਸਤਾਂ ਬਾਬਤ ਹਾਂ" ਹੁਣ ਤੱਕ ਪਾਲੀਵੁੱਡ ਤੇ ਬਾਲੀਵੁੱਡ ਵਿੱਚ ਕੀਤੇ ਕੰਮ ਦਾ ਲੇਖਾ ਜੋਖਾ ਇਸ ਤਰਾਂ ਹੈ , ਜੇਕਰ ਏਨਾਂ ਦੇ ਫ਼ਿਲਮ ਕੈਰੀਅਰ ਤੇ ਝਾਤ ਮਾਰੀਏ, ਏਨਾਂ ਦੀ ਪੰਜਾਬੀ ਫੀਚਰ ' ਕਦੇ ਦਾਦੇ ਦੀਆਂ ਕਦੇ ਪੋਤੀਆਂ ਦੀਆਂ ' , ਜ਼ੋਰਾਂ 10 ਨੰਬਰੀਆਂ , ਫਿਅਰ (ਹਿੰਦੀ ), ਲਘੂ ਫਿਲਮ ' ਚੰਨੋ ' , ਦਰਿੰਦਾ , ਜੇਕਰ ਵੈਬਸੀਰੀਜ ਦੀ ਗੱਲ ਕਰੀਏ ਤਾਂ ਪੰਜਾਬੀ, ਹਿੰਦੀ ਵਿੱਚ ਵੈਬ-ਸੀਰੀਜ਼ ਵਿੱਚ ਇਹਨਾਂ ਵੱਲੋ ਬਾਕਮਾਲ ਅਦਾਕਾਰੀ ਕੀਤੀ ਗਈ, ਵੈਬਸੀਰੀਜ ਡਰੀਮਲੈਂਡ ਫੇਰੀ ਹੇਰਾ ( ਹਿੰਦੀ ) ਘੁਨਾਓ ਕੀ ਗਲੀਆਂ ( ਹਿੰਦੀ ) ਇਕ ਦੂਣੀ ਦੂਣੀ, ਦੋ ਦੂਣੀ ਚਾਰ ( ਪੰਜਾਬੀ ) , ਕੱਚੇ ਪੱਕੇ ਯਾਰ ( ਪੰਜਾਬੀ ), ਏਸੇ ਤਰਾਂ ਟੀ ਵੀ ਸੀਰੀਅਲ, 'ਛੋਟੀ ਜੇਠਾਣੀ', ਹੀਰ ਰਾਝਾਂ, ਤੂੰ ਪਤੰਗ ਮੈ ਡੋਰ , ਧੀਆਂ ਮੇਰੀਆਂ , ਛੜਿਆਂ ਨੂੰ ਦਫਾ ਕਰੋ ' ,'ਦਿਲਾਂ ਦੇ ਰਿਸ਼ਤੇ', ਵਿੱਚ ਅਦਾਕਾਰੀ ਕਰ, ਆਪਣੀ ਨਵੇਕਲੀ ਪਹਿਚਾਣ ਸਥਾਪਿਤ ਕੀਤੀ। ਸੁਰੇਸ਼ ਸ਼ਰਮਾ ਨੇ ਕਮੇਡੀ ਸੋਅ ' ਦੋ ਨਮੂਨੇ', 'ਮੁੱਖ ਮੰਤਰੀ', 'ਸ਼ਰਾਬੀਆਂ ਨੂੰ ਸ਼ਰਾਪ', ' ਕੀ ਬਣੂ ਸਾਲੇ ਦਾ' ਐਪੀਸੋਡ 2 ਵਿੱਚ ਅਦਾਕਾਰੀ ਕਰ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾਈਆ। ਏਸੇ ਤਰ੍ਹਾਂ ਸੰਗੀਤ ਜਗਤ ਵਿੱਚ ਆਪਣੀ ਹਿੱਸੇਦਾਰ ਪਾ ਸੰਗੀਤ ਪ੍ਰੇਮੀਆਂ ਨਾਲ ਮੁਹੱਬਤੀ ਸਾਂਝ ਕਾਇਮ ਰੱਖੀ , ਸੰਗੀਤ ਵੀਡੀਓਜ਼




ਬੋਲੀਆਂ 1 , ਬੋਲੀਆਂ 2 , ਸਾਰਾ ਦਿਨ ਨੱਚਣਾ (ਪੰਜਾਬੀ ਬੋਲੀਆਂ), ' ਪੈਸਨ ' (ਪੰਜਾਬੀ ਗੀਤ) , ਬੱਬਰ ਸ਼ੇਰ, ਮਾਝੇ ਵਾਲੇ ਭਾਉ, 'ਚਾਚੇ ਤਾਏ ਰਿਟਰਨਸ', 'ਆ ਗਈ ਲੋਹੜੀ', ਆਦਿ ਵਿੱਚ ਅਦਾਕਾਰੀ ਕਰ ਆਪਣਾ ਸੁਮਾਰ ਕਰਵਾਇਆ। ਸੁਰੇਸ਼ ਸ਼ਰਮਾ ਦੇ ਦੱਸਿਆ, ਉਹਨਾਂ ਦਾ ਸਫ਼ਰ ਜਾਰੀ ਹੈ ਤੇ ਆਉਣ ਵਾਲੀ ਬਾਲੀਵੁੱਡ ਮੂਵੀ 'ਟੂ ਵੇ' ਜੋ ਕਿ ਚਰਚਿਤ ਡਾਇਰੈਕਟਰ, ਰਾਇਟਰ ਅਤੇ ਐਕਟਰ 'ਵਿਜੇ ਖੇਪੜ ਜੀ' ਨੇ ਕੀਤੀ , ਉਸ ਵਿੱਚ ਅਦਾਕਾਰੀ ਕਰਨ ਦਾ ਮੌਕਾ ਮਿਲਿਆ, ਏਸੇ ਤਰਾਂ ਪ੍ਰਸਿੱਧ ਡਾਇਰੈਕਟਰ 'ਸਿਮਰਨ ਸਿੰਘ ਜੀ' ਦੀ 'ਦਰਭੰਗਾ ਐਕਸਪ੍ਰੈੱਸ' ਵਿੱਚ ਅਤੇ ਆਉਣ ਵਾਲੀ ਇੱਕ ਵੈਬਸੀਰੀਜ ਪੀ.ਏ ਦੇ ਰੋਲ ਵਿੱਚ ਦਿਖਾਈ ਦੇਵਗੇ। ਸੁਰੇਸ਼ ਸ਼ਰਮਾ ਇੱਕ ਚੰਗੇ ਰੰਗ ਕਰਮੀ ਦੇ ਤੌਰ ਤੇ ਨੀਰਜ ਕੌਸ਼ਿਕ ਨਾਲ ਜਲੰਧਰ, ਚੰਡੀਗੜ੍ਹ ਵਿੱਚ ਮਲਕੀਤ ਸਿੰਘ ਤੇ ਨਾਲ ਪੰਜਾਬ ਵਾਲੇ ਹਰਭਗਵਾਨ ਸਿੰਘ (ਰੰਗਦੇਵ) ਜੋ ਕਿ ਪ੍ਰਸਿੱਧ ਅਦਾਕਾਰ ਹਨ ਨਾਲ ਸਟੇਜੀ ਨਾਟਕ ਕਰਕੇ ਦਰਸ਼ਕਾਂ ਨਾਲ ਮੁਹੱਬਤੀ ਸਾਂਝ ਪਾਉਣ ਵਿੱਚ ਸਫਲ ਰਹੇ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਜੂਨ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-696



*ਹਮ ਸਫ਼ਰ ਹੋਵੇ ਸਾਥ ਤਾਂ ਜ਼ਿੰਦਗੀ ਦਾ ਆਪਣਾ ਮਜ਼ਾ ਹੈ,*
*ਜੇ ਵਿੱਛੜ ਜਾਏ ਹਮਦੋਸਤ ਤਾਂ ਜਿਊਣਾ ਵੀ ਇੱਕ ਸਜ਼ਾ ਹੈ।*
*ਜ਼ਿੰਦਗਾਨੀ ਚਾਹੁੰਦੀ ਹੈ ਸਾਥ ਉਮਰ ਦੇ ਹਰ ਮੋੜ ਉੱਤੇ,*
*ਭਾਵੇਂ ਬਦਲਦਾ ਕਿਰਦਾਰ ਰਹੇ ਮਗਰ ਜੀਣ ਦੀ ਵਜ੍ਹਾ ਹੈ।*

## ਕੈਪਸ਼ਨ ਮੁਕਾਬਲਾ-694



ਦਰੱਖਤਾਂ ਉੱਤੇ ਕੁਹਾੜਾ ਫਿਰਿਆ।
ਗਰਮੀ ਨਾਲ ਸਾਰਾ ਆਲਮ ਘਿਰਿਆ।
ਸਮਝ ਨ੍ਹੀਂ ਆਉਂਦੀ ਕਿੱਥੇ ਜਾਈਏ?
ਕਿਸਨੂੰ ਆਪਣਾ ਹਾਲ ਸੁਣਾਈਏ?
ਬੇਘਰ ਹੋਏ ਪਰਿੰਦਿਆਂ ਦੀ ਡਾਰ।
ਬਹਿ ਕਰਦੀ ਸੋਚ ਵਿਚਾਰ।
ਭਾਲ ਕੇ ਰੱਬ ਨੂੰ ਦੱਸ ਕੇ ਆਈਏ,
ਬੰਦਾ ਰਿਹੈ ਤੇਰੀ ਖਲਕਤ ਨੂੰ ਮਾਰ।
***-ਗੁਰਦੇਵ ਸਿੰਘ ਢਪਾਲੀ***
***ਫੋਨ: 94176-49275***

---

ਪਾਣੀ ਮੁੱਕੇ ਪੈ ਗਿਆ ਸੋਕਾ
ਬ੍ਰਿਖਾਂ ਵਾਲੀ ਸ਼ਾਨ ਮੁੱਕ ਗਈ।
ਟਹਿਣੀਆਂ ਦੇ ਹੁਣ ਬਣ ਗਏ ਡੱਕੇ
ਹਰਿਆਲੀ ਵਾਲੀ ਆਬ ਸੁੱਕ ਗਈ।
ਚਿੜੀਆਂ ਕੋਲੋਂ ਝੱਲ ਨਾ ਹੋਇਆ
ਬੰਨ੍ਹ ਕੇ ਡਾਰਾਂ ਉਸ ਵੱਲ ਆਈਆਂ।
ਪੱਤੇ ਬਣ ਕੇ ਟਹਿਣੀਂ ਲੱਗੀਆਂ
ਕਰਨ ਲੱਗੀਆਂ ਮਨ-ਧਰਾਈਆਂ।
***-ਜਗਮੀਤ ਸਿੰਘ ਪੰਧੇਰ***
***ਫੋਨ : +91 98783-37222***

---

ਚਿੜੀਆਂ ਕੀਟ-ਨਾਸ਼ਕਾਂ ਖਾਈਆਂ,
ਬਿਨ ਸਮਝੇ ਧਰਤੀ ਜੋ ਪਾਈਆਂ।
ਲੁਪਤ ਹੋ ਗਈਆਂ ਹੋਰ ਵੀ ਕਿਸਮਾਂ,
ਝੋਲੀ ਜੋ ਕੁਦਰਤ ਸੀ ਪਾਈਆਂ।
ਡਾਰਾਂ ਚੰਬੇ ਲੱਭਿਆਂ ਨਾ ਲੱਭਦੇ,
ਅਸਮਾਨੀਂ ਉਡਦੇ ਸੋਹਣੇ ਫੱਬਦੇ।

ਹਰੇ ਜਾਮਣੀ ਕਾਲੇ ਚਿੱਟੇ ਭੂਰੇ,
ਮਨ ਟੁੰਬਦੇ ਸੀ, ਰਾਗ ਅਲਾਪਦੇ।
ਜ਼ਹਿਰ ਬੀਜਿਆ ਜ਼ਹਿਰ ਉਗਾਇਆ।
ਲਾਲਚ ਕਰ ਕਰ ਝਾੜ ਵਧਾਇਆ।
ਕੱਢ ਕੱਢ ਥੱਲਿਓਂ ਸਿੰਜੇ ਖੇਤ,
ਧਰਤੀ ਹੇਠਲਾ ਪਾਣੀ ਮੁਕਾਇਆ।
ਹੱਥ ਮਲੇ 'ਨਾਕਾਮ', ਫਿਰੇ ਪਛਤਾਇਆ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864-318-5500***

---

ਕੁਦਰਤ ਦਾ ਅਜੀਬ ਆਰਕੈਸਟਰਾ
ਧੀਮੀ ਆਵਾਜ਼ ਵਿਚ ਸੰਗੀਤ ਸੁਣਾ ਰਿਹਾ।
ਚਿੜੀਆਂ ਦੇ ਚੰਬੇ ਲਾਈ ਛਹਿਬਰ
ਸਭ ਦੇ ਮਨ ਨੂੰ ਭਾਅ ਰਿਹਾ।
ਪੇੜ ਨੂੰ ਸੁੱਕਾ ਦੇਖ ਮਨ ਘਬਰਾ ਰਿਹਾ।
ਧਰਤੀ ਮਾਂ ਕੀ ਕਰੇ, ਪਾਣੀ ਬਿਨ
ਸਭ ਕੁਝ ਮੁਰਝਾ ਗਿਆ।
ਬੰਦੇ ਨੇ ਕੁਦਰਤੀ ਸੋਮੇ ਨਾ ਸੰਭਾਲੇ
ਤਾਂ ਇਹ ਦਿਨ ਆ ਗਿਆ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਜ਼ਿੰਦਗੀ ਤੇ ਨਾ ਹੀ ਸਾਂਝ ਮਰੀ ਹੈ
ਗੱਲ ਸੱਚੀ ਅਤੇ ਖਰੀ ਹੈ।
ਗ਼ੈਰ ਤੇਰੇ ਹੁਸਨ ਨੂੰ ਕੀ ਜਾਣੇ
ਦਿਲ ਨੂੰ ਪੁੱਛੋ, ਜੋ ਸਭ ਕੁਝ ਜਾਣੇ।
ਸੱਚਾ ਪਿਆਰ ਕਦੇ ਨੀ ਮਰਦਾ
ਸਦੀਆਂ ਪਿੱਛੋਂ ਵੀ ਨੀ ਖਰਦਾ।
ਆਕਸੀਜਨ ਨੇ ਇਕ ਦੂਜੇ ਲਈ
ਇਸ ਦੇ ਬਾਝੋਂ ਕਦੇ ਨੀ ਸਰਦਾ।
***-ਲੋਕਨਾਥ ਸ਼ਰਮਾ***

---

ਦੇਖੋ ਲੋਕੋ ਮਾਰੂਥਲ ਦੀ,
ਕਰਦੇ ਇੱਕ ਝਾਕੀ ਪੇਸ਼,
ਕੱਢ ਗੁਆਏ ਪਾਣੀ ਤਾਂ,
ਬਚਣਾ ਨਹੀਂ ਇਹ ਦੇਸ਼।
ਚਿੜੀਆਂ ਵਾਂਗੂੰ ਬੈਠ ਕੇ,
ਚੱਲੋ ਕਰੋ ਸੋਚ ਵਿਚਾਰ,
ਪਾਣੀ ਅਜਾਈਂ ਨਾ ਜਾਏ,
ਲਈਏ ਮਨ ਵਿਚ ਧਾਰ।
***-ਸੇਵਾ ਸਿੰਘ 'ਨੂਰਪੁਰੀ'***

# ਜ਼ਿੰਦਗੀ ਦਾ ਪਰਛਾਵਾਂ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਜ਼ਿੰਦਗੀ ਦਾ ਪਰਛਾਵਾਂ, ਬੀਤੀ ਜ਼ਿੰਦਗੀ ਦਾ ਲੇਖਾ-ਜੋਖਾ। ਪ੍ਰਾਪਤੀਆਂ ਅਤੇ ਅਸਫਲ਼ਤਾਵਾਂ ਦਾ ਤਾਣਾ-ਬਾਣਾ। ਸੁਖਨ ਅਤੇ ਤੰਗਦਿਲੀ ਦਾ ਸੰਗਮ। ਦੁੱਖਾਂ ਅਤੇ ਸੁੱਖਾਂ ਦਾ ਖ਼ਜ਼ਾਨਾ। ਸਾਂਝਾਂ ਅਤੇ ਤਿੜਕੀਆਂ ਦੋਸਤੀਆਂ ਦਾ ਦਸਤਾਵੇਜ਼।

ਜ਼ਿੰਦਗੀ ਦਾ ਪਰਛਾਵਾਂ ਹਰ ਪਲ ਬੰਦੇ ਦੇ ਨਾਲ-ਨਾਲ। ਕਦੇ ਇਹ ਛੋਟਾ ਅਤੇ ਕਦੇ ਵੱਡਾ। ਹਨੇਰਾ ਹੋਣ 'ਤੇ ਪਰਛਾਵਾਂ ਤੁਹਾਡਾ ਸਾਥ ਵੀ ਛੱਡ ਦਿੰਦਾ।

ਜ਼ਿੰਦਗੀ ਦਾ ਪਰਛਾਵਾਂ ਬੰਦੇ ਦੀ ਔਕਾਤ ਦਾ ਸ਼ੀਸ਼ਾ। ਵਿਅਕਤੀਤਵ ਦਾ ਬਿੰਬ। ਸ਼ਖਸੀ ਪਛਾਣ ਦਾ ਪ੍ਰਮਾਣ। ਅਸੀਂ ਕੀ ਸੀ, ਕੀ ਹਾਂ, ਕਿਹੜੀਆਂ ਨਵੀਆਂ ਪਿਰਤਾਂ ਪਾਈਆਂ, ਕਿਹੜੀਆਂ ਤੋੜੀਆਂ, ਕਿਹੜੇ ਰਾਹਾਂ ਵਿਚੋਂ ਆਪਣਾ ਰਾਹ ਵੱਖਰਾਇਆ ਅਤੇ ਕਿਹੜੇ ਰਾਹਾਂ ਨੂੰ ਨਵੀਆਂ ਪੈੜਾਂ ਅਤੇ ਸਿਰਨਾਵਿਆਂ ਨਾਲ ਨਿਵਾਜਿਆ? ਕਿਹੜੀਆਂ ਥਾਂਵਾਂ ਤੁਹਾਡੀ ਪਛਾਣ ਬਣੀਆਂ ਅਤੇ ਕਿਹੜੀਆਂ ਥਾਂਵਾਂ ਤੁਹਾਡੀ ਹਾਜ਼ਰੀ ਵਿਚ ਖ਼ੁਦ ਤੋਂ ਹੀ ਮੁਨਕਰ ਹੋ ਗਈਆਂ?

ਜ਼ਿੰਦਗੀ ਦਾ ਪਰਛਾਵਾਂ, ਇਹ ਵੀ ਪ੍ਰਗਟਾਉਂਦਾ ਕਿ ਤੁਸੀਂ ਕਿਹੜੀ ਧਰਾਤਲ ਵਿਚੋਂ ਉਪਜੇ? ਕਿਸ ਚੌਗਿਰਦੇ ਨੇ ਤੁਹਾਡਾ ਸਰਬ-ਗੁਣੀ ਵਿਕਾਸ ਜਾਂ ਵਿਨਾਸ਼ ਕੀਤਾ? ਕਿਹੜੇ ਸੰਗੀ ਸਾਥੀਆਂ ਨੇ ਤੁਹਾਡੀ ਸੁਹਬਤ ਵਿਚ ਵਾਧਾ ਕੀਤਾ ਅਤੇ ਕਿਹੜਿਆਂ ਦੇ ਸਾਥ ਵਿਚ ਤੁਹਾਨੂੰ ਨਮੋਸ਼ੀ ਮਿਲੀ?

ਜ਼ਿੰਦਗੀ ਦੇ ਨਾਲ-ਨਾਲ ਚੱਲਦਾ ਪਰਛਾਵਾਂ ਇਹ ਸਪੱਸ਼ਟ ਕਰਨ ਲਈ ਕਾਫ਼ੀ ਕਿ ਤੁਸੀਂ ਕਿਹੜੀ ਦਿਲਦਾਰੀ ਦਾ ਮਾਣ ਬਣੇ? ਕਿਸ ਮੋਹ ਵਿਚ ਪਿਘਲੇ? ਕਿਹੜੀ ਮੁਹੱਬਤ ਵਿਚ ਕੀਲੇ ਗਏ? ਕਿਹੜੀ ਮਮਤਾਈ ਗਲਵਕੜੀ 'ਚੋਂ ਤੁਹਾਨੂੰ ਨਿੱਘ ਮਿਲਿਆ? ਬਾਪ ਦੀ ਕਿਹੜੀ ਦੀਦਾ-ਦਲੇਰੀ ਨੇ ਤੁਹਾਡੇ ਵਿਚ ਹਰ ਮੁਸ਼ਕਲ ਦਾ ਸਾਹਮਣਾ ਕਰਨ ਅਤੇ ਆਪਣੀਆਂ ਰਾਹਾਂ ਖੁਦ ਸਿਰਜਣ ਦੇ ਸਮਰੱਥ ਬਣਾਇਆ।

ਜ਼ਿੰਦਗੀ ਦਾ ਪਰਛਾਵਾਂ ਇਹ ਗੱਲ ਬੜੀ ਖੂਬਸੂਰਤੀ ਨਾਲ ਪ੍ਰਗਟਾਉਂਦਾ ਕਿ ਤੁਹਾਡੇ ਵਿਚ ਕਿਹੜੇ ਨਕਸ਼ ਮਾਂ ਅਤੇ ਕਿਹੜੇ ਬਾਪ ਦੇ ਹਨ? ਕਿਹੜੀਆਂ ਆਦਤਾਂ ਮਾਂ ਵਲੋਂ ਮਿਲੀਆਂ ਅਤੇ ਕਿਹੜੀਆਂ ਬਾਪ ਦੀ ਵਿਰਾਸਤ ਦਾ ਹਿੱਸਾ ਹਨ?

ਜ਼ਿੰਦਗੀ ਦਾ ਪਰਛਾਵਾਂ ਹਰੇਕ ਦੇ ਅੰਗ-ਸੰਗ ਰਹਿੰਦਾ ਪਰ ਕਈਆਂ ਨੂੰ ਇਹ ਨਜ਼ਰ ਹੀ ਨਹੀਂ ਆਉਂਦਾ ਜਾਂ ਉਹ ਜਾਣਬੁਝ ਕੇ ਇਸ ਤੋਂ ਅਵੇਸਲੇ ਹੋਣ ਦਾ ਭਰਮ ਪਾਲਦੇ। ਯਾਦ ਰੱਖਣਾ! ਜ਼ਿੰਦਗੀ ਦਾ ਪਰਛਾਵਾਂ ਜਿਹੜਾ ਰੌਸ਼ਨ ਰਾਹਾਂ ਵਿਚ ਤੁਹਾਡਾ ਸਾਥੀ ਹੈ, ਇਹ ਤਾਂ ਤੁਹਾਡੀ ਹੀ ਸਿਰਜਣਾ ਹੈ। ਤੁਸੀਂ ਕੀ ਸੀ ਅਤੇ ਕੀ ਬਣੇ? ਕੀ ਸੋਚਦੇ ਅਤੇ ਕੀ ਕਰਦੇ ਹੋ? ਤੁਹਾਡੇ ਕਿਰਦਾਰ ਅਤੇ ਕਹਿਣੀ-ਕਰਨੀ ਵਿਚ ਕੀ ਅੰਤਰ ਹੈ? ਤੁਹਾਡੇ ਕਰਮ ਧਰਮ ਵਿਚਲਾ ਕਿੰਨਾ ਪਾੜਾ ਹੈ? ਤੁਹਾਡੀ ਦੇਖਣੀ ਅਤੇ ਸਮਝਣੀ ਵਿਚ ਕੀ ਫ਼ਰਕ ਹੈ ਜਾਂ ਤੁਹਾਡੀਆਂ ਆਸ਼ਾਵਾਂ ਦੀ ਪੂਰਨਤਾ ਅਤੇ ਅਪੂਰਨਤਾ ਵਿਚ ਕਿੰਨਾ ਕੁ ਫਾਸਲਾ ਹੈ?

ਦਿਨ ਚੜ੍ਹਦਾ ਤਾਂ ਇਹ ਪਰਛਾਵਾਂ ਵੱਡਾ ਹੁੰਦਾ ਜਿਹੜਾ ਤੁਹਾਡੇ ਭਵਿੱਖੀ ਸੁਪਨਿਆਂ ਅਤੇ ਇਨ੍ਹਾਂ ਦੀ ਫੂਰਤੀ ਵਿਚਲੇ ਫਾਸਲੇ ਨੂੰ ਦਰਸਾਉਂਦਾ। ਅਸੀਂ ਵੱਡੇ ਹੁੰਦੇ, ਪਰਛਾਵਾਂ ਛੋਟਾ ਹੋ ਜਾਂਦਾ ਹੁੰਦਾ ਅਤੇ ਸਿਖਰ ਦੁਪਹਿਰੇ ਇਕ ਬਿੰਦੂ 'ਤੇ ਸਿਮਟ ਜਾਂਦਾ। ਢਲਦੀਆਂ ਸ਼ਾਮਾਂ ਵਿਚ ਪ੍ਰਛਾਵੇਂ ਲੰਮੇਰੇ ਹੋਣੇ ਸ਼ੁਰੂ ਹੋ ਜਾਂਦੇ ਅਤੇ ਜੀਵਨ-ਸਫ਼ਰ ਆਪਣੇ ਅੰਤਮ ਪੜਾਅ ਵੱਲ ਤਿਲਕਣਾ ਸ਼ੁਰੂ ਹੋ ਜਾਂਦਾ। ਪ੍ਰਛਾਵੇਂ ਦਾ ਸਿਮਟ ਜਾਣਾ ਜਾਂ ਮਿਟ ਜਾਣਾ ਦਰਅਸਲ ਬੰਦੇ ਦਾ ਆਪਣੇ ਪ੍ਰਛਾਵੇਂ ਨਾਲ ਅਭੇਦ ਹੋਣਾ ਹੁੰਦਾ। ਅਸੀਂ ਆਪਣੇ ਪ੍ਰਛਾਵੇਂ ਨਾਲ ਕਿੰਨੇ ਕੁ ਅਭੇਦ ਜਾਂ ਕਿੰਨਾ ਕੁ ਵੱਖਰੇਵਾਂ, ਇਹ ਤਾਂ ਬੰਦ ਖੁਦ ਹੀ ਜਾਣਦਾ ਹੁੰਦਾ। ਸਿਰਫ਼ ਬੰਦੇ ਨੂੰ ਆਪਣੇ ਅੰਦਰ ਉਤਰਨ ਅਤੇ ਆਪਣੇ ਪ੍ਰਛਾਵੇਂ ਵਿਚੋਂ ਖ਼ੁਦ ਨੂੰ ਨਿਹਾਰਨ ਦੀ ਜਾਚ ਹੋਣੀ ਚਾਹੀਦੀ ਹੈ।

ਜ਼ਿੰਦਗੀ ਦੇ ਪ੍ਰਛਾਵੇਂ ਨਾਲ ਗੁਫ਼ਤਗੂ, ਸਭ ਤੋਂ ਅਹਿਮ ਸੰਵਾਦ। ਕਦੇ ਕਦਾਈਂ ਜਾਂ ਵੇਲੇ-ਕੁਵੇਲੇ ਮਿਲੇ ਬੰਦਾ ਆਪਣੇ ਪ੍ਰਛਾਵੇਂ ਨਾਲ। ਸੁਖ-ਸੁਵੀਲੀ ਅਤੇ ਹਮਦਰਦੀ ਕਰ ਆਪਣੇ ਪ੍ਰਛਾਵੇਂ ਨਾਲ। ਦਿਲ ਦੀਆਂ ਗੰਢਾਂ ਖੋਲ੍ਹ ਲੈ ਆਪਣੇ ਹੀ ਪ੍ਰਛਾਵੇਂ ਨਾਲ। ਆਪਣੀਆਂ ਕੀਰਤੀਆਂ ਤੇ ਕੁਤਾਹੀਆਂ ਕਰ ਸਾਂਝੀਆਂ ਪ੍ਰਛਾਵੇਂ ਨਾਲ। ਮਨ ਦੀ ਉਦਾਸੀ ਤੇ ਰੂਹ ਦਾ ਰੋਸਾ ਕਰ ਸਾਂਝਾ ਪ੍ਰਛਾਵੇਂ ਨਾਲ। ਤਕਦੀਰਾਂ ਤੇ ਤਦਬੀਰਾਂ ਦਾ ਝਗੜਾ ਬੰਦ ਕਰ ਪ੍ਰਛਾਵੇਂ ਨਾਲ। ਆਪਣੇ ਦਿਲ ਦੀ ਗੱਲ ਸੁਣਾ ਅਤੇ ਉਸਦੀ ਕਰ ਪ੍ਰਛਾਵੇਂ ਨਾਲ। ਆਪਣਾ ਖਾਲੀਪਣ ਅਤੇ ਵਿੱਥਾਂ-ਵਿਰਲਾਂ ਭਰ ਆਪਣੇ ਪ੍ਰਛਾਵੇਂ ਨਾਲ। ਮੰਜ਼ਲ, ਰਾਹਾਂ ਤੇ ਸਿਰਨਾਵਿਆਂ ਦੀ ਗੱਲ ਕਰ ਪ੍ਰਛਾਵੇਂ ਨਾਲ। ਆਪਣੇ ਸੁਪਨੇ ਤੇ ਸੰਪੂਰਨਤਾ ਦਾ ਕਾਹਦਾ ਓਹਲਾ ਪ੍ਰਛਾਵੇਂ ਨਾਲ।

ਕੁਝ ਲੋਕ ਆਪਣੇ ਹੀ ਪ੍ਰਛਾਵੇਂ ਤੋਂ ਤ੍ਰਿਹੰਦੇ। ਕੁਝ ਪਿਆਰ ਕਰਦੇ ਤੇ ਕੁਝ ਤ੍ਰਿਸਕਾਰ ਕਰਦੇ। ਕੁਝ ਇਸ ਦੀਆਂ ਬਲਾਵਾਂ ਉਤਾਰਦੇ ਅਤੇ ਕੁਝ ਆਪਣੀ ਜ਼ਹਿਨੀਅਤ, ਜਜ਼ਬੇ, ਜਜ਼ਬਾਤ ਅਤੇ ਜ਼ਿੰਦਾਦਿਲੀ ਦਾ ਸਬਕ ਲੈਂਦੇ। ਇਹ ਤਾਂ ਖੁਦ 'ਤੇ ਮੁਨੱਸਰ ਕਰਦਾ ਕਿ ਕਿਸੇ ਨੇ ਪ੍ਰਛਾਵੇਂ ਵਰਗੀ ਪਛਾਣ ਬਣਨਾ ਜਾਂ ਪ੍ਰਛਾਵੇਂ ਨੂੰ ਨਵੀਂ ਨਿਵੇਕਲੀ ਪਛਾਣ ਦੇਣੀ ਹੈ?

ਜ਼ਿੰਦਗੀ ਦਾ ਪਰਛਾਵਾਂ ਕੁਝ ਕੁ ਵਿਰਲਿਆਂ ਦਾ ਹੀ ਨਸੀਬ ਜਿਹੜੇ ਚਾਨਣ ਰਾਹਾਂ ਦੇ ਪਾਂਧੀ। ਹਨੇਰਿਆਂ ਵਿਚ ਤੁਰਨ ਵਾਲਿਆਂ ਦਾ ਨਾ ਤਾਂ ਕੋਈ ਪਰਛਾਵਾਂ ਹੁੰਦਾ ਅਤੇ ਨਾ ਹੀ ਉਨ੍ਹਾਂ ਨੂੰ ਰਾਹਾਂ, ਥਾਵਾਂ ਜਾਂ ਸਿਰਨਾਵਿਆਂ ਦੀ ਕੋਈ ਸਾਰ ਹੁੰਦੀ। ਉਹ ਤਾਂ ਬਿਨ-ਪ੍ਰਛਾਵੇਂ ਆਉਧ ਵਿਹਾ, ਖਾਲੀ ਹੱਥ ਜੱਗ ਤੋਂ ਤੁਰ ਜਾਂਦੇ। ਕਿਸੇ



ਜਿਊਣ ਜੋਗੇ ਲਈ ਥਾਂ ਖਾਲੀ ਕਰ ਜਾਂਦੇ ਅਤੇ ਸ਼ੁੱਭ-ਕਰਮਨ ਕਰਨ ਵਾਲਿਆਂ ਲਈ ਨਵੀਆਂ ਸੰਭਾਵਨਾਵਾਂ ਦਾ ਰਾਹ ਮੋਕਲਾ ਕਰ ਜਾਂਦੇ।

ਮੈਂ ਅਕਸਰ ਹੀ ਆਪਣੇ ਪ੍ਰਛਾਵੇਂ ਨੂੰ ਮਿਲਦਾ।
ਕਦੇ ਸਵੇਰੇ, ਕਦੇ ਦੁਪਹਿਰੇ ਅਤੇ ਕਦੇ ਢਲਦੀ ਸ਼ਾਮੇਂ
ਉਸਦੀ ਤਾਮੀਰਦਾਰੀ 'ਚੋਂ ਸੁਖਨ ਭਾਲਦਾ
ਤੇ ਹਸਾਸ ਪਲਾਂ ਦਾ ਨਿਉਂਦਾ
ਆਪਣੀ ਸੱਖਣੀ ਤਲੀ 'ਤੇ ਧਰਦਾ।
ਵਿਸਮਾਦੀ ਸਾਹ ਖੁਦ ਦੇ ਨਾਵੇਂ ਕਰਦਾ।
ਕਦੇ ਕਦਾਈਂ ਇਹ ਪਰਛਾਵਾਂ
ਮੈਨੂੰ ਹਲੂਣਦਾ ਤੇ ਸੁਚੇਤ ਕਰਦਾ
ਖਿੜਕਦੇ ਪੈਰੀਂ ਹਨੇਰੇ ਰਾਹਾਂ ਤੋਂ ਹਟਕੇ
ਮੇਰੇ ਰਾਹੀਂ ਰੌਸ਼ਨੀ ਪਸਾਰਦਾ
ਨਵੀਆਂ ਮੰਜ਼ਲੀ ਰਾਹਾਂ ਦਾ ਹਮਸਫ਼ਰ ਬਣ
ਖੁਦ ਅਤੇ ਮੈਨੂੰ ਕਿਸੇ ਪ੍ਰਾਪਤੀ ਨਾਲ ਵਰ ਦਾ।
ਪਤਾ ਲੱਗਦਾ ਕਿ
ਪਰਛਾਵਾਂ ਤੁਹਾਡਾ ਕਿੰਨਾ ਹਿਤੈਸ਼ੀ
ਹਰਦਮ ਤੁਹਾਡੀਆਂ ਖੈਰਾਂ ਲੋਚੇ
ਤੇ ਤੁਹਾਡੀ ਹੋਂਦ 'ਚੋਂ ਸਾਹ-ਬੰਦਗੀ ਦਾ ਦਾਨ ਮੰਗੇ।

ਜ਼ਿੰਦਗੀ ਦਾ ਪਰਛਾਵਾਂ ਸਭ ਤੋਂ ਵੱਡੀ ਅਮਾਨਤ ਅਤੇ ਇਨਾਇਤ। ਕਦੇ ਬਿਰਖ਼ ਨੂੰ ਪੁੱਛਣਾ ਜਦ ਉਸਦਾ ਪਰਛਾਵਾਂ ਕਾਲੀ ਘਟਾ ਦੀ ਭੇਟ ਚੜ੍ਹਦਾ ਜਾਂ ਢਲਦੇ ਦਿਨ ਨਾਲ ਲ਼ੰਮੇਰਾ ਹੋ ਉਸਦਾ ਪਰਛਾਵਾਂ ਆਖ਼ਰ ਨੂੰ ਪੱਲਾ ਹੀ ਛੁਡਾ ਜਾਂਦਾ। ਬਿਰਖ ਆਪਣੇ ਪ੍ਰਛਾਵੇਂ ਨੂੰ ਬਹੁਤ ਤਰਸ ਜਾਂਦਾ ਜਦ ਉਹ ਰੁੰਡ-ਮਰੁੰਡ ਹੋਇਆ, ਆਪਣੇ ਪੱਤਿਆਂ, ਲੱਗਰਾਂ, ਟਾਹਣਾਂ ਤੇ ਫੁੱਲਾਂ ਤੋਂ ਮਰਹੂਮ ਹੋਇਆ, ਪ੍ਰਛਾਵੇਂ ਦੀ ਭੀਖ ਮੰਗਦਿਆਂ ਖੁਦ ਹੀ ਬਲਦਾ ਸਿਵਾ ਬਣ ਜਾਂਦਾ।

ਕਦੇ ਉਸ ਪਰਿੰਦੇ ਦੀ ਦਰਦ ਕਹਾਣੀ ਸੁਣਨ ਦੀ ਵਿਹਲ ਕੱਢਣਾ ਜਿਹੜਾ ਉਚੇ ਅੰਬਰ ਨੂੰ ਹੱਥ ਲਾਉਣ ਦੇ ਭਰਮ ਵਿਚ ਧਰਤੀ ਨਾਲੋਂ ਵੀ ਦੂਰ ਚਲੇ ਜਾਂਦਾ ਅਤੇ ਉਸਦਾ ਪਰਛਾਵਾਂ ਦੂਰੀ ਦੀ ਫਿਜ਼ਾ ਹੀ ਹਜ਼ਮ ਜਾਂਦੀ।

ਜ਼ਿੰਦਗੀ ਦੇ ਪ੍ਰਛਾਵੇਂ ਦੀ ਔਕਾਤ ਜਾਨਣ ਲਈ ਕਦੇ ਆਪਣੀਆਂ ਜੜ੍ਹਾਂ, ਘਰਾਂ, ਗਰਾਂ ਅਤੇ ਦਰਾਂ ਤੋਂ ਦੂਰ ਚਲੇ ਗਏ ਪਰਵਾਸੀਆਂ ਨਾਲ ਕੁਝ ਪਲ ਮਿਲ ਬੈਠਣ ਦੀ ਵਿਹਲ ਕੱਢਣਾ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਉਨ੍ਹਾਂ ਦੀ ਜ਼ਿੰਦਗੀ ਦਾ ਪਰਛਾਵਾਂ ਦਿਨ ਵਿਚ ਕਿੰਨੀ ਵਾਰ ਮਰਦਾ, ਜਿਉਂਦਾ, ਸਿਸਕਦਾ, ਹਉਕੇ ਭਰਦਾ, ਹਾਵਿਆਂ 'ਚ ਸਾਹਾਂ ਨੂੰ ਸਿਊਂਦਾ ਅਤੇ ਮੌਤ ਵਿਚੋਂ ਵੀ ਜਿਉਣ ਦਾ ਭਰਮ ਪਾਲਦਾ। ਬਹੁਤ ਔਖਾ ਹੁੰਦਾ ਹੈ ਜ਼ਿੰਦਗੀ ਦੇ ਪ੍ਰਛਾਵੇਂ ਦਾ ਪਲ ਪਲ ਮਰਨਾ ਅਤੇ ਫਿਰ ਇਸ ਮੌਤ ਵਿਚੋਂ ਜਿਊਣ ਦਾ ਆਹਰ ਕਰਨਾ।

ਯਾਦ ਰਹੇ ਕਿ ਤੁਹਾਡੀ ਜ਼ਿੰਦਗੀ ਦਾ ਪਰਛਾਵਾਂ ਤੁਹਾਡਾ ਆਪਣਾ ਹੋਵੇ ਕਿਉਂਕਿ ਕਿਸੇ ਦਾ ਪਰਛਾਵਾਂ ਬਣ ਕੇ ਬੰਦਾ ਖੁਦ ਆਪਣੀ ਹਸਤੀ ਤੇ ਹੋਂਦ ਖਤਮ ਕਰ ਬਹਿੰਦਾ। ਕਿਸੇ ਦੇ ਪ੍ਰਛਾਵੇਂ ਹੇਠ ਮੌਲਣਾ, ਵਿਗਸਣਾ, ਪੁੰਗਰਨਾ ਅਤੇ ਆਪਣੀ ਵਿਲੱਖਣਤਾ ਤੇ ਵਿਸ਼ੇਸ਼ਤਾ ਨੂੰ ਸਿਰਜਣਾ ਅਸੰਭਵ।

ਜ਼ਿੰਦਗੀ ਦੇ ਪ੍ਰਛਾਵੇਂ ਦੇ ਕਈ ਰੰਗ। ਕਦੇ ਪਲੱਤਣਾਂ ਦਾ ਹਾਮੀ, ਕਦੇ ਸੰਧੂਰੀ ਰੰਗਤ। ਕਦੇ ਪਹਿਨਦਾ ਹਰਾ ਲਿਬਾਸ ਅਤੇ ਕਦੇ ਕਦਾਈਂ ਕੇਸਰੀ ਰੰਗਤ। ਕਦੇ ਕਾਲੀ ਰਾਤ ਦਾ ਪਰਤੌਅ, ਕਦੇ ਚੜ੍ਹਦੇ ਦੀ ਲਾਲੀ। ਕਦੇ ਤਿੱਖੜ ਦੁਪਹਿਰ ਦੀ ਤਪਸ਼, ਕਦੇ ਢਲਦੇ ਦਿਨ ਦੀ ਠੰਡਕ। ਕਦੇ ਪੱਤਝੜ ਤੇ ਕਦੇ ਬਹਾਰ। ਕਦੇ ਤੱਤੀ ਲੂਅ ਤੇ ਕਦੇ ਕਣੀਆਂ ਦੀ ਕਿਣ-ਮਿਣ। ਕਦੇ ਪੰਛੀਆਂ ਦਾ ਗੀਤ ਅਤੇ ਕਦੇ ਪੱਤਿਆਂ ਦਾ ਸੰਗੀਤ। ਕਦੇ ਕੋਇਲ ਦੀ ਕੂਕ ਤੇ ਕਦੇ ਕੂੰਜ ਦੀ ਹੂਕ। ਕਦੇ ਕੋਚਰੀ ਦਾ ਰੋਣਾ ਤੇ ਕਦੇ ਆਲ੍ਹਣੇ ਦਾ ਵਿਰਦ। ਜ਼ਿੰਦਗੀ ਦੇ ਪ੍ਰਛਾਵੇਂ ਨੂੰ ਕਿਸ ਰੰਗ ਵਿਚ ਰੰਗਣਾ ਤੇ ਕਿਹੜੇ ਰੰਗ ਨੂੰ ਰੂਹ ਦਾ ਹਾਣੀ ਬਣਾਉਣਾ, ਇਹ ਮਨੁੱਖ ਦੇ ਆਪਣੇ ਹੱਥ-ਵੱਸ।

ਜ਼ਿੰਦਗੀ ਦੇ ਪਰਛਾਵੇਂ ਦੀ ਤਾਸੀਰ ਤੁਹਾਡੀ ਸੰਗਤ, ਅਦਬੀ ਰੰਗਤ, ਸੋਚ, ਸੰਵੇਦਨਾ, ਸੁਹਜ, ਸਮਰਪਿਤਾ, ਸਕੂਨ, ਸ਼ੁਕਰ, ਸੰਤੋਖ, ਸਬਰ, ਜੀਵਨੀ ਸੂਝ, ਦਿੱਬ-ਦ੍ਰਿਸ਼ਟੀ ਅਤੇ ਦਰਿਆ-ਦਿਲੀ, ਦਰਵੇਸ਼ੀ, ਦਿਲਦਾਰੀ ਅਤੇ ਦਿਲਗੀਰੀ 'ਤੇ ਨਿਰਭਰ।

ਕਿਸੇ ਦੀ ਜ਼ਿੰਦਗੀ ਦੇ ਪਰਛਾਵੇਂ ਦੀਆਂ ਪਰਤਾਂ ਫਰੋਲਣਾ ਹੋਵੇ ਤਾਂ ਉਸਨੂੰ ਨਿੱਠ ਕੇ ਮਿਲਣਾ, ਉਸਦੇ ਬੋਲਾਂ, ਸ਼ਬਦਾਂ, ਇਸ਼ਾਰਿਆਂ, ਸਰੀਰਕ ਹਰਕਤਾਂ ਜਿਵੇਂ ਦੇਖਣਾ, ਤੁਰਨਾ, ਫਿਰਨਾ ਬੋਲਣਾ, ਚੁੱਪ, ਠਹਿਰਾਓ ਅਤੇ ਕਾਹਲੇਪਣ ਜਾਂ ਉਸਦੇ ਸਮਾਜਿਕ ਵਰਤੋਂ-ਵਿਵਹਾਰ, ਹਮ ਖ਼ਿਆਲੀਆਂ, ਹਮਜੋਲੀਆਂ ਜਾਂ ਹਮਸਫ਼ਰਾਂ ਨਾਲ ਕੇਹਾ ਵਤੀਰਾ, ਹਉਮੈਂ, ਹੰਕਾਰ, ਕਹਿਣੀ ਤੇ ਕਥਨੀ ਆਦਿ ਵਿਚੋਂ ਬਹੁਤ ਜਲਦੀ ਦੇਖਿਆ ਤੇ ਸਮਝਿਆ ਜਾ ਸਕਦਾ।

ਜ਼ਿੰਦਗੀ ਦੀ ਹੁਸੀਨਤਾ ਵੀ ਇਸਦੇ ਪ੍ਰਛਾਵੇਂ ਵਿਚੋਂ ਅਕਾਂਖੀ ਅਤੇ ਸਮਝੀ ਜਾ ਸਕਦੀ। ਮੁਸਕਰਾਂਦੇ ਪ੍ਰਛਾਵੇਂ ਵਾਲੇ ਹੱਸਮੁਖ ਵਿਅਕਤੀ ਹੁੰਦੇ ਜਦ ਕਿ ਖੁਦ ਨੂੰ ਨਫ਼ਰਤ ਕਰਨ ਵਾਲੇ ਸਿਰਫ਼ ਘ੍ਰਿਣਾ ਦੇ ਹੀ ਪਾਤਰ ਹੁੰਦੇ।

ਪਲ ਪਲ ਲੰਮਾ ਹੋਈ ਜਾਵੇ
ਜ਼ਿੰਦਗੀ ਦਾ ਪਰਛਾਵਾਂ।
ਰੂਹ ਚਾਹੁੰਦੀ ਏ ਲੰਮੀਆਂ ਹੋਵਣ
ਇਸ ਜੀਵਨ ਦੀਆਂ ਰਾਹਵਾਂ।

ਬਹੁਤਾ ਜੀਵਨ ਗਿਆ ਅਕਾਰਥ
ਰੰਗ ਤਮਾਸ਼ੀਂ ਲੰਘਿਆ
ਮਨ ਕਰਦਾ ਹੁਣ ਕਰਾਂ ਸੁਕਾਰਥ
ਬਾਕੀ ਬਚੀਆਂ ਸਾਹਵਾਂ।

ਚਾਨਣ ਦੀ ਇਕ ਕਾਤਰ ਖਾਤਰ
ਰੇਜ਼ਾ ਰੇਜ਼ਾ ਹੋਇਆ
ਭੁੱਲ ਕੇ ਬੀਤੇ ਕਲ ਨੂੰ ਸੋਚਾਂ
ਖੁਦ ਬਲ਼ ਕੇ ਰੁਸ਼ਨਾਵਾਂ।

ਗਾਹ ਲਏ ਕਈ ਦੇਸ਼-ਦੇਸ਼ਾਂਤਰ
ਦੇਖ ਲਈਆਂ ਤਸਵੀਰਾਂ,
ਚਿੱਤ ਕਰਦੈ ਜਾ ਸਜਦਾ ਕਰੀਏ
ਬਚਪਨ ਵਾਲੀਆਂ ਥਾਵਾਂ।

ਐਂਵੇਂ ਹਰ ਸ਼ੌਕ ਬਹਾਨੇ
ਜਿੰਦ ਸੀ ਸਸਤੀ ਕੀਤੀ,
ਭੱਜਦੌੜ 'ਚ ਯਾਦ ਨਾ ਰਹੀਆਂ
ਸੁਹਜ, ਸੁਖਨ, ਦੁਆਵਾਂ।

ਕੁਝ ਇਛਾਵਾਂ ਤੇ ਅਰਦਾਸਾਂ
ਅਜੇ ਅਪੂਰਨ ਪਈਆਂ
ਜੀਂਦਾ ਰਿਹਾ ਤਾਂ ਮੱਥੇ ਖੁਣਾਂਗਾ
ਖ਼ਾਬਾਂ ਦਾ ਸਿਰਨਾਵਾਂ।

ਕਦੇ ਵਾਗੀ ਤੇ ਕਦੇ ਘਾਹੀ ਸੀ
'ਬਖ਼ਸ਼ੀ' ਮੈਥੋਂ ਰੁੱਸਿਆ,
ਜੀਅ ਕਰਦੈ ਹੁਣ ਲਾਹ ਮਖੌਟਾ
ਭੱਜ ਕੇ ਜੱਫ਼ੀ ਪਾਵਾਂ।

ਜੀਵਨ-ਸਫ਼ਰ 'ਤੇ ਤੁਰਦਿਆਂ ਮੁੱਖ ਹਮੇਸ਼ਾ ਹੀ ਰੌਸ਼ਨੀ ਵੱਲ ਰੱਖੋ। ਦੇਖਣਾ! ਤੁਹਾਡਾ ਪਰਛਾਵਾਂ ਸਦਾ ਹੀ ਤੁਹਾਡੇ ਪਿੱਛੇ ਰਹੇਗਾ।

ਜ਼ਿੰਦਗੀ ਦਾ ਇਹ ਪਰਛਾਵਾਂ ਹੀ ਹੁੰਦਾ ਜੋ ਕਿ ਤੁਹਾਨੂੰ ਜਿਉਂਦੇ ਹੋਣ ਦਾ ਅਹਿਸਾਸ ਕਰਵਾਉਂਦੇ। ਮਰਨ 'ਤੇ ਤੁਹਾਡਾ ਪਰਛਾਵਾਂ ਵੀ ਤੁਹਾਡਾ ਸਾਥ ਛੱਡ ਜਾਂਦਾ।

ਜ਼ਿੰਦਗੀ ਦੇ ਪ੍ਰਛਾਵੇਂ ਨੂੰ ਮੌਲਿਕ ਰੂਪ ਵਿਚ ਖੁੱਲ੍ਹੇ ਮਨ ਨਾਲ ਦੇਖਦਿਆਂ, ਸਾਨੂੰ ਆਪਣੇ ਆਪ ਨੂੰ ਮਿਲਣ ਅਤੇ ਖ਼ੁਦ ਨੂੰ ਉਜਿਆਰਾ ਤੇ ਨਿਆਰਾ ਕਰਨ ਦਾ ਖ਼ਾਬ ਅਤੇ ਖਿਆਲ ਪੈਦਾ ਹੁੰਦਾ।

ਜ਼ਿੰਦਗੀ ਦਾ ਪਰਛਾਵਾਂ ਬੰਦੇ ਦਾ ਆਪਣਾ ਕੱਚ-ਸੱਚ, ਆਪਣੀ ਅਸਲੀਅਤ ਦੇ ਰੂਬਰੂ ਆਪਣੇ ਹੀ ਬਿੰਬ ਦਾ ਹੂ-ਬਹੂ ਅਤੇ ਆਪਣੇ ਨਾਲ ਰਚਾਇਆ ਸੰਵਾਦ, ਸਿਰਜਣਾ ਅਤੇ ਸਾਰਥਿਕਤਾ।

ਜ਼ਿੰਦਗੀ ਦਾ ਪਰਛਾਵਾਂ ਅਸਲ ਵਿਚ ਬੰਦੇ ਦੀ ਬੰਦਿਆਈ, ਚਤੁਰਾਈ, ਭਲਿਆਈ, ਹਯਾਈ ਬੁਰਿਆਈ, ਦਾਨਾਈ ਜਾਂ ਰੁਸ਼ਨਾਈ ਦਾ ਪ੍ਰਤੀਕ।

ਕਦੇ ਵੀ ਕੱਲ੍ਹ ਦੇ ਜ਼ਿੰਦਗੀ ਦੇ ਪ੍ਰਛਾਵਿਆਂ ਨੂੰ ਆਪਣੀ ਅੱਜ ਦੀ ਰੰਗਲੀ ਦੁਪਹਿਰ ਵਿਚ ਖਲਲ ਨਾ ਪਾਉਣ ਦਿਓ। ਕੱਲ੍ਹ ਤਾਂ ਬੀਤ ਹੀ ਗਿਆ ਪਰ ਅੱਜ ਤਾਂ ਤੁਸੀਂ ਜੀਅ ਭਰ ਕੇ ਜੀਓ।

ਜ਼ਿੰਦਗੀ ਦੇ ਪ੍ਰਛਾਵੇਂ ਨੂੰ ਗਲ ਨਾਲ ਲਾਓ, ਸਹਿਲਾਓ, ਲਾਡ-ਲਡਾਓ ਅਤੇ ਬੁੱਕਲ ਦਾ ਯਾਰ ਬਣਾਓ। ਜ਼ਿੰਦਗੀ ਬਹੁਤ ਹੀ ਹੁਸੀਨ, ਰੰਗੀਨ ਅਤੇ ਨਾਜ਼ਨੀਨ ਹੋ ਜਾਵੇਗੀ।

ਸਭ ਤੋਂ ਖ਼ੂਬਸੂਰਤ ਹੁੰਦੇ ਨੇ ਅਜੇਹੇ ਜ਼ਿੰਦਗੀ ਦੇ ਪ੍ਰਛਾਵੇਂ ਜੋ ਬੰਦੇ ਦੀ ਖੁਦ ਦੀ ਧੁੱਪ ਵਿਚ ਬਣਦੇ ਅਤੇ ਜਿਨ੍ਹਾਂ 'ਤੇ ਵਕਤ ਨੂੰ ਵੀ ਨਾਜ਼ ਹੁੰਦਾ।

ਜ਼ਿੰਦਗੀ ਦੇ ਪ੍ਰਛਾਵੇਂ ਸਾਡੇ ਜੀਵਨ-ਰਾਹਾਂ ਨੂੰ ਪਹਿਲ-ਕਦਮੀ, ਪੈੜਾਂ, ਪਛਾਣ ਅਤੇ ਪ੍ਰਤਿਸ਼ਠਾ ਬਖ਼ਸ਼ਦੇ ਤਾਂ ਹੀ ਅਸੀਂ ਆਪਣੇ ਪ੍ਰਛਾਵਿਆਂ ਨੂੰ ਖੁਸ਼ੀ ਖੁਸ਼ੀ ਮੋਢਿਆਂ 'ਤੇ ਢੋਂਦੇ।

ਕਦੇ ਕਦੇ ਅਸੀਂ ਆਪਣੀ ਜ਼ਿੰਦਗੀ ਦਾ ਪਰਛਾਵਾਂ ਸ਼ੀਸ਼ੇ ਵਿਚੋਂ ਵੀ ਦੇਖਦੇ ਹਾਂ। ਅਸੀਂ ਹੱਸਦੇ ਤਾਂ ਹੱਸਦਾ, ਰੋਂਦੇ ਤਾਂ ਰੋਂਦਾ, ਸਿਸਕਦੇ ਤਾਂ ਸਿਸਕਦਾ ਅਤੇ ਮੁਸਕਰਾਉਂਦੇ ਤਾਂ ਮੁਸਕਰਾਉਂਦਾ। ਇਹ ਪਰਛਾਵਾਂ ਕਦੇ ਵੀ ਝੂਠ ਨਹੀਂ ਬੋਲਦਾ।

ਜ਼ਿੰਦਗੀ ਨੂੰ ਸਮਝਣ ਲਈ ਜ਼ਿੰਦਗੀ ਦੇ ਪ੍ਰਛਾਵੇਂ ਵੰਨੀਂ ਦੇਖਣਾ ਅਤੇ ਜ਼ਿੰਦਗੀ ਦੇ ਜਸ਼ਨ ਲਈ ਹਮੇਸ਼ਾ ਚਾਨਣ ਵੱਲ ਨਿਗਾਹ ਰੱਖਣਾ।

ਮੇਰੇ ਨਾਲ-ਨਾਲ ਚੱਲਦੇ ਜ਼ਿੰਦਗੀ ਦੇ ਪ੍ਰਛਾਵੇਂ ਨੂੰ ਮੈਂ ਆਖਰ ਇਕ ਦਿਨ ਪੁੱਛ ਹੀ ਲਿਆ ਕਿ ਤੂੰ ਕਾਹਤੋਂ ਹਰਦਮ ਮੇਰੇ ਨਾਲ ਰਹਿਨਾ ਏਂ? ਉਹ ਹੱਸ ਕੇ ਬੋਲਿਆ, "ਦੱਸੀਂ ਖਾਂ! ਹੋਰ ਤੇਰੇ ਨਾਲ ਰਹਿ ਵੀ ਕੌਣ ਗਿਆ ਏ?" ਤੇ ਮੈਂ ਭੁਚੱਕਾ ਰਹਿ ਗਿਆ ਉਸਦੀ ਹਾਜ਼ਰ-ਜਵਾਬੀ 'ਤੇ।

## ਜੰਗ ਤੋ ਖੁਦ ਹੀ ਏਕ ਮਸਲਾ ਹੈ

*(ਸਫਾ 15 ਦਾ ਬਾਕੀ)*

ਹਨ। ਇਸ ਸਮੇਂ ਮੱਧ ਏਸ਼ੀਆ ਵਿਚ ਵੱਖ-ਵੱਖ ਦੇਸ਼ਾਂ ਵਿਚਕਾਰ ਜੰਗਾਂ ਛਿੜੀਆਂ ਹੋਈਆਂ ਹਨ।

ਯੁੱਧ ਦੌਰਾਨ ਮਾਨਵ ਜੀਵਨ ਦਾ ਬੇਹੱਦ ਘਾਣ ਹੁੰਦਾ ਹੈ ਇਸ ਦੇ ਚਲਦਿਆਂ ਹਜ਼ਾਰਾਂ ਲੋਕ ਮਾਰੇ ਜਾਂਦੇ ਤੇ ਲੱਖਾਂ ਜ਼ਖਮੀ ਹੋ ਜਾਂਦੇ ਹਨ ਅਤੇ ਬੇਸ਼ੁਮਾਰ ਲੋਕ ਅੰਗਹੀਣ ਹੋ ਗਏ। ਜਦੋਂ ਬਹੁਤ ਸਾਰੇ ਪਰਿਵਾਰ ਉਜੜ ਜਾਂਦੇ ਹਨ ਜਾਂ ਹਿਜਰਤ ਕਰਨ ਲਈ ਮਜਬੂਰ ਹੋ ਜਾਂਦੇ ਹਨ।

ਇਸ ਤੋਂ ਇਲਾਵਾ ਜੰਗ ਦੌਰਾਨ ਆਰਥਿਕ ਤਬਾਹੀ ਦਾ ਅੰਦਾਜ਼ਾ ਲਗਾਉਣਾ ਵੀ ਮੁਸ਼ਕਿਲ ਹੈ ਸੜਕਾਂ, ਪੁਲਾਂ, ਬਿਜਲੀ ਦੇ ਢਾਂਚੇ ਵਰਗਾ ਬੁਨਿਆਦੀ ਢਾਂਚਾ ਨਸ਼ਟ ਹੋ ਜਾਂਦਾ ਹੈ। ਇਸ ਦੇ ਨਾਲ ਨਾਲ ਖੇਤੀਬਾੜੀ ਅਤੇ ਉਦਯੋਗ ਨੂੰ ਭਾਰੀ ਨੁਕਸਾਨ ਹੁੰਦਾ ਹੈ। ਵਪਾਰ ਬੰਦ ਹੋ ਜਾਂਦਾ ਹੈ ਅਤੇ ਨਿਵੇਸ਼ ਵੀ ਰੁਕ ਜਾਂਦਾ ਹੈ। ਮਹਿੰਗਾਈ ਅਤੇ ਬੇਰੁਜ਼ਗਾਰੀ 'ਚ ਅਥਾਹ ਵਾਧਾ ਹੁੰਦਾ ਹੈ। ਲੱਖਾਂ ਲੋਕ ਹਿਜਰਤ ਦਾ ਦਰਦ ਹੰਢਾਉਣ ਲਈ ਮਜਬੂਰ ਹੋ ਜਾਂਦੇ ਹਨ।

ਇਸ ਦੇ ਨਾਲ ਨਾਲ ਸਥਾਨਕ ਸਰੋਤਾਂ 'ਤੇ ਦਬਾਅ ਵਧ ਜਾਂਦਾ ਹੈ ਜਿਸ ਨਾਲ ਸਮਾਜਿਕ ਤਣਾਅ ਵਧਦਾ ਹੈ। ਸੱਭਿਆਚਾਰਕ ਅਤੇ ਇਤਿਹਾਸਕ ਵਿਰਾਸਤ ਦੀ ਤਬਾਹੀ ਹੁੰਦੀ ਹੈ ਇਤਿਹਾਸਕ ਇਮਾਰਤਾਂ, ਪੁਰਾਤੱਤਵ ਸਥਲ ਅਤੇ ਲਾਇਬ੍ਰੇਰੀਆਂ ਨਸ਼ਟ ਹੋ ਜਾਂਦੀਆਂ ਹਨ। ਜਿਸ ਦੇ ਚਲਦਿਆਂ ਸੱਭਿਆਚਾਰਕ ਪਛਾਣ ਨੂੰ ਨੁਕਸਾਨ ਪਹੁੰਚਦਾ ਹੈ, ਰਿਵਾਇਤਾਂ ਅਤੇ ਭਾਸ਼ਾਵਾਂ 'ਤੇ ਬੁਰਾ ਅਸਰ ਪੈਂਦਾ ਹੈ।

ਬੰਬਾਰੀ ਅਤੇ ਧਮਾਕਿਆਂ ਦੇ ਨਤੀਜੇ ਵਜੋਂ ਧਰਤੀ, ਪਾਣੀ ਅਤੇ ਹਵਾ ਬੇਹੱਦ ਪ੍ਰਦੂਸ਼ਿਤ ਹੁੰਦੇ ਹਨ। ਆਮ ਨਾਗਰਿਕ, ਖਾਸ ਕਰਕੇ ਬੱਚੇ, ਗੰਭੀਰ ਤਣਾਅ ਅਤੇ ਸਦਮੇ ਦਾ ਸ਼ਿਕਾਰ ਹੁੰਦੇ ਹਨ। ਸਮਾਜਿਕ ਅਸਥਿਰਤਾ ਦਾ ਮਾਹੌਲ ਬਣ ਜਾਂਦਾ ਹੈ ਕਾਨੂੰਨ ਦੀ ਘਾਟ, ਜੰਗੀ ਆਗੂਆਂ ਦਾ ਉਭਾਰ, ਅਤੇ ਅਪਰਾਧਾਂ ਵਿਚ ਵਾਧਾ ਵੇਖਣ ਨੂੰ ਮਿਲਦਾ ਹੈ।

ਪਰ ਜੇਕਰ ਹਾਲੀਆ ਘਟਨਾਵਾਂ ਨੂੰ ਵੇਖਿਆ ਜਾਵੇ ਤਾਂ ਕੁੱਲ ਮੱਧ ਪੂਰਵ ਏਸ਼ੀਆ ਨੂੰ ਵੱਡੀਆਂ ਤਾਕਤਾਂ ਆਪਣੀਆਂ ਲਾਲਸਾਵਾਂ ਦੀ ਪੂਰਤੀ ਲਈ ਜੰਗ ਦਾ ਅਖਾੜਾ ਬਣਾਇਆ ਹੋਇਆ ਹੈ ਉਹ ਕਿਸੇ ਵੀ ਦੇਸ਼ ਦੇ ਲੋਕਾਂ ਲਈ ਚੰਗੀ ਗੱਲ ਨਹੀਂ ਹੈ। ਸਿਰਫ਼ ਆਪਣੇ ਹਥਿਆਰਾਂ ਨੂੰ ਵੇਚਣ ਲਈ ਅਤੇ ਆਪਣੇ ਵਪਾਰ ਨੂੰ ਵਧਾਉਣ ਲਈ ਮਾਸੂਮ ਲੋਕਾਂ ਦੇ ਜੀਵਨ ਨੂੰ ਦਾਅ 'ਤੇ ਲਗਾ ਦੇਣਾ ਕਿਸੇ ਵੀ ਸੱਭਿਅਕ ਕੌਮ ਜਾਂ ਦੇਸ਼ ਨੂੰ ਸੋਭਾ ਨਹੀਂ ਦਿੰਦਾ। ਪਿਛਲੇ ਦਿਨੀਂ ਯੁੱਧ ਦੀਆਂ ਤਬਾਹਕਾਰੀਆਂ ਦੇ ਦ੍ਰਿਸ਼ ਨੂੰ ਰੂਪਮਾਨ ਕਰਦਿਆਂ ਮੈਂ ਇੱਕ ਨਜ਼ਮ 'ਜੰਗ' ਲਿਖੀ ਸੀ ਜਿਸ ਦੀਆਂ ਕੁੱਝ ਪੰਕਤੀਆਂ ਹਨ:

ਜੰਗ ਤੇ ਆਖਿਰ ਜੰਗ ਹੁੰਦੀ ਹੈ।
ਨਾ ਤੁਧ ਨਾ ਮੁਝ ਸੰਗ ਹੁੰਦੀ ਹੈ।
ਬੰਬ ਫੱਟਣ ਦਾ ਰੌਲਾ-ਗੌਲਾ,
ਸੁੱਖ-ਸ਼ਾਂਤੀ ਸਭ ਭੰਗ ਹੁੰਦੀ ਹੈ।
ਸਰਹਦੀਂ ਬੈਠੇ ਜਵਾਨਾਂ ਦੇ,
ਹਰ ਪਲ ਮੌਤ ਜਿਵੇਂ ਸੰਗ ਹੁੰਦੀ ਹੈ।
ਚੁੰਨੀ ਕਿਸੇ ਦੀ ਲੱਥੀ ਹੋਈ,
ਟੁੱਟੀ ਮੁਟਿਆਰ ਦੀ ਵੰਗ ਹੁੰਦੀ ਹੈ।
ਭੁੱਖਮਰੀ ਤੇ ਚੀਕ ਚਿਹਾੜਾ,
ਖ਼ਿਲਕ਼ਤ ਇੱਕ ਦਮ ਨੰਗ ਹੁੰਦੀ ਹੈ।
ਖਾਧ-ਖੁਰਾਕ ਦੀ ਥੁੜ ਹੁੰਦੀ ਹੈ,
ਆਟੇ-ਦਾਲ ਦੀ ਮੰਗ ਹੁੰਦੀ ਹੈ।
ਟੁੱਟੇ ਭਜੇ ਤਬਾਹ ਘਰਾਂ ਵਿਚ,
ਦਹਿਸ਼ਤ ਅੱਖਾਂ ਸੰਗ ਹੁੰਦੀ ਹੈ।
ਚਾਰ-ਚੁਫੇਰੇ ਧੂਆਂ ਧੂਆਂ...
ਜ਼ਿੰਦਗੀ ਜਿਵੇਂ ਬਦ-ਰੰਗ ਹੁੰਦੀ ਹੈ।
ਯੁੱਧ ਦੇ ਖੇਤਰ ਵਿਚ *ਅੱਬਾਸ*
ਜ਼ਿੰਦਗੀ ਇੱਕ ਦਮ ਤੰਗ ਹੁੰਦੀ ਹੈ।

# ਸਾਈਬਰ ਗਰੂਮਿੰਗ ਕਿੰਨੀ ਖਤਰਨਾਕ...?

ਸਾਈਬਰ ਗਰੂਮਿੰਗ ਇੱਕ ਅਜਿਹਾ ਸ਼ਬਦ ਹੈ ਜੋ ਆਧੁਨਿਕ ਡਿਜੀਟਲ ਯੁੱਗ ਵਿਚ ਬਹੁਤ ਚਰਚਾ ਵਿਚ ਆਇਆ ਹੈ। ਇਹ ਉਹ ਪ੍ਰਕਿਰਿਆ ਹੈ ਜਿਸ ਵਿਚ ਕੋਈ ਵਿਅਕਤੀ, ਜ਼ਿਆਦਾਤਰ ਬਾਲਗ, ਇੰਟਰਨੈੱਟ ਜਾਂ ਡਿਜੀਟਲ ਸਾਧਨਾਂ ਦੀ ਮਦਦ ਨਾਲ ਇੱਕ ਨਾਬਾਲਗ, ਭਾਵ ਬੱਚੇ ਜਾਂ ਕਿਸ਼ੋਰ, ਨਾਲ ਸੰਪਰਕ ਸਥਾਪਤ ਕਰਦਾ ਹੈ ਅਤੇ ਉਸ ਨਾਲ ਇੱਕ ਵਿਸ਼ਵਾਸ ਭਰਿਆ ਰਿਸ਼ਤਾ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਦਾ ਮੁੱਖ ਉਦੇਸ਼ ਬੱਚੇ ਨੂੰ ਜਿਨਸੀ ਸ਼ੋਸ਼ਣ, ਧੋਖਾਧੜੀ ਜਾਂ ਕਿਸੇ ਹੋਰ ਗੈਰ-ਕਾਨੂੰਨੀ ਗਤੀਵਿਧੀ ਲਈ ਤਿਆਰ

**ਸੰਦੀਪ ਕੁਮਾਰ**
**ਫੋਨ: 70098-07121**

ਕਰਨਾ ਹੁੰਦਾ ਹੈ। ਇਹ ਇੱਕ ਗੰਭੀਰ ਸਮੱਸਿਆ ਹੈ ਜੋ ਸਮਾਜ ਦੇ ਹਰ ਵਰਗ ਨੂੰ ਪ੍ਰਭਾਵਿਤ ਕਰ ਰਹੀ ਹੈ, ਖਾਸ ਕਰਕੇ ਉਨ੍ਹਾਂ ਬੱਚਿਆਂ ਨੂੰ ਜੋ ਇੰਟਰਨੈੱਟ ਦੀ ਦੁਨੀਆ ਵਿਚ ਬਹੁਤ ਜ਼ਿਆਦਾ ਸਮਾਂ ਬਿਤਾਉਂਦੇ ਹਨ। ਇੰਟਰਨੈੱਟ ਦੀ ਪਹੁੰਚ ਅਤੇ ਗੁਪਤਤਾ ਨੇ ਅਜਿਹੇ ਅਪਰਾਧੀਆਂ ਲਈ ਇੱਕ ਸੁਰੱਖਿਅਤ ਮਾਹੌਲ ਤਿਆਰ ਕਰ ਦਿੱਤਾ ਹੈ, ਜਿੱਥੇ ਉਹ ਆਪਣੀ ਪਛਾਣ ਲੁਕਾ ਕੇ ਆਪਣੇ ਮਨਸੂਬਿਆਂ ਨੂੰ ਅੰਜਾਮ ਦੇ ਸਕਦੇ ਹਨ।

ਇਹ ਪ੍ਰਕਿਰਿਆ ਅਕਸਰ ਸੋਸ਼ਲ ਮੀਡੀਆ ਪਲੇਟਫਾਰਮਾਂ, ਚੈਟ ਐਪਲੀਕੇਸ਼ਨਾਂ, ਆਨਲਾਈਨ ਗੇਮਿੰਗ ਸਾਈਟਾਂ, ਜਾਂ ਫਿਰ ਈਮੇਲ ਰਾਹੀਂ ਸ਼ੁਰੂ ਹੁੰਦੀ ਹੈ। ਅਪਰਾਧੀ ਆਪਣੀ ਅਸਲ ਪਛਾਣ ਨੂੰ ਛੁਪਾਉਂਦਾ ਹੈ ਅਤੇ ਆਪਣੇ ਆਪ ਨੂੰ ਬੱਚੇ ਦੀ ਉਮਰ ਦਾ ਜਾਂ ਕੋਈ ਭਰੋਸੇਯੋਗ ਵਿਅਕਤੀ ਵਜੋਂ ਪੇਸ਼ ਕਰਦਾ ਹੈ। ਉਹ ਸ਼ੁਰੂਆਤ ਵਿਚ ਬੱਚੇ ਨਾਲ ਦੋਸਤਾਨਾ ਗੱਲ-ਬਾਤ ਕਰਦਾ ਹੈ, ਉਸ ਦੀਆਂ ਰੁਚੀਆਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਅਤੇ ਹੌਲੀ-ਹੌਲੀ ਉਸ ਦਾ ਵਿਸ਼ਵਾਸ ਜਿੱਤਣ ਦਾ ਯਤਨ ਕਰਦਾ ਹੈ। ਇੱਕ ਵਾਰ ਜਦੋਂ ਬੱਚਾ ਉਸ ਨਾਲ ਆਰਾਮਦਾਇਕ ਮਹਿਸੂਸ ਕਰਨ ਲੱਗ ਪੈਂਦਾ ਹੈ, ਤਾਂ ਅਪਰਾਧੀ ਗੱਲਬਾਤ ਨੂੰ ਜਿਨਸੀ ਸਮੱਗਰੀ ਵੱਲ ਮੋੜ ਦਿੰਦਾ ਹੈ, ਨਿੱਜੀ ਜਾਣਕਾਰੀ ਮੰਗਦਾ ਹੈ ਜਾਂ ਬੱਚੇ ਨੂੰ ਸਰੀਰਕ ਤੌਰ 'ਤੇ ਮਿਲਣ ਲਈ ਉਕਸਾਉਂਦਾ ਹੈ। ਇਹ ਸਾਰਾ ਕੁਝ ਬਹੁਤ ਸੂਝਵਾਨ ਅਤੇ ਯੋਜਨਾਬੱਧ ਤਰੀਕੇ ਨਾਲ ਕੀਤਾ ਜਾਂਦਾ ਹੈ, ਜਿਸ ਕਾਰਨ ਬੱਚੇ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸ਼ੱਕ ਵੀ ਨਹੀਂ ਹੁੰਦਾ।

ਅਪਰਾਧੀ ਬੱਚਿਆਂ ਦੀ ਮਾਨਸਿਕਤਾ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਉਹ ਜਾਣਦੇ ਹਨ ਕਿ ਬੱਚਿਆਂ ਵਿਚ ਉਤਸੁਕਤਾ, ਇਕੱਲਤਾ, ਜਾਂ ਪ੍ਰਵਾਨਗੀ ਪ੍ਰਾਪਤ ਕਰਨ ਦੀ ਇੱਛਾ ਵਰਗੀਆਂ ਕਮਜ਼ੋਰੀਆਂ ਹੁੰਦੀਆਂ ਹਨ। ਇਸ ਲਈ ਉਹ ਇਨ੍ਹਾਂ ਭਾਵਨਾਵਾਂ ਦਾ ਫਾਇਦਾ ਉਠਾਉਂਦੇ ਹਨ। ਉਹ ਬੱਚਿਆਂ ਦੀ ਤਾਰੀਫ ਕਰਦੇ ਹਨ, ਉਨ੍ਹਾਂ ਨੂੰ ਤੋਹਫੇ ਭੇਜਦੇ ਹਨ ਜਾਂ ਉਨ੍ਹਾਂ ਨੂੰ ਖਾਸ ਮਹਿਸੂਸ ਕਰਵਾਉਂਦੇ ਹਨ। ਇਸ ਤਰ੍ਹਾਂ ਬੱਚਾ ਉਨ੍ਹਾਂ 'ਤੇ ਭਰੋਸਾ ਕਰਨ ਲੱਗ ਪੈਂਦਾ ਹੈ ਅਤੇ ਉਨ੍ਹਾਂ ਦੀਆਂ ਗੱਲਾਂ ਮੰਨਣ ਲਈ ਤਿਆਰ ਹੋ ਜਾਂਦਾ ਹੈ। ਕਈ ਵਾਰ ਅਪਰਾਧੀ ਬੱਚੇ ਨੂੰ ਆਪਣੇ ਮਾਪਿਆਂ ਜਾਂ ਦੋਸਤਾਂ ਤੋਂ ਗੱਲਬਾਤ ਲੁਕਾਉਣ ਲਈ ਕਹਿੰਦੇ ਹਨ, ਜਿਸ ਨਾਲ ਬੱਚਾ ਹੋਰ ਵੀ ਅਲੱਗ-ਥਲੱਗ ਹੋ ਜਾਂਦਾ ਹੈ ਅਤੇ ਅਪਰਾਧੀ ਦੇ ਪ੍ਰਭਾਵ ਵਿਚ ਆ ਜਾਂਦਾ ਹੈ।

ਸਾਈਬਰ ਗਰੂਮਿੰਗ ਦੀ ਖਤਰਨਾਕਤਾ ਇਸ ਦੇ ਗੰਭੀਰ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੇ ਪ੍ਰਭਾਵਾਂ ਵਿਚ ਸਾਫ ਨਜ਼ਰ ਆਉਂਦੀ ਹੈ। ਜਦੋਂ ਕੋਈ ਬੱਚਾ ਇਸ ਦਾ ਸ਼ਿਕਾਰ ਬਣਦਾ ਹੈ, ਤਾਂ ਉਸ ਦੇ ਮਨ 'ਤੇ ਡੂੰਘਾ ਅਸਰ ਪੈਂਦਾ ਹੈ। ਉਹ ਡਰ, ਸ਼ਰਮਿੰਦਗੀ, ਅਤੇ ਗਿਲਟ ਦੀਆਂ ਭਾਵਨਾਵਾਂ ਨਾਲ ਘਿਰ ਜਾਂਦਾ ਹੈ। ਉਸ ਨੂੰ ਲੱਗਦਾ ਹੈ ਕਿ ਜੋ ਕੁਝ ਵੀ ਹੋਇਆ, ਉਸ ਵਿਚ ਉਸ ਦੀ ਗਲਤੀ ਸੀ। ਇਸ ਕਾਰਨ ਉਸ ਦਾ ਆਤਮ-ਸਨਮਾਨ ਘਟ ਜਾਂਦਾ ਹੈ ਅਤੇ ਉਹ ਆਪਣੇ ਆਪ ਨੂੰ ਸਮਾਜ ਤੋਂ ਵੱਖ ਕਰ ਲੈਂਦਾ ਹੈ। ਕਈ ਮਾਮਲਿਆਂ ਵਿਚ ਇਹ ਮਾਨਸਿਕ ਸਮੱਸਿਆਵਾਂ ਜਿਵੇਂ ਕਿ ਡਿਪਰੈਸ਼ਨ, ਚਿੰਤਾ ਅਤੇ ਪੋਸਟ-ਟਰੌਮੈਟਿਕ ਸਟ੍ਰੈਸ ਡਿਸਆਰਡਰ ਵਰਗੀਆਂ ਬਿਮਾਰੀਆਂ ਦਾ ਕਾਰਨ ਬਣ ਜਾਂਦਾ ਹੈ। ਇਹ ਸਮੱਸਿਆਵਾਂ ਬੱਚੇ ਦੀ ਜ਼ਿੰਦਗੀ ਨੂੰ ਸਾਲਾਂ ਤੱਕ ਪ੍ਰਭਾਵਿਤ ਕਰ ਸਕਦੀਆਂ ਹਨ ਅਤੇ ਉਸ ਦੇ ਭਵਿੱਖ ਨੂੰ ਅਸੁਰੱਖਿਅਤ ਬਣਾ ਸਕਦੀਆਂ ਹਨ।

ਇਸ ਤੋਂ ਇਲਾਵਾ, ਸਾਈਬਰ ਗਰੂਮਿੰਗ ਦਾ ਸਰੀਰਕ ਖਤਰਾ ਵੀ ਬਹੁਤ ਵੱਡਾ ਹੈ। ਜੇ ਗੱਲ-



ਬਾਤ ਆਨਲਾਈਨ ਤੋਂ ਆਫਲਾਈਨ ਮੁਲਾਕਾਤ ਤੱਕ ਪਹੁੰਚ ਜਾਂਦੀ ਹੈ, ਤਾਂ ਬੱਚੇ ਨੂੰ ਜਿਨਸੀ ਸ਼ੋਸ਼ਣ, ਅਗਵਾ ਜਾਂ ਸਰੀਰਕ ਹਿੰਸਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਜਿਹੀਆਂ ਘਟਨਾਵਾਂ ਬੱਚੇ ਦੀ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਸਕਦੀਆਂ ਹਨ। ਇੱਕ ਵਾਰ ਜਦੋਂ ਬੱਚਾ ਅਪਰਾਧੀ ਦੇ ਸੰਪਰਕ ਵਿਚ ਆ ਜਾਂਦਾ ਹੈ, ਤਾਂ ਉਸ ਦੀ ਸੁਰੱਖਿਆ ਨੂੰ ਗੰਭੀਰ ਖਤਰਾ ਪੈਦਾ ਹੋ ਜਾਂਦਾ ਹੈ। ਅਪਰਾਧੀ ਬੱਚੇ ਨੂੰ ਆਪਣੇ ਨਾਲ ਲੈ ਜਾ ਸਕਦਾ ਹੈ ਜਾਂ ਉਸ ਨਾਲ ਕੋਈ ਅਜਿਹਾ ਕੰਮ ਕਰ ਸਕਦਾ ਹੈ ਜਿਸ ਦਾ ਅਸਰ ਉਸ ਦੀ ਸਾਰੀ ਜ਼ਿੰਦਗੀ 'ਤੇ ਪੈ ਸਕਦਾ ਹੈ। ਇਸ ਦੇ ਨਾਲ ਹੀ, ਸਾਈਬਰ ਗਰੂਮਿੰਗ ਦਾ ਸਮਾਜਿਕ ਪ੍ਰਭਾਵ ਵੀ ਘੱਟ ਨਹੀਂ ਹੈ। ਜਿਹੜੇ ਬੱਚੇ ਇਸ ਦਾ ਸ਼ਿਕਾਰ ਹੁੰਦੇ ਹਨ, ਉਹ ਅਕਸਰ ਆਪਣੇ ਪਰਿਵਾਰ ਅਤੇ ਦੋਸਤਾਂ ਤੋਂ ਦੂਰ ਹੋ ਜਾਂਦੇ ਹਨ। ਉਹ ਆਪਣੇ ਤਜਰਬੇ ਨੂੰ ਲੁਕਾਉਣ ਦੀ ਕੋਸ਼ਿਸ਼ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਕਿਤੇ ਉਨ੍ਹਾਂ ਦੀ ਬੇਇੱਜ਼ਤੀ ਨਾ ਹੋ ਜਾਵੇ। ਇਸ ਕਾਰਨ ਉਨ੍ਹਾਂ ਦੇ ਸਮਾਜਿਕ ਰਿਸ਼ਤੇ ਖਰਾਬ ਹੋ ਜਾਂਦੇ ਹਨ ਅਤੇ ਉਹ ਇਕੱਲੇਪਣ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਇਕੱਲਾਪਣ ਉਨ੍ਹਾਂ ਨੂੰ ਹੋਰ ਵੀ ਕਮਜ਼ੋਰ ਬਣਾ ਦਿੰਦਾ ਹੈ ਅਤੇ ਅਪਰਾਧੀ ਨੂੰ ਉਨ੍ਹਾਂ 'ਤੇ ਹਾਵੀ ਹੋਣ ਦਾ ਮੌਕਾ ਦਿੰਦਾ ਹੈ।

ਸਾਈਬਰ ਗਰੂਮਿੰਗ ਦਾ ਇੱਕ ਹੋਰ ਖਤਰਨਾਕ ਪਹਿਲੂ ਇਹ ਵੀ ਹੈ ਕਿ ਇਹ ਅਕਸਰ ਬਲੈਕਮੇਲਿੰਗ ਦਾ ਕਾਰਨ ਬਣ ਜਾਂਦੀ ਹੈ। ਜੇ ਬੱਚਾ ਅਪਰਾਧੀ ਨਾਲ ਕੋਈ ਨਿੱਜੀ ਤਸਵੀਰ ਜਾਂ ਵੀਡੀਓ ਸਾਂਝੀ ਕਰ ਦਿੰਦਾ ਹੈ, ਤਾਂ ਅਪਰਾਧੀ ਉਸ ਨੂੰ ਇਸ ਦੀ ਵਰਤੋਂ ਕਰ ਕੇ ਬਲੈਕਮੇਲ ਕਰ ਸਕਦਾ ਹੈ। ਉਹ ਬੱਚੇ ਤੋਂ ਪੈਸੇ ਮੰਗ ਸਕਦਾ ਹੈ, ਹੋਰ ਜਿਨਸੀ ਸਮੱਗਰੀ ਦੀ ਮੰਗ ਕਰ ਸਕਦਾ ਹੈ ਜਾਂ ਉਸ ਨੂੰ ਚੁੱਪ ਰਹਿਣ ਲਈ ਧਮਕੀ ਦੇ ਸਕਦਾ ਹੈ। ਇਸ ਨਾਲ ਨਾ ਸਿਰਫ ਬੱਚੇ ਦੀ ਪ੍ਰਤਿਸ਼ਠਾ ਨੂੰ ਨੁਕਸਾਨ ਪਹੁੰਚਦਾ ਹੈ, ਸਗੋਂ ਪਰਿਵਾਰ ਨੂੰ ਵੀ ਵਿੱਤੀ ਅਤੇ ਭਾਵਨਾਤਮਕ ਨੁਕਸਾਨ ਝੱਲਣਾ ਪੈ ਸਕਦਾ ਹੈ। ਕਈ ਵਾਰ ਪਰਿਵਾਰ ਅਪਰਾਧੀ ਦੀਆਂ ਮੰਗਾਂ ਪੂਰੀਆਂ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਰ ਇਹ ਸਮੱਸਿਆ ਨੂੰ ਹੱਲ ਨਹੀਂ ਕਰਦਾ, ਸਗੋਂ ਹੋਰ ਵਧਾ ਦਿੰਦਾ ਹੈ। ਸਾਈਬਰ ਗਰੂਮਿੰਗ ਦਾ ਬੱਚਿਆਂ ਦੀ ਸਿੱਖਿਆ ਅਤੇ ਭਵਿੱਖ 'ਤੇ ਵੀ ਬਹੁਤ ਬੁਰਾ ਅਸਰ ਪੈਂਦਾ ਹੈ। ਜਿਹੜੇ ਬੱਚੇ ਇਸ ਦਾ ਸ਼ਿਕਾਰ ਹੁੰਦੇ ਹਨ, ਉਨ੍ਹਾਂ ਦਾ ਧਿਆਨ ਪੜ੍ਹਾਈ ਤੋਂ ਹਟ ਜਾਂਦਾ ਹੈ। ਉਹ ਸਕੂਲ ਜਾਣ ਤੋਂ ਝਿਜਕਣ ਲੱਗ ਪੈਂਦੇ ਹਨ, ਆਪਣੇ ਸਹਿਪਾਠੀਆਂ ਤੋਂ ਦੂਰੀ ਬਣਾਉਂਦੇ ਹਨ ਅਤੇ ਕਈ ਵਾਰ ਸਕੂਲ ਵੀ ਛੱਡ ਦਿੰਦੇ ਹਨ। ਇਸ ਕਾਰਨ ਉਨ੍ਹਾਂ ਦੇ ਭਵਿੱਖ ਦੇ ਟੀਚੇ ਅਤੇ ਸੁਪਨੇ ਪੂਰੇ ਨਹੀਂ ਹੋ ਪਾਉਂਦੇ। ਇੱਕ ਸਿਹਤਮੰਦ ਅਤੇ ਸਫਲ ਜ਼ਿੰਦਗੀ ਜਿਉਣ ਦੀ ਬਜਾਏ, ਉਹ ਮਾਨਸਿਕ ਅਤੇ ਸਮਾਜਿਕ ਸਮੱਸਿਆਵਾਂ ਵਿਚ ਉਲਝ ਕੇ ਰਹਿ ਜਾਂਦੇ ਹਨ।

ਵਿਸ਼ਵ ਪੱਧਰ 'ਤੇ ਸਾਈਬਰ ਗਰੂਮਿੰਗ ਦੇ ਅੰਕੜੇ ਦੇਖਣ ਤੋਂ ਪਤਾ ਲੱਗਦਾ ਹੈ ਕਿ ਇਹ ਸਮੱਸਿਆ ਕਿੰਨੀ ਤੇਜ਼ੀ ਨਾਲ ਵਧ ਰਹੀ ਹੈ। ਉਦਾਹਰਣ ਵਜੋਂ, ਯੂਰਪੀਅਨ ਯੂਨੀਅਨ ਦੀ ਇੱਕ ਰਿਪੋਰਟ ਮੁਤਾਬਕ, 2020 ਵਿਚ ਆਨਲਾਈਨ ਸ਼ੋਸ਼ਣ ਨਾਲ ਜੁੜੇ ਮਾਮਲਿਆਂ ਵਿਚ 50 ਪ੍ਰਤੀਸ਼ਤ ਤੋਂ ਵੱਧ ਵਾਧਾ ਹੋਇਆ ਸੀ। ਭਾਰਤ ਵਿਚ ਵੀ ਸਾਈਬਰ ਅਪਰਾਧਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਅਤੇ ਇਸ ਵਿਚ ਬੱਚਿਆਂ ਨਾਲ ਜੁੜੇ ਮਾਮਲੇ ਵੀ ਸ਼ਾਮਲ ਹਨ। ਇਹ ਅੰਕੜੇ ਸਾਨੂੰ ਇਸ ਸਮੱਸਿਆ ਦੀ ਗੰਭੀਰਤਾ ਦਾ ਅਹਿਸਾਸ ਕਰਵਾਉਂਦੇ ਹਨ ਅਤੇ ਇਸ ਨਾਲ ਨਜਿੱਠਣ ਦੀ ਲੋੜ 'ਤੇ ਜ਼ੋਰ ਦਿੰਦੇ ਹਨ। ਇਸ ਖਤਰੇ ਤੋਂ ਬਚਣ ਲਈ ਸਭ ਤੋਂ ਪਹਿਲਾਂ ਜਾਗਰੂਕਤਾ ਦੀ ਲੋੜ ਹੈ। ਮਾਪਿਆਂ ਅਤੇ ਬੱਚਿਆਂ ਨੂੰ ਇੰਟਰਨੈੱਟ ਦੀ ਸੁਰੱਖਿਅਤ ਵਰਤੋਂ ਬਾਰੇ ਸਿੱਖਿਆ ਦੇਣੀ ਚਾਹੀਦੀ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਨਾਲ ਖੁੱਲ੍ਹ ਕੇ ਗੱਲਬਾਤ ਕਰਨੀ ਚਾਹੀਦੀ ਹੈ ਤਾਂ ਜੋ ਉਹ ਕਿਸੇ ਵੀ ਸਮੱਸਿਆ ਨੂੰ ਬਿਨਾਂ ਡਰੇ ਸਾਂਝਾ ਕਰ ਸਕਣ। ਇਸ ਤੋਂ ਇਲਾਵਾ, ਤਕਨੀਕੀ ਸੁਰੱਖਿਆ ਵੀ ਬਹੁਤ ਜ਼ਰੂਰੀ ਹੈ। ਪੇਰੈਂਟਲ ਕੰਟਰੋਲ ਸਾਫਟਵੇਅਰ ਦੀ ਵਰਤੋਂ ਕਰ ਕੇ ਬੱਚਿਆਂ ਦੀ ਆਨਲਾਈਨ ਗਤੀਵਿਧੀ 'ਤੇ ਨਜ਼ਰ ਰੱਖੀ ਜਾ ਸਕਦੀ ਹੈ। ਸਰਕਾਰਾਂ ਨੂੰ ਵੀ ਇਸ ਮਾਮਲੇ ਵਿਚ ਸਖਤ ਕਾਨੂੰਨ ਬਣਾਉਣੇ ਚਾਹੀਦੇ ਹਨ ਅਤੇ ਅਪਰਾਧੀਆਂ ਨੂੰ ਸਜ਼ਾ ਦੇਣੀ ਚਾਹੀਦੀ ਹੈ। ਸਕੂਲਾਂ ਵਿਚ ਡਿਜੀਟਲ ਸੁਰੱਖਿਆ ਨੂੰ ਪਾਠਕ੍ਰਮ ਦਾ ਹਿੱਸਾ ਬਣਾਉਣਾ ਵੀ ਇੱਕ ਵਧੀਆ ਕਦਮ ਹੋ ਸਕਦਾ ਹੈ।

ਸਾਈਬਰ ਗਰੂਮਿੰਗ ਇੱਕ ਅਜਿਹੀ ਸਮੱਸਿਆ ਹੈ ਜੋ ਸਿਰਫ ਇੱਕ ਵਿਅਕਤੀ ਜਾਂ ਪਰਿਵਾਰ ਨੂੰ ਹੀ ਨਹੀਂ, ਸਗੋਂ ਪੂਰੇ ਸਮਾਜ ਨੂੰ ਪ੍ਰਭਾਵਿਤ ਕਰਦੀ ਹੈ। ਇਸ ਦੀ ਖਤਰਨਾਕਤਾ ਨੂੰ ਘੱਟ ਸਮਝਣਾ ਸਾਡੇ ਬੱਚਿਆਂ ਦੇ ਭਵਿੱਖ ਲਈ ਖਤਰਨਾਕ ਸਾਬਤ ਹੋ ਸਕਦਾ ਹੈ। ਸਮਾਜ ਦੇ ਹਰ ਵਰਗ, ਜਿਵੇਂ ਕਿ ਮਾਪਿਆਂ, ਅਧਿਆਪਕਾਂ, ਸਰਕਾਰਾਂ, ਅਤੇ ਤਕਨੀਕੀ ਕੰਪਨੀਆਂ ਨੂੰ ਇਕੱਠੇ ਮਿਲ ਕੇ ਇਸ ਦਾ ਮੁਕਾਬਲਾ ਕਰਨਾ ਪਵੇਗਾ। ਸਿਰਫ ਜਾਗਰੂਕਤਾ, ਸਹੀ ਸਿੱਖਿਆ ਅਤੇ ਸਮੇਂ ਸਿਰ ਕਦਮ ਚੁੱਕ ਕੇ ਹੀ ਅਸੀਂ ਆਪਣੇ ਬੱਚਿਆਂ ਨੂੰ ਇਸ ਡਿਜੀਟਲ ਖਤਰੇ ਤੋਂ ਬਚਾ ਸਕਦੇ ਹਾਂ ਅਤੇ ਉਨ੍ਹਾਂ ਨੂੰ ਇੱਕ ਸੁਰੱਖਿਅਤ ਅਤੇ ਸਿਹਤਮੰਦ ਭਵਿੱਖ ਦੇ ਸਕਦੇ ਹਾਂ।

---

# ਚਿੱਚੜਾਂ ਤੋਂ ਕਿਵੇਂ ਬਚੀਏ?

**ਵਿਅੰਗ**

ਤੁਸੀਂ ਸੋਚਦੇ ਹੋਵੋਂਗੇ ਕਿ ਸਾਡੀ ਖੋਪੜੀ ਪੈਦਲ ਚੱਲਣ ਲੱਗ ਪਈ ਹੈ ਜੋ ਅਜਿਹਾ ਮੂਰਖਾਨਾ ਸਵਾਲ ਕਰ ਮਾਰਿਐ। ਭਲਾ ਅਨੇਕਾਂ ਦਵਾਈਆਂ ਹਨ ਇਨ੍ਹਾਂ ਨਾਮੁਰਾਦਾਂ ਤੋਂ ਬਚਣ ਲਈ, ਜੋ ਡੰਗਰਾਂ, ਵਿਸ਼ੇਸ਼ ਕਰ ਕੇ ਦੁਧਾਰੂ ਮੱਝਾਂ ਅਤੇ ਦੂਸਰੇ ਪਾਲਤੂ ਜੀਵਾਂ ਨੂੰ ਚੰਬੜ ਕੇ ਉਨ੍ਹਾਂ ਦਾ ਖੂਨ ਚੂਸਦੇ ਰਹਿੰਦੇ ਹਨ।

ਤੁਸੀਂ ਠੀਕ ਵੀ ਹੋ ਤੇ ਗਲਤ ਵੀ। ਡੰਗਰਾਂ ਵਾਲੇ ਚਿੱਚੜਾਂ ਤੋਂ ਨਿਜਾਤ ਪਾਉਣ ਲਈ ਚਿਕਿਤਸਕ ਤੇ ਹੋਰ ਸਾਧਨ ਹਨ। ਪਰ ਅਸੀਂ ਬੰਦਿਆਂ ਨੂੰ ਚੰਬੜਨ ਵਾਲੇ ਚਿੱਚੜਾਂ ਦੀ ਗੱਲ ਕਰ ਰਹੇ ਹਾਂ ਜੋ ਅਕਸਰ ਅਕਾਰਨ ਹੀ ਆ ਕੇ ਅਲੱਖ ਜਗਾ ਦਿੰਦੇ ਹਨ ਤੇ 'ਸੱਦੀ ਨਾ ਬੁਲਾਈ, ਮੈਂ ਲਾੜ੍ਹੇ ਦੀ ਤਾਈ' ਬਣ ਬਹਿੰਦੇ ਹਨ! ਜਾਣੀ 'ਤੂੰ ਮਾਨ ਨਾ ਮਾਨ, ਮੈਂ ਤੇਰਾ ਮਹਿਮਾਨ'!

ਤੁਸੀਂ 2010 ਦੀ ਉਹ ਹਿੰਦੀ ਫਿਲਮ ਤਾਂ ਦੇਖੀ ਹੀ ਹੋਣੀ ਹੈ, ਓਹੀ 'ਅਤਿਥੀ ਤੁਮ ਕਬ ਜਾਓਗੇ'? ਸਾਡੇ ਮੁਲਕ ਵਿਚ ਜਿਥੇ



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**

'ਅਤਿਥੀ ਦੇਵੋ ਭਵੋ' ਕਹਿ ਕੇ ਮਹਿਮਾਨ-ਨਿਵਾਜ਼ੀ ਦਾ ਸਬੂਤ ਦਿੱਤਾ ਜਾਂਦੈ, ਉਸ ਮੁਲਕ ਵਿਚ ਫਿਲਮ ਦਾ ਅਜਿਹਾ ਟਾਈਟਲ?

ਇੱਕ ਪੰਛੀ-ਝਾਤ ਪਾ ਲੈਨੇ ਹਾਂ ਇਸ ਫਿਲਮ 'ਤੇ। ਇੱਕ ਬਿਨ ਬੁਲਾਇਆ ਮਹਿਮਾਨ ਇਕ ਘਰ ਵਿਚ 'ਘੁਸਪੈਠ' ਕਰ ਜਾਂਦੈ। ਸਵੇਰੇ ਉਠ ਕੇ ਤੜਕੇ-ਤੜਕੇ ਗਰਾਰੇ ਐਂ ਕਰਦੈ ਜਿਵੇਂ ਬਹੁ ਖਾਧਾ ਆਫਰਿਆ ਝੋਟਾ ਅੜਾਟ ਪਾ ਰਿਹਾ ਹੋਵੇ। ਘਰ ਦੇ ਤਾਂ ਘਬਰਾ ਕੇ ਉਠਦੇ ਹੀ ਹਨ, ਗੁਆਂਢੀ ਵੀ ਅਬੜਵਾਹੇ ਜਾਗ ਪੈਂਦੇ ਹਨ। ਰੋਟੀ ਖਾਣ ਉਪਰੰਤ 'ਅਥਿਤੀਗਣ' ਡਕਾਰ ਐਂ ਛਡਦੇ ਹਨ ਜਿਵੇਂ 7-10 ਮਈ ਵਾਲੀ ਹਿੰਦ-ਪਾਕ ਜੰਗ ਵੇਲੇ ਡਰੋਨਾਂ ਰਾਹੀਂ ਸੁਟੇ ਜਾਂ ਹਵਾ ਵਿਚ ਹੀ ਰੋਕੇ ਬੰਬ ਫਟਦੇ ਸਨ! ਪਿਛਵਾੜੇ ਦਾ ਸੁਰਤਾਲ ਤਾਂ ਐਸਾ ਮਨੋਹਰ ਕਿ ਵਿਚਾਰਾ ਕੋਮੋਡ ਵੀ ਸੋਚਦਾ ਹੋਊ ਕਿ ਭਾਰਤ ਨੇ ਹਵਾਈ ਹਮਲੇ ਤਾਂ ਪਾਕਿਸਤਾਨ ਵਿਚਲੇ ਅਤਿਵਾਦੀ ਟਿਕਾਣਿਆਂ 'ਤੇ ਕੀਤੇ ਸਨ ਪਰ ਫਿਰ ਇਹ ਬੰਬ-ਨੁਮਾ ਖੜਾਕ ਉਸ ਉਪਰ ਕਿਉਂ ਹੋ ਰਹੇ ਹਨ? ਹੋਰ ਵੀ ਅਨੇਕਾਂ ਖੂਬੀਆਂ ਹਨ ਆਪਣੇ ਇਸ ਅਚੰਭਾਜਨਕ 'ਅਤਿਥੀ' ਦੀਆਂ, ਜਿਸ ਕਾਰਨ ਘਰ ਵਾਲੇ ਉਸ ਦੇ ਜਾਣ ਦੀ ਨਿਸ ਦਿਨ ਅਰਦਾਸ ਕਰਦੇ ਹਨ ਤੇ ਜਦ ਉਹ ਕੀਲਾ ਗੱਡੀ ਹੀ ਰਖਦੈ ਤਾਂ ਉਹ ਆਪ ਘਰੋਂ ਭੱਜਣ ਦੀ ਯੋਜਨਾ ਉਲੀਕਣ ਲਗ ਪੈਂਦੇ ਹਨ।

ਅਜਿਹੇ ਚਿੱਚੜ ਤਾਂ ਚਮਟੀ/ਮੋਚਨੇ ਨਾਲ ਵੀ ਨਹੀਂ ਲੱਥਦੇ। ਇਨ੍ਹਾਂ ਨੂੰ ਤਾਂ ਲਵੇਰੀਆਂ ਦੇ ਲੇਵਿਆਂ/ਥਣਾਂ ਨਾਲੋਂ ਤੋੜ ਕੇ ਲਾਹੁਣਾ ਪੈਂਦੈ। ਫਿਰ ਵੀ ਕਈ ਅੱਧੇ-ਪਚੱਧੇ ਮਾਸ ਵਿਚ ਖੁੱਭੇ ਹੀ ਰਹਿ ਜਾਂਦੇ ਹਨ! ਇਹ ਫੈਵੀਕੋਲ ਜਾਂ ਬਬਲਗੰਮ ਵਰਗੇ ਮਹਿਮਾਨ ਬਸ ਸਮਝੋ ਲਸੂੜੇ ਵਾਂਗ ਹੀ ਚੰਬੜ ਜਾਂਦੇ ਹਨ! ਇਨ੍ਹਾਂ ਬਾਰੇ ਅਕਸਰ ਕਿਹਾ ਜਾਂਦੈ-'ਇੱਕ ਦਿਨ ਪ੍ਰਾਹੁਣਾ, ਦੋ ਦਿਨ ਪ੍ਰਾਹੁਣਾ ਤੇ ਤੀਜੇ ਦਿਨ ਦਾਦੇ ਮੰਗਾਉਣਾ'! ਅੰਗਰੇਜ਼ੀ ਦਾ ਵੀ ਇੱਕ ਅਖਾਣ ਹੈ ਜਿਸ ਦਾ ਅਰਥ ਹੈ ਕਿ 'ਕਦਰ ਘਟਾ ਦਿੰਦਾ ਹੈ ਨਿਤ ਦਾ ਆਉਣਾ ਜਾਣਾ'। ਸਾਡੀ ਆਪਣੀ ਕਵਿਤਾ ਦੀਆਂ ਸਤਰਾਂ ਹਨ-

"ਜਿਥੇ ਪੁੱਛ ਨਾ ਹੋਵੇ, ਉਥੋਂ ਪਿਛੇ ਹਟ ਜਾਈਏ
ਆਪਣੀ ਪੱਗ ਸਾਂਭੀਏ, ਨਾ ਪੱਤ ਲੁਹਾਈਏ"!

ਪਹਿਲੇ ਵੇਲਿਆਂ ਵਿਚ ਬਹੁਤੇ ਲੋਕ ਅਣਐਲਾਨੇ ਹੀ ਆ ਜਾਂਦੇ ਸਨ। ਨਜ਼ਦੀਕੀਆਂ ਦੀ ਗੱਲ ਛੱਡੋ, ਮਾੜੀ ਮੋਟੀ ਜਾਣ ਪਛਾਣ ਵਾਲੇ ਵੀ ਆ ਕੇ ਡਾਉਣੀ ਪਾ ਲੈਂਦੇ ਸਨ। ਸੇਵਾ ਵੀ ਖੂਬ ਚਾਹੀਦੀ ਐ। ਘਰ ਦੀ ਕੱਢੀ ਗਿਰੀਆਂ-ਸੰਤਰਿਆਂ ਵਾਲੀ ਰੂੜੀ ਮਾਰਕਾ ਦੇਸੀ ਦਾਰੂ, ਘਰ ਦਾ ਪਾਲਿਆ ਪੋਸਿਆ ਨਰੋਆ ਮੁਰਗਾ ਤੇ ਹੋਰ ਸੁਆਦਲੀਆਂ ਸੌਗਾਤਾਂ! ਆਪਣੇ ਘਰ ਬੇਸ਼ੱਕ ਅਚਾਰ-ਪਿਆਜ਼ ਨਾਲ ਹੀ 'ਰੁਖੀ-ਸੁਖੀ ਖਾਇ ਕੈ ਠੰਢਾ ਪਾਣੀ ਪੀਉ' ਵਾਲੀ ਸ਼ੇਖ ਫਰੀਦ ਦੀ ਸਲਾਹ ਮੰਨਦੇ ਹੋਣ, ਪਰ ਦੂਸਰੇ ਘਰ 'ਚ ਆ ਕੇ ਵੀ ਜੇ ਸੇਵਾ ਨਹੀਂ ਕਰਵਾਉਣੀ ਤਾਂ ਫਿਰ ਕਾਹਦੀ ਪ੍ਰਾਹੁਣਚਾਰੀ ਤੇ ਕਾਹਦਾ ਪ੍ਰਾਹੁਣਾ?

ਅਜਿਹੇ ਬੰਦੇ ਨਖਰੇ ਵੀ ਬੜੇ ਕਰਨਗੇ। 'ਮੀਟ ਠੰਢਾ ਹੋ ਗਿਐ, ਜ਼ਰਾ ਗਰਮ ਤਾਂ ਕਰ ਦਿਉ, ਰੋਟੀ ਜ਼ਰਾ ਰਾੜ੍ਹ ਕੇ ਪਰੋਸੋ, ਸਲਾਦ ਵਿਚਲੀ ਮੂਲੀ ਚੱਜ ਨਾਲ ਧੋਤੀ ਨਹੀਂ, ਰੇਤ ਦੀ ਕਿਰਕ ਆਉਂਦੀ ਐ', ਵਗੈਰਾ ਵਗੈਰਾ।

ਅਜਿਹੇ ਲਸੂੜਿਆਂ ਤੋਂ ਖਹਿੜਾ ਛੁਡਾਉਣ ਦਾ ਸੁਨਹਿਰੀ ਢੰਗ ਹੈ ਕਿ ਉਨ੍ਹਾਂ ਨੂੰ ਪਹਿਲੇ ਦਿਨ ਹੀ ਸਧਾਰਨ ਦਾਲ-ਫੁਲਕਾ ਖੁਆਓ, ਅਚਾਰ-ਗੰਢਾ ਨਾਲ ਛਕਾਓ। ਜੇ ਬਹੁਤੇ ਬੇਸ਼ਰਮ ਹੋਣ ਤਾਂ ਸਿੱਧਾ-ਪੱਧਰਾ ਪੁਛ ਮਾਰੋ ਕਿ 'ਅਤਿਥੀ ਕਬ ਜਾਓਗੇ'?

ਸਾਡੇ ਕੁਝ ਪੁਰਾਣੇ ਜਾਣਕਾਰਾਂ ਨੇ ਅਜਿਹੇ ਲੋਕਾਂ ਤੋਂ ਬਚਣ ਦਾ ਇਕ ਅਨੋਖਾ ਰਾਹ ਲੱਭਿਆ ਸੀ। ਦੂਰੋਂ ਹੀ ਪ੍ਰਾਹੁਣਾ ਆਉਂਦਾ ਦੇਖ ਉਨ੍ਹਾਂ ਆਪਸ ਵਿਚ ਗਾਲੋ-ਗਾਲੀ ਤੇ ਛਿੱਤਰੋ-ਛਿੱਤਰੀ ਹੋਣ ਲਗ ਪੈਣਾ। ਪ੍ਰਾਹੁਣੇ ਨੇ ਦੇਖਣਾ ਕਿ ਇਥੇ ਤਾਂ ਪਹਿਲਾਂ ਹੀ ਸਿਆਪਾ ਪਿਐ, ਮੇਰੀ ਸੇਵਾ ਭਲਾ ਸੁਆਹ ਤੇ ਖੇਹ ਹੋਣੀ ਹੈ। ਸਗੋਂ ਉਹ ਦੂਸਰੀ 'ਸੇਵਾ' ਦੇ ਡਰੋਂ ਜਲਦੀ ਹੀ ਪਤਲੀ ਗਲੀ ਨਿਕਲ ਜਾਂਦਾ ਤੇ ਲੜਨ ਦਾ ਨਾਟਕ ਕਰਨ ਵਾਲੇ ਘਰ ਦੇ ਬਾਅਦ 'ਚ ਕੱਛਾਂ ਵਜਾਉਂਦੇ ਤੇ ਲੁੱਡੀਆਂ ਪਾਉਂਦੇ!

ਇਹ ਤਾਂ ਸੀ ਸ਼ੁੱਧ ਅੰਗੂਠਾ-ਛਾਪ ਸ਼੍ਰੇਣੀ ਦਾ ਦੇਸੀ ਨੁਸਖਾ।

ਹੁਣ ਜ਼ਰਾ ਪੜ੍ਹੀ-ਲਿਖੀ ਪ੍ਰਜਾਤੀ ਦੀ ਗੱਲ ਕਰਦੇ ਹਾਂ। ਇੱਕ ਵਾਹਵਾ ਪੜ੍ਹਿਆ-ਲਿਖਿਆ ਅਤੇ ਰੁਤਬੇਦਾਰ ਬੰਦਾ ਜਦ ਕਿਸੇ ਅਣਐਲਾਨੇ ਘੁਸਪੈਠੀਏ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਤਾਂ ਉਹ ਫਟਾਫਟ ਇੱਕ ਕਾਗਜ਼ ਉਪਰ ਕੁਝ ਲਿਖਣ ਦਾ ਬਹਾਨਾ ਕਰਨ ਲੱਗ ਪੈਂਦਾ। ਉਹ ਆਉਣ ਵਾਲੇ ਨਾਲ ਹੱਥ ਵੀ ਕਾਗਜ਼ ਉਪਰ ਧੌਣ ਗੱਡ ਕੇ ਹੀ ਮਿਲਾਉਂਦਾ, ਜਾਣੀ ਸਿਰਫ ਹੱਥ ਅੱਗੇ ਕਰ ਦਿੰਦਾ ਪਰ ਅੱਖ ਨਾਲ ਅੱਖ ਨਾ ਮਿਲਾਉਂਦਾ। ਭਾਵ ਬਹੁਤ ਰੁੱਝੇ ਹੋਣ ਦੀ ਐਕਟਿੰਗ ਕਰਦਾ, ਬਸ ਸਮਝੋ ਮਰਨ ਦਾ ਵੀ ਵਿਹਲ ਨਹੀਂ। ਮਾੜੀ-ਮੋਟੀ ਅਕਲ ਨੂੰ ਹੱਥ ਮਾਰਨ ਵਾਲਾ ਤਾਂ ਸਮਝ ਜਾਂਦਾ ਤੇ ਜਲਦੀ ਪਰਤ ਜਾਂਦਾ ਪਰ ਜੇ ਕੋਈ ਮੋਟੀ ਚਮੜੀ ਦਾ ਹੁੰਦਾ ਤਾਂ ਉਹ ਸਾਫ ਕਹਿ ਦਿੰਦਾ ਕਿ ਉਸ ਕੋਲ ਵਿਹਲ ਨਹੀਂ ਤੇ 'ਆਪ ਜੀ' (ਭਾਵ ਆਉਣ ਵਾਲਾ) ਦੇ ਵੀ ਰੁਝੇਵੇਂ ਹੋਣਗੇ, ਸੋ ਫਿਰ ਸਹੀ'!

ਤੇ ਹੁਣ ਆ ਜਾਓ ਅਜੋਕੇ ਡਿਜਿਟਲ ਯੁਗ ਵਿਚ, ਹਾਈ-ਟੈੱਕ/ਇੰਟਰਨੈੱਟ ਦੌਰ ਅਤੇ ਸੋਸ਼ਲ ਹੈਂਡਲਾਂ, ਮਸਨੂਹੀ-ਬੁੱਧੀ, ਇੰਸਟਾ, ਐਕਸ, ਵ੍ਹਟਸਐਪ, ਫੇਸਬੁੱਕ ਅਤੇ ਸਮਾਰਟ-ਫੋਨਾਂ ਵਾਲੀ 'ਜੈਨਰੇਸ਼ਨ ਜ਼ੈੱਡ' ਦੇ ਸਮਿਆਂ ਵਿਚ। ਇਸ ਯੁਗ ਵਿਚ ਆਉਣਾ-ਜਾਣਾ ਘੱਟ ਵੱਧ ਹੀ ਹੈ। ਕੋਲ ਬੈਠ ਕੇ ਵੀ ਹੱਥਾਂ ਦੇ ਅੰਗੂਠੇ ਹੀ ਬੋਲਦੇ ਹਨ, ਮੂੰਹ ਬੰਦ ਰਹਿੰਦੇ ਹਨ! ਕੋਈ ਕਿਸੇ ਨਾਲ ਮੁਖਾਤਬ ਹੀ ਨਹੀਂ, ਮੇਲ-ਮਿਲਾਪ ਵੀ ਮਸ਼ੀਨੀ ਹੀ ਹੋ ਗਿਐ।

ਮੋਬਾਈਲ 'ਤੇ ਸੈਂਕੜੇ 'ਲਾਈਕਾਂ' ਪਰ ਉਝ ਘਰ ਦਾ ਕੋਈ ਜੀਅ ਵੀ 'ਲਾਈਕ' (ਪਸੰਦ) ਨਹੀਂ ਕਰਦਾ! ਫੇਸਬੁੱਕ/ਇੰਸਟਾ 'ਤੇ ਦਰਜਨਾਂ ਦੋਸਤ ਪਰ ਆਪਸ ਵਿਚ, ਆਂਢ-ਗੁਆਂਢ ਨਾਲ ਅਣਬੋਲਣੀ!

ਇੱਕ ਦੱਖਣੀ ਭਾਰਤੀ ਫਿਲਮ ਵਿਚ ਪਤੀ-ਪਤਨੀ ਆਪਸ ਵਿਚ ਪਰਚੀਆਂ ਉਪਰ ਲਿਖ ਕੇ ਗੱਲ ਕਰਦੇ ਹਨ ਕਿਉਂਕਿ ਉਨ੍ਹਾਂ ਦੀ ਬੋਲ-ਚਾਲ ਬੰਦ ਹੈ!

ਇੱਕ ਸਵੈ-ਰਚਨਾ ਦੀਆਂ ਸਤਰਾਂ ਹਨ-

"ਆਪਸ ਵਿਚ ਕੋਈ ਜੀਅ ਨਾ ਬੋਲੇ,
'ਫੇਸਬੁੱਕ' 'ਤੇ 'ਫ੍ਰੈਂਡ' ਘਨੇਰੇ!
ਸਭ 'ਚੈਟਿੰਗ' ਵਿਚ 'ਬਿਜ਼ੀ' ਨੇ,
ਦਿਨੇ-ਰਾਤ ਅਤੇ ਸ਼ਾਮ-ਸਵੇਰੇ।
ਰਿਸ਼ਤੇ 'ਰੋਜ਼ੇ' ਬਾਹਰ ਹੋ ਗਏ,
ਜਦ ਤੋਂ 'ਇੰਟਰਨੈੱਟ' ਨੇ ਘੇਰੇ"!

ਮੋਬਾਈਲ ਦੇ ਝੱਸ ਨੇ ਤਾਂ ਬੇੜਾ ਹੀ ਗਰਕ ਕਰ ਦਿਤੈ। ਕੀ ਬੱਚਾ, ਕੀ ਜਵਾਨ ਤੇ ਕੀ ਬੁੱਢਾ, ਬਸ ਸਭ ਦੇ ਹੱਥਾਂ ਦੇ ਅੰਗੂਠੇ ਐਂ ਤੇਜ਼-ਤੇਜ਼ ਚਲਦੇ ਹਨ ਜਿਦਾਂ ਕਿਸੇ ਵੇਲੇ ਗਲਾਧੜਾਂ ਦੀ ਕਤਰ ਕਤਰ ਜ਼ੁਬਾਨ ਚਲਦੀ ਹੁੰਦੀ ਸੀ। ਆਸ਼ਕ-ਮਾਸ਼ੂਕ ਕੋਲ ਬੈਠ ਕੇ ਵੀ ਆਪਸ ਵਿਚ ਗੱਲ ਨਹੀਂ ਕਰਦੇ, ਮੋਬਾਈਲ ਉਪਰ ਹੀ ਗਿਟ-ਮਿਟ ਕਰੀ ਜਾਂਦੇ ਹਨ।

ਸੋਗ ਹੋਵੇ, ਭੋਗ ਹੋਵੇ, ਰੋਗ ਹੋਵੇ, ਸ਼ਾਦੀ ਹੋਵੇ, ਗਮੀ ਹੋਵੇ, ਪੂਜਾ ਹੋਵੇ, ਪਾਠ ਹੋਵੇ ਬਸ ਰਿੰਗਟੋਨਾਂ ਵਜਦੀਆਂ ਹੀ ਰਹਿੰਦੀਆਂ ਹਨ। ਸਿਵਿਆਂ ਵਿਚ ਜਾ ਕੇ ਵੀ ਬਹੁਤੇ ਲੋਕ ਇੱਕ ਪਾਸੇ ਜਿਹੇ ਖੜ੍ਹੇ ਹੋ ਕੇ ਮੋਬਾਈਲ ਸੁਣ ਰਹੇ ਹੁੰਦੇ ਹਨ, ਜਾਂ ਸੁਨੇਹੇ ਭੇਜ ਰਹੇ ਹੁੰਦੇ ਹਨ ਤੇ ਜਾਂ ਆਏ ਸੰਦੇਸ਼ਾਂ ਦਾ ਜਵਾਬ ਦੇ ਰਹੇ ਹੁੰਦੇ ਹਨ। ਬਸ ਮੂੰਹ ਦਿਖਾਵਾ, ਮਰੇ ਦਾ ਦੁੱਖ ਤਾਂ ਨੇੜਲਿਆਂ ਨੂੰ ਹੀ ਹੁੰਦੈ, ਉਹ ਵੀ ਪਰਿਵਾਰ ਵਾਲਿਆਂ ਨੂੰ।

ਅਣਚਾਹੇ ਅਤਿਥੀ ਤੋਂ ਬਚਣ ਲਈ ਅੱਜ-ਕੱਲ੍ਹ ਦੀ ਪੀੜ੍ਹੀ ਕੋਲ ਤਾਂ 'ਫਬਿੰਗ' ਦੀ ਵਿਧੀ ਸਭ ਤੋਂ ਵਧੀਆ ਅਤੇ ਕਾਰਗਰ ਹੈ। ਇਹ ਸ਼ਬਦ ਦੋ ਸ਼ਬਦਾਂ 'ਫੋਨ' ਅਤੇ 'ਸਨੱਬ' ਦੇ ਜੋੜ ਤੋਂ ਬਣਿਆ ਹੈ। ਫੋਨ ਦਾ ਅਰਥ ਤਾਂ ਸਭ ਨੂੰ ਪਤਾ ਹੀ ਹੈ ਤੇ 'ਸਨੱਬ' ਦਾ ਵੀ ਬਹੁਤਿਆਂ ਨੂੰ ਪਤਾ ਹੀ ਹੋਣੈ। ਫਿਰ ਵੀ ਦਸ ਦਿੰਦੇ ਹਾਂ। ਇਸ ਦਾ ਅਰਥ ਹੈ-ਝਾੜ-ਝੰਬ ਕਰਨੀ ਜਾਂ ਅਣਗੌਲਿਆਂ ਕਰਨਾ। ਸੋ 'ਫਬਿੰਗ' ਦਾ ਅਰਥ ਹੈ ਕਿ ਕਿਸੇ ਨੂੰ ਫੋਨ ਸੁਣਨ ਕਾਰਨ ਜਾਂ ਸੁਣਨ ਦੇ ਬਹਾਨੇ ਅਣਗੌਲਿਆਂ ਕਰਨਾ। ਜਦ ਕੋਈ ਤੁਹਾਨੂੰ ਅਣਗੌਲਿਆ ਕਰਦੈ ਤਾਂ ਝਾੜ-ਝੰਬ ਤਾਂ ਆਪੇ ਹੀ ਹੋ ਗਈ! ਅਜਿਹੀ ਸਥਿਤੀ 'ਚ ਕੋਈ ਬੇਗੈਰਤਾ ਹੀ ਬੈਠਾ ਰਹੂ, ਰੀਣ ਭਰ ਸਵੈ-ਮਾਣ ਵਾਲਾ ਤਾਂ ਤੁਰੰਤ ਉਠੇਗਾ ਹੀ ਨਹੀਂ ਸਗੋਂ ਅਜਿਹੇ ਬੰਦੇ ਦੀ ਮੁੜ ਕੇ ਮਕਾਣੇ ਵੀ ਨਾ ਜਾਊ।

ਉਦੇ ਪ੍ਰਤਾਪ ਸਿੰਘ ਦੀਆਂ ਸੁੰਦਰ ਸਤਰਾਂ ਨਾਲ ਗੱਲ ਮੁਕਾਉਂਦੇ ਹਾਂ-

"ਸਭ ਫੈਸਲੇ ਹੋਤੇ ਨਹੀਂ ਸਿੱਕਾ ਉਛਾਲ ਕੇ,
ਦਿਲ ਕਾ ਮਾਮਲਾ ਹੈ ਜ਼ਰਾ ਦੇਖ ਭਾਲ ਕੇ।
ਮੋਬਾਈਲੋਂ ਕੇ ਦੌਰ ਕੇ ਆਸ਼ਿਕ ਕੋ ਕਯਾ ਪਤਾ,
ਰਖਤੇ ਥੇ ਕੈਸੇ ਖਤ ਮੇਂ ਕਲੇਜਾ ਨਿਕਾਲ ਕੇ"।

ਅੰਤਿਕਾ-

'ਫਬਿੰਗ' ਸ਼ਬਦ 2012 ਵਿਚ ਮੈਕਕੈਨ ਗਰੁੱਪ ਨੇ ਘੜਿਆ ਸੀ, ਜੋ ਫੋਨ-ਸਨੱਬਿੰਗ ਦੇ ਕਾਰਜ ਨੂੰ ਬਿਆਨ ਕਰਦਾ ਹੈ ਤੇ ਇਹ ਕਾਰਜ ਉਦੋਂ ਵਾਪਰਦੈ ਜਦ ਕੋਈ ਸਮਾਜਿਕ ਵਰਤਾਰੇ ਜਾਂ ਵਿਚਰਨ ਵੇਲੇ ਆਪਸੀ ਗਲਬਾਤ ਕਰਨ ਦੀ ਬਜਾਏ ਆਪਣਾ ਧਿਆਨ ਸਮਾਰਟਫੋਨ ਵਲ ਕੇਂਦਰਤ ਕਰ ਲਵੇ। ਇਹ ਆਮ ਅਜੋਕਾ ਵਰਤਾਰਾ ਸਮਾਜਿਕ ਤਾਣੇ-ਬਾਣੇ ਤੇ ਆਪਸੀ ਰਿਸ਼ਤਿਆਂ ਉਪਰ ਬੜਾ ਮਾੜਾ ਅਸਰ ਪਾ ਰਿਹੈ।

# ਅੰਮ੍ਰਿਤਸਰ ਸ਼ਹਿਰ ਦਾ ਇਤਿਹਾਸ

***'ਪੰਜਾਬ ਟਾਈਮਜ਼ ਨਾਈਟ' ਮੌਕੇ ਪੰਜਾਬ ਦੇ ਕਿਸੇ ਇਕ ਨਗਰ ਅਤੇ/ਜਾਂ ਇਕ ਪਿੰਡ ਦਾ ਇਤਿਹਾਸ ਸਾਂਝਾ ਕਰਨ ਬਾਰੇ ਪਾਠਕਾਂ ਨਾਲ ਕੀਤੇ ਵਾਅਦੇ ਨੂੰ ਅਸੀਂ ਇਸ ਅੰਕ ਤੋਂ ਪੂਰਾ ਕਰਨ ਜਾ ਰਹੇ ਹਾਂ। ਇਸ ਵਾਰ ਅਸੀਂ ਅੰਮ੍ਰਿਤਸਰ ਸ਼ਹਿਰ ਤੇ ਇਸ ਦਾ ਇਤਿਹਾਸ ਪੇਸ਼ ਕਰ ਰਹੇ ਹਾਂ, ਜਿਸ ਨੂੰ ਦੋ-ਤਿੰਨ ਅੰਕਾਂ ਵਿਚ ਕਿਸ਼ਤਾਂ ਵਿਚ ਪੇਸ਼ ਕੀਤਾ ਜਾਵੇਗਾ। ਇਹ ਮਜ਼ਮੂਨ ਪ੍ਰੋ. ਸ਼ਿਲਪੀ ਸੇਠ, ਮੁਖੀ ਟਰੈਵਲ ਐਂਡ ਮੈਨੇਜਮੈਂਟ ਡਿਪਾਰਟਮੈਂਟ, ਡੀ.ਏ.ਵੀ. ਕਾਲਜ ਅੰਮ੍ਰਿਤਸਰ ਨੇ ਵਿਸ਼ੇਸ਼ 'ਪੰਜਾਬ ਟਾਈਮਜ਼' ਵਾਸਤੇ ਲਿਖਿਆ ਹੈ। ਅਸੀਂ ਉਨ੍ਹਾਂ ਦੇ ਤਹਿ-ਦਿਲ ਤੋਂ ਧੰਨਵਾਦੀ ਹਾਂ} ਕਿਸੇ ਵੀ ਲੇਖਕ/ਪਾਠਕ ਵਲੋਂ ਆਪਣੇ ਨਗਰ ਜਾਂ ਪਿੰਡ ਬਾਰੇ ਭੇਜੇ ਲੇਖਾਂ ਦਾ ਸਵਾਗਤ ਕੀਤਾ ਜਾਵੇਗਾ।***

ਅੰਮ੍ਰਿਤਸਰ ਸ਼ਹਿਰ ਅੱਜ ਪੰਜਾਬ ਅਤੇ ਸਿੱਖ ਧਰਮ ਦਾ ਸਭ ਤੋਂ ਵੱਡਾ ਸੈਂਟਰ ਹੈ। ਇਹ ਸ਼ਹਿਰ ਲਾਹੌਰ ਤੋਂ 50 ਕਿਲੋਮੀਟਰ, ਚੰਡੀਗੜ੍ਹ ਤੋਂ 215 ਕਿਲੋਮੀਟਰ, ਦਿੱਲੀ ਤੋਂ 450 ਕਿਲੋਮੀਟਰ, ਬੰਬੇ (ਮੁੰਬਈ) ਤੋਂ 1750 ਕਿਲੋਮੀਟਰ, ਕਲਕੱਤਾ/ਕੋਲਕਾਤਾ ਤੋਂ 1900 ਕਿਲੋਮੀਟਰ ਦੂਰ ਹੈ। ਇਹ ਪਹਿਲਾ ਨਗਰ ਹੈ, ਜੋ ਗੁਰੂ ਸਾਹਿਬ ਨੇ ਸਿੱਖ ਮਾਡਲ ਨਗਰ ਵਜੋਂ ਵਸਾਇਆ ਸੀ। ਅੰਮ੍ਰਿਤਸਰ ਦਾ ਪਹਿਲਾ ਨਾਂ 'ਚੱਕ ਗੁਰੂ' ਸੀ। (ਸੰਨ 1800 ਦੇ ਕਰੀਬ, ਇਸ ਵਿਚਲੇ ਸਰੋਵਰ 'ਅੰਮ੍ਰਿਤਸਰ' ਤੋਂ ਇਸ ਦਾ ਨਾਂ ਅੰਮ੍ਰਿਤਸਰ ਬਣ ਗਿਆ)।

ਇਹ ਨਗਰ ਮੁੱਖ ਤੌਰ 'ਤੇ ਤੁੰਗ ਪਿੰਡ ਦੀ ਜ਼ਮੀਨ 'ਤੇ ਵਸਾਇਆ ਗਿਆ ਸੀ। ਕੁਝ ਜ਼ਮੀਨ ਸੁਲਤਾਨਵਿੰਡ, ਗਿਲਵਾਲੀ ਅਤੇ ਗੁਮਟਾਲਾ ਪਿੰਡਾਂ ਦੀ ਵੀ ਸੀ।

ਸ਼ਹਿਰ ਦਾ ਮੁੱਖ ਬਾਜ਼ਾਰ ਗੁਰੂ ਬਾਜ਼ਾਰ ਸੀ। ਦਰਬਾਰ ਸਾਹਿਬ ਆਉਣ ਦਾ ਰਸਤਾ ਚੁਰਸਤੀ ਅਟਾਰੀ ਵੱਲੋਂ ਇਹੀ ਸੀ। ਹੁਣ ਘੰਟਾਘਰ ਮੁੱਖ ਰਸਤਾ ਹੈ ਜਿਹੜਾ ਅੰਗਰੇਜ਼ਾਂ ਨੇ ਬਣਾਇਆ ਸੀ।



ਦਰਬਾਰ ਸਾਹਿਬ ਦੇ

**ਪ੍ਰੋ. ਸ਼ਿਲਪੀ ਸੇਠ**
**ਮੁਖੀ ਟਰੈਵਲ ਐਂਡ ਮੈਨੇਜਮੈਂਟ ਡਿਪਾਰਟਮੈਂਟ, ਡੀ.ਏ.ਵੀ. ਕਾਲਜ ਅੰਮ੍ਰਿਤਸਰ**

ਦੁਆਲੇ ਕੁਝ ਇਮਾਰਤਾਂ ਇਹ ਸਨ: ਗੁਰਦੁਆਰਾ ਟਾਹਲੀ ਸਾਹਿਬ (ਸੰਤੋਖਸਰ), ਗੁਰੂ ਦੇ ਮਹਿਲ, ਚੁਰਸਤੀ ਅਟਾਰੀ (ਗੁਰੂ ਬਾਜ਼ਾਰ), ਟੋਭਾ ਭਾਈ ਸਾਹਲੋ (ਧਰਮਸਾਲਾ), ਬਾਬਾ ਅਟਲ, (ਦਰਬਾਰ ਸਾਹਿਬ ਤੋਂ ਕੁਝ ਦੂਰ): ਲੋਹਗੜ੍ਹ, ਪਿਪਲੀ ਸਾਹਿਬ। ਮਗਰੋਂ ਸ਼ਹੀਦ ਗੰਜ ਬਾਬਾ ਦੀਪ ਸਿੰਘ (ਸ਼ਹੀਦ 1757) ਤੇ ਸ਼ਹੀਦ ਗੰਜ ਬਾਬਾ ਗੁਰਬਖ਼ਸ਼ ਸਿੰਘ (ਸ਼ਹੀਦ 1764) ਵੀ ਬਣਾਏ ਗਏ ਸਨ।

ਅੰਮ੍ਰਿਤਸਰ ਸ਼ਹਿਰ ਵਿਚ 17 ਇਤਿਹਾਸਕ ਗੁਰਦੁਆਰੇ ਅਤੇ ਸੈਂਕੜੇ ਦੂਜੇ ਗੁਰਦੁਆਰੇ, 220 ਧਰਮਸਾਲਾਵਾਂ, 31 ਸਮਾਧਾਂ, 70 ਮੰਦਰ (ਠਾਕਰਦੁਆਰੇ), 18 ਸ਼ਿਵ ਮੰਦਿਰ (ਸ਼ਿਵਾਲੇ), 10 ਤਕੀਏ, 6 ਮਸੀਤਾਂ ਤੇ 26 ਗਿਰਜੇ (ਚਰਚ) ਹਨ।

ਅੰਮ੍ਰਿਤਸਰ ਵਿਚ ਮੁਖ ਦੋ ਕਿਲ੍ਹੇ ਸਨ: ਭੰਗੀਆਂ ਦਾ ਕਿਲ੍ਹਾ (ਜਿਸ ਨੂੰ ਚੇਤ ਸਿੰਘ ਭੰਗੀ ਨੇ 1767 ਵਿਚ ਬਣਾਇਆ ਸੀ) ਅਤੇ ਕਿਲ੍ਹਾ ਗੁੱਜਰ ਸਿੰਘ (ਇਹ ਵੀ ਭੰਗੀ ਮਿਸਲ ਨੇ ਬਣਾਇਆ ਸੀ। ਮਗਰੋਂ ਇਸੇ ਦੀ ਥਾਂ 'ਤੇ ਸੰਨ 1809 ਵਿਚ ਕਿਲ੍ਹਾ ਗੋਬਿੰਦਗੜ੍ਹ ਬਣਾਇਆ ਗਿਆ ਸੀ। ਇਸ ਦੇ ਦੋ ਦਰਵਾਜ਼ੇ ਸਨ: ਦਰਵਾਜ਼ਾ-ਇ-ਅਲੀ ਤੇ ਦਰਵਾਜ਼ਾ-ਇ-ਤੋਪਖ਼ਾਨਾ। ਹਰ ਦਰਵਾਜ਼ੇ ਉੱਤੇ ਪੰਜ ਤੋਪਾਂ ਰੱਖੀਆਂ ਹੋਈਆਂ ਸਨ। ਕਿਲ੍ਹੇ ਦੇ ਦੁਆਲੇ ਖਾਈ ਬਣਾਈ ਹੋਈ ਸੀ। ਇਸ ਦਾ ਰਕਬਾ 1000 ਮੀਟਰ ਸੀ। ਇਹ 24 ਫ਼ੁਟ ਚੌੜੀ ਤੇ 18 ਫ਼ੁੱਟ ਡੂੰਘੀ ਸੀ।

ਰਾਮ ਰਾਉਣੀ ਕਿਲ੍ਹਾ ਜਿਹੜਾ 1747 ਵਿਚ ਬਣਿਆ ਸੀ ਦਾ ਕੁਝ ਹਿੱਸਾ ਕਾਇਮ ਸੀ ਜਿਹੜਾ 1758 ਵਿਚ ਖ਼ਤਮ ਕਰ ਦਿੱਤਾ ਗਿਆ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਸ਼ਾਲੀਮਾਰ ਬਾਗ਼ ਦੇ ਅੰਦਾਜ਼ ਨਾਲ ਬਣਵਾਇਆ ਸੀ। ਇਹ ਸੰਨ 1819 ਵਿਚ ਬਣਨਾ ਸ਼ੁਰੂ ਹੋਇਆ ਸੀ। ਇਸ ਨੂੰ ਦੀਵਾਨ ਮੋਤੀ ਰਾਮ ਦੇ ਪੁੱਤਰ ਕਿਰਪਾ ਰਾਮ ਨੇ ਬਣਾਇਆ ਸੀ। ਇਸ ਦੇ ਦੁਆਲੇ 14 ਫ਼ੁੱਟ ਉੱਚੀ ਦੀਵਾਰ ਸੀ।

ਸੰਨ 1820 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਨਗਰ ਦੁਆਲੇ ਦੀਵਾਰ ਬਣਾਈ ਸੀ ਜਿਹੜੀ 7 ਗਜ਼ ਉੱਚੀ ਅਤੇ 25 ਗਜ਼ ਚੌੜੀ ਸੀ (ਇਸ ਨੂੰ ਰਾਮਾ ਨੰਦ ਦੀ ਦੇਖ ਰੇਖ ਵਿਚ 7 ਲੱਖ ਰੁਪੈ ਨਾਲ ਬਣਾਇਆ ਗਿਆ ਸੀ ਅਤੇ ਅੰਗਰੇਜ਼ਾਂ ਨੇ ਬਿਨਾ ਕਾਰਨ ਢਾਹ ਦਿੱਤਾ ਸੀ)।

ਅੰਮ੍ਰਿਤਸਰ ਸ਼ਹਿਰ ਦੇ 12 ਦਰਵਾਜ਼ੇ: ਅੰਮ੍ਰਿਤਸਰ ਸ਼ਹਿਰ ਦੀ ਚਾਰਦੀਵਾਰੀ ਵਿਚ 12 ਦਰਵਾਜ਼ੇ ਰੱਖੇ ਗਏ ਸਨ: 1. ਦਰਵਾਜ਼ਾ ਰਾਮ ਬਾਗ਼ 2. ਦਰਵਾਜ਼ਾ ਡਿਉਢੀ ਕਲਾਂ 3. ਦਰਵਾਜ਼ਾ ਆਹਲੂਵਾਲੀਆਂ 4. ਦਰਵਾਜ਼ਾ ਦਬੁਰਜੀ 5. ਦਰਵਾਜ਼ਾ ਰਾਮਗੜ੍ਹੀਆਂ 6. ਦਰਵਾਜ਼ਾ ਗਿਲਵਾਲੀ 7. ਦਰਵਾਜ਼ਾ ਡਿਉਢੀ ਨੰਗਲੀਆਂ 8. ਦਰਵਾਜ਼ਾ ਹਕੀਮਾਂ 9. ਦਰਵਾਜ਼ਾ ਖ਼ਜ਼ਾਨਾਂ 10. ਦਰਵਾਜ਼ਾ ਲਾਹੌਰੀ 11. ਦਰਵਾਜ਼ਾ ਲੋਹਗੜ੍ਹ 12. ਦਰਵਾਜ਼ਾ ਡਿਉਢੀ ਸ਼ਹਿਜ਼ਾਦਾ।

### ਇਕ ਹੋਰ ਨਕਸ਼ੇ ਮੁਤਾਬਿਕ ਗੇਟ ਹੇਠ ਲਿਖੇ ਸਨ:

1. ਸਿਕੰਦਰੀ ਗੇਟ 2. ਹਾਥੀ ਗੇਟ 3. ਲੋਹਗੜ੍ਹ ਗੇਟ 4. ਲਾਹੌਰੀ ਗੇਟ 5. ਬੇਰੀ ਗੇਟ 6. ਖ਼ਜ਼ਾਨਾ ਗੇਟ 7. ਹਕੀਮਾਂ ਗੇਟ 8. ਭਗਤਾਂਵਾਲਾ (ਡਿਉਢੀ ਨੰਗਲੀਆਂ) ਗੇਟ 9. ਗਿਲਵਾਲੀ ਗੇਟ 10. ਰਾਮਗੜ੍ਹੀਆ ਗੇਟ 11. ਘੀ ਮੰਡੀ ਗੇਟ 12. ਰਾਮਬਾਗ਼ ਗੇਟ। ਇਸ ਨਕਸ਼ੇ ਵਿਚ ਦੋ ਹੋਰ ਗੇਟ ਵੀ ਹਨ: ਸ਼ੇਰਾਂਵਾਲਾ ਗੇਟ, ਮਹਾਂ ਸਿੰਘ ਗੇਟ। ਇਸ ਨਕਸ਼ੇ ਵਿਚੋਂ ਦਰਵਾਜ਼ਾ ਡਿਉਢੀ ਕਲਾਂ, ਦਰਵਾਜ਼ਾ ਆਹਲੂਵਾਲੀਆਂ, ਦਰਵਾਜ਼ਾ ਦਬੁਰਜੀ ਤੇ ਦਰਵਾਜ਼ਾ ਡਿਉਢੀ ਸ਼ਹਿਜ਼ਾਦਾ ਦੇ ਨਾਂ ਗ਼ਾਇਬ ਹਨ।

ਅੰਮ੍ਰਿਤਸਰ ਸ਼ਹਿਰ ਦਾ ਤੇਰ੍ਹਵਾਂ ਗੇਟ ਵੀ ਬਣਾਇਆ ਗਿਆ ਸੀ। ਇਹ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸੀ.ਐਚ. ਹਾਲ ਨੇ ਸੰਨ 1873 ਵਿਚ ਬਣਾਇਆ ਸੀ ਤੇ ਇਸ ਦਾ ਨਾਂ ਉਸੇ ਦੇ ਨਾਂ 'ਤੇ ਹਾਲ ਗੇਟ ਰੱਖਿਆ ਗਿਆ ਸੀ (ਦਰਬਾਰ ਸਾਹਿਬ ਦਾ ਹੁਣ ਵਾਲ ਰਸਤਾ ਇਸੇ ਡਿਪਟੀ ਕਮਿਸ਼ਨਰ ਨੇ ਬਣਾਇਆ ਸੀ; ਇਸੇ ਕਰ ਕੇ ਇਸ ਦਾ ਨਾਂ 'ਹਾਲ ਬਾਜ਼ਾਰ' ਜਾਣਿਆ ਗਿਆ ਸੀ।

ਅੰਮ੍ਰਿਤਸਰ ਸ਼ਹਿਰ ਵਿਚ ਕਟੜੇ (ਬਾਜ਼ਾਰ)

ਅੰਮ੍ਰਿਤਸਰ ਸ਼ਹਿਰ ਵਿਚ ਕਦੇ 70 ਕਟੜੇ ਸਨ (ਹੁਣ ਤਾਂ ਕਈ ਬਾਜ਼ਾਰ ਤੇ ਮੁਹੱਲੇ ਬਣ ਚੁਕੇ ਹਨ): ਕਟੜਾ ਜੈ ਸਿੰਘ, ਕਟੜਾ ਜੈਮਲ ਸਿੰਘ, ਕਟੜਾ ਭੰਗੀਆਂ, ਕਟੜਾ ਹਰੀ ਸਿੰਘ, ਕਟੜਾ ਭਾਗ ਸਿੰਘ, ਕਟੜਾ ਦੂਲੋ, ਕਟੜਾ ਦੇਸਾ ਸਿੰਘ, ਕਟੜਾ ਆਹਲੂਵਾਲੀਆ, ਕਟੜਾ ਰਾਮਗੜ੍ਹੀਆ, ਕਟੜਾ ਫ਼ੈਜ਼ਲਪੁਰੀਆ। ਹਰ ਕਟੜੇ ਵਿਚ ਇਕ ਹਵੇਲੀ ਸੀ ਤੇ ਨਾਲ ਬਾਜ਼ਾਰ ਸੀ। ਹੁਣ ਤਾਂ ਅੰਮ੍ਰਿਤਸਰ ਬਹੁਤ ਫੈਲ ਚੁਕਾ ਹੈ ਅਤੇ ਬੇਅੰਤ ਬਾਜ਼ਾਰ, ਮੌਲ ਤੇ ਮਾਰਕੀਟ ਬਣ ਚੁੱਕੀਆਂ ਹਨ।

### ਅੰਮ੍ਰਿਤਸਰ ਸ਼ਹਿਰ ਦੇ ਇਤਿਹਾਸਕ ਗੁਰਦੁਆਰੇ

ਅੰਮ੍ਰਿਤਸਰ ਨੂੰ ਗੁਰੂ ਰਾਮਦਾਸ ਸਾਹਿਬ ਤੇ ਗੁਰੂ ਅਰਜਨ ਸਾਹਿਬ ਨੇ ਆਪਣੀ ਹੱਥੀਂ ਬਣਾਇਆ ਸੀ। ਗੁਰੂ ਸਾਹਿਬ ਤੇ ਸਿੰਘਾਂ ਦੀ ਹੱਥੀਂ ਕੀਤੀ (ਕਾਰ) ਸੇਵਾ ਨਾਲ ਬਣੇ ਇਸ ਸ਼ਹਿਰ ਵਿਚ ਬਹੁਤ ਸਾਰੇ ਗੁਰਦੁਆਰੇ ਅਤੇ ਯਾਦਗਾਰਾਂ ਹਨ:

**ਪੰਜ ਸਰੋਵਰ:** (1) ਅੰਮ੍ਰਿਤਸਰ (1574-87) (2) ਸੰਤੋਖਸਰ (1564-1587) (3) ਰਾਮਸਰ (1601) (4) ਕੌਲਸਰ (1627) (5) ਬਿਬੇਕਸਰ (1628)।

ਅੰਮ੍ਰਿਤਸਰ ਵਿਚ ਹੇਠ ਲਿਖੇ ਇਤਿਹਾਸਕ ਗੁਰਦੁਆਰੇ ਹਨ: (1) ਦਰਬਾਰ ਸਾਹਿਬ (1588) (2) ਗੁਰੂ ਦੇ ਮਹਲ: ਇੱਥੇ ਗੁਰੂ ਰਾਮ ਦਾਸ ਸਾਹਿਬ, ਗੁਰੂ ਅਰਜਨ ਸਾਹਿਬ ਤੇ ਗੁਰੂ ਹਰਿਗੋਬਿੰਦ ਸਾਹਿਬ ਰਹੇ ਸਨ। ਗੁਰੂ ਤੇਗ਼ ਬਹਾਦਰ ਸਾਹਿਬ ਦਾ ਜਨਮ ਇੱਥੇ ਹੀ ਹੋਇਆ ਸੀ (3) ਦਰਸ਼ਨੀ ਡਿਓਢੀ: ਗੁਰੂ ਬਾਜ਼ਾਰ ਦੇ ਨੇੜੇ, ਗੁਰੂ ਅਰਜਨ ਸਾਹਿਬ ਦੀ ਯਾਦ ਵਿਚ (4) ਥੜ੍ਹਾ ਸਾਹਿਬ: ਦਰਬਾਰ ਸਾਹਿਬ ਦੇ ਪੁਰਾਣੇ ਮੁਖ ਦਰਵਾਜ਼ੇ ਦੇ ਨਾਲ, ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿਚ। ਗੁਰੂ ਸਾਹਿਬ ਇੱਥੇ 23 ਨਵੰਬਰ 1664 ਦੇ ਦਿਨ ਆਏ ਸਨ (5) ਦਮਦਮਾ ਸਾਹਿਬ: ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿਚ (6) ਪਿਪਲੀ ਸਾਹਿਬ (ਪੁਤਲੀ ਘਰ ਚੌਕ ਕੋਲ): ਗੁਰੂ ਅਰਜਨ ਸਾਹਿਬ ਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ (7) ਗੁਰਦੁਆਰਾ ਟਾਹਲੀ ਸਾਹਿਬ (ਸੰਤੋਖਸਰ): ਗੁਰੂ ਰਾਮ ਦਾਸ ਸਾਹਿਬ ਦੀ ਯਾਦ ਵਿਚ, ਸੰਤੋਖਸਰ (ਸਰੋਵਰ) ਦੇ ਕੰਢੇ 'ਤੇ। (8) ਚੁਰਸਤੀ ਅਟਾਰੀ: ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ (9) ਬੁੰਗਾ ਅਕਾਲੀਆਂ (ਜਿਸ ਨੂੰ ਹੁਣ ਅਕਾਲ ਤਖ਼ਤ ਕਹਿਣ ਲਗ ਪਏ ਹਨ) ਤੋਂ ਗੁਰੂ ਦੇ ਮਹਿਲ ਦੇ ਰਸਤੇ ਵਿਚ। (10) ਲੋਹਗੜ੍ਹ ਕਿਲ੍ਹਾ: 1609 ਵਿਚ ਇੱਥੇ ਗੁਰੂ ਹਰਿਗੋਬਿੰਦ ਸਿੰਘ ਨੇ ਕਿਲ੍ਹਾ ਤਿਆਰ ਕਰਵਾਇਆ ਸੀ। (11) ਯਾਦਗਾਰ ਸ਼ਹੀਦ ਬਾਬਾ ਦੀਪ ਸਿੰਘ: 11 ਨਵੰਬਰ 1757 ਦੇ ਦਿਨ ਬਾਬਾ ਦੀਪ ਸਿੰਘ ਦੇ ਹਜ਼ਾਰਾਂ ਸਾਥੀ ਇਸ ਥਾਂ 'ਤੇ ਅਫ਼ਗ਼ਾਨਾਂ ਨਾਲ ਲੜੇ ਤੇ ਮਾਰੇ ਗਏ ਸਨ। ਬਾਬਾ ਦੀਪ ਸਿੰਘ ਦੀ ਯਾਦ ਦਰਬਾਰ ਸਾਹਿਬ ਵਿਚ ਵੀ ਬਣੀ ਹੋਈ ਹੈ (12) ਸ਼ਹੀਦ ਗੰਜ ਬਾਬਾ ਗੁਰਬਖ਼ਸ਼ ਸਿੰਘ: ਬੁੰਗਾ ਅਕਾਲੀਆਂ (ਜਿਸ ਨੂੰ ਹੁਣ ਅਕਾਲ ਤਖ਼ਤ ਕਹਿਣ ਲਗ ਪਏ ਹਨ) ਦੇ ਨਾਲ, ਦਰਬਾਰ ਸਾਹਿਬ ਦੇ ਅਸਲ ਗੇਟ 'ਤੇ। ਇੱਥੇ ਬਾਬਾ ਗੁਰਬਖ਼ਸ਼ ਸਿੰਘ ਤੇ 30 ਹੋਰ ਸਿੰਘ 1 ਦਸੰਬਰ 1764 ਦੇ ਦਿਨ ਜਾਨ 'ਤੇ ਜੂਝ ਗਏ ਸਨ (13) ਗੁਰਦੁਆਰਾ ਬਾਬਾ ਅਟੱਲ: ਗੁਰੂ ਹਰਿਗੋਬਿੰਦ ਸਾਹਿਬ ਦੇ ਪੁੱਤਰ (ਬਾਬਾ) ਅਟੱਲ ਦੀ ਯਾਦ ਵਿਚ। ਇਸ ਥਾਂ 'ਤੇ (ਬਾਬਾ) ਅਟੱਲ ਦਾ ਸਸਕਾਰ ਹੋਇਆ ਸੀ। ਦਰਅਸਲ ਇਹ ਸ਼ਹਿਰ ਦਾ ਸ਼ਮਸ਼ਾਨ ਘਾਟ ਸੀ। ਸਾਰੇ ਸਿੱਖਾਂ ਦੇ ਸਸਕਾਰ ਇਸ ਥਾਂ ਹੀ ਹੋਏ ਸਨ। ਨਵਾਬ ਕਪੂਰ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ ਦਾ ਸਸਕਾਰ ਵੀ ਇੱਥੇ ਹੋਇਆ ਸੀ। ਬਾਬਾ ਅਟੱਲ ਦੇ ਨੇੜੇ ਜੱਸਾ ਸਿੰਘ ਦੀ ਯਾਦਗਾਰ ਅੱਜ ਵੀ ਕਾਇਮ ਹੈ। ਇਸ ਤੋਂ ਇਲਾਵਾ ਸ਼ਹਿਰ ਵਿਚ ਕਿਸੇ ਵੇਲੇ ਘੱਟੋ-ਘੱਟ 69 ਬੁੰਗੇ ਵੀ ਸਨ (ਵੇਖੋ 'ਬੁੰਗੇ' ਸਿਰਲੇਖ ਹੇਠਾਂ)।

ਅੰਮ੍ਰਿਤਸਰ ਦੇ 12 ਦਰਵਾਜ਼ੇ



ਸ਼ਿਰੋਮਣੀ ਅਕਾਲੀ ਦਲ, ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਸਟੂਡੈਂਟਸ ਫ਼ੈਡਰੇਸ਼ਨ, ਚੀਫ਼ ਖਾਲਸਾ ਦੀਵਾਨ ਦੇ ਦਫ਼ਤਰ ਵੀ ਇੱਥੇ ਕਾਇਮ ਸਨ। ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਜਿਸ ਨੂੰ 7 ਜੂਨ 1984 ਦੇ ਦਿਨ ਭਾਰਤੀ ਫ਼ੌਜ ਚੁੱਕ ਕੇ ਲੈ ਗਈ ਸੀ, ਵੀ ਇੱਥੇ ਸੀ। ਸਿੱਖ ਅਜਾਇਬ ਘਰ (ਜੋ ਹੁਣ ਇਕ ਫ਼ੋਟੋ ਗੈਲਰੀ ਬਣ ਚੁਕੀ ਹੈ) ਵੀ ਇੱਥੇ ਹੀ ਹੈ। ਦਰਬਾਰ ਸਾਹਿਬ ਦੇ ਨਾਲ ਹੁਣ ਪੰਜ ਸਰਾਵਾਂ ਵੀ ਹਨ, ਜਿਨ੍ਹਾਂ ਵਿਚ ਹਜ਼ਾਰਾਂ ਯਾਤਰੂ ਇਕੋ ਵੇਲੇ ਠਹਿਰ ਸਕਦੇ ਹਨ। ਦਰਬਾਰ ਸਾਹਿਬ ਦੇ ਲੰਗਰ ਵਿਚ ਰੋਜ਼ ਤਕਰੀਬਨ ਇੱਕ ਲੱਖ ਲੋਕ ਲੰਗਰ ਛਕਦੇ ਹਨ।

### ਅੰਮ੍ਰਿਤਸਰ ਸ਼ਹਿਰ ਵਿਚ ਅਖਾੜੇ

ਅੰਮ੍ਰਿਤਸਰ ਵਿਚ 37 ਅਖਾੜੇ (ਸਾਧਾਂ ਦੇ ਇਕ ਤਰ੍ਹਾਂ ਦੇ ਡੇਰੇ) ਸਨ ਜਿਨ੍ਹਾਂ ਵਿਚੋਂ ਮੁੱਖ ਇਹ ਸਨ:

1. ਅਖਾੜਾ ਬ੍ਰਹਮ ਬੂਟਾ (ਜੋ ਦਰਬਾਰ ਸਾਹਿਬ ਦੇ ਨਾਲ ਲਗਦਾ ਸੀ; ਮਗਰੋਂ ਇਸ ਨੂੰ ਚੌਕ ਮੰਨਾ ਸਿੰਘ ਵਿਚ ਪਿੱਪਲ ਵਾਲੀ ਗਲੀ ਵਿਚ ਤਬਦੀਲ ਕਰ ਦਿਤਾ ਗਿਆ ਸੀ 2. ਅਖਾੜਾ ਬਾਬਾ ਨੰਦ (ਬਜ਼ਾਰ ਮੋਚੀਆਂ) 3. ਅਖਾੜਾ ਸੰਗਲ ਵਾਲਾ (ਬਜ਼ਾਰ ਮਾਈ ਸੇਵਾਂ) 4. ਅਖਾੜਾ ਚਿੱਟਾ (ਬਜ਼ਾਰ ਮਾਈ ਸੇਵਾਂ) 5. ਅਖਾੜਾ ਬੇਰੀਵਾਲਾ (ਪਹਿਲਾਂ ਇਹ ਗੁਰੂ ਰਾਮਦਾਸ ਸਰਾਂ ਦੇ ਨੇੜੇ ਸੀ; ਮਗਰੋਂ ਇਸ ਨੂੰ ਮਜੀਠਾ ਰੋਡ ਵਿਚ ਤਬਦੀਲ ਕਰ ਦਿੱਤਾ ਗਿਆ ਸੀ 6. ਅਖਾੜਾ ਬਿਬੇਕਸਰ (ਚੌਕ ਬਾਬਾ ਭੋੜੀ) 7. ਅਖਾੜਾ ਪੰਚਾਇਤੀ (ਭੂਸ਼ਨ ਪੁਰਾ) 8. ਅਖਾੜਾ ਘਿਓ ਮੰਡੀ (ਬਜ਼ਾਰ ਪੇਟੀਆਂ ਵਾਲਾ) 9. ਅਖਾੜਾ ਕਾਸ਼ੀਵਾਲਾ (ਨੇੜੇ ਸੁਲਤਾਨਵਿੰਡ ਗੇਟ) 10. ਅਖਾੜਾ ਨਿਰਵਾਣਸਰ (ਪੁਰਾਣੀ ਲੱਕੜ ਮੰਡੀ ਦੇ ਨੇੜੇ) 11. ਅਖਾੜਾ ਮਹੰਤ ਟਹਿਲ ਦਾਸ (ਘੰਟਾ ਘਰ ਚੌਕ ਵਿਚ) 12. ਅਖਾੜਾ ਚੱਟੇਵਾਲਾ (ਚੌਕ ਪਰਾਗ ਦਾਸ। ਇਨ੍ਹਾਂ ਵਿਚੋਂ ਬਹੁਤ ਅਖਾੜੇ ਉਦਾਸੀਆਂ ਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਤਕ ਇਹ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ ਸਨ। ਮਹਾਰਾਜਾ ਨੇ ਇਨ੍ਹਾਂ ਵਾਸਤੇ ਖ਼ਰਚ ਬੰਨ੍ਹੇ ਹੋਏ ਸਨ।

ਇਨ੍ਹਾਂ 12 ਤੋਂ ਇਲਾਵਾ 16 ਅਖਾੜੇ ਨਿਰਮਲਿਆਂ ਨਾਲ ਸਬੰਧਤ ਸਨ: 1. ਅਖਾੜਾ ਨਿਰਮਲ 2. ਡੇਰਾ ਗਲੀ ਬਾਗ਼ ਵਾਲੀ 3. ਅਖਾੜਾ ਡੇਰਾ ਠਾਕਰਾਂ (ਚੌਲ ਮੋਨੀ) 4. ਡੇਰਾ ਮਿਸ਼ਰਾ ਸਿੰਘ (ਚੌਕ ਲਛਮਣਸਰ) 5. ਡੇਰਾ ਨਿਰਮਲ ਛੇਤਰ (ਚੌਕ ਕਰੋੜੀ) 6. ਡੇਰਾ ਅੰਤਰਜਾਮੀਆਂ (ਸ਼ਾਨ ਗਲੀ) 7. ਡੇਰਾ ਲਾਇਲਪੁਰੀ (ਸ਼ਹੀਦ ਬੁੰਗਾ ਸਟਰੀਟ) 8. ਡੇਰਾ ਬੋਹੜ ਵਾਲਾ 9. ਡੇਰਾ ਤਪੋਵਨ (ਤਰਨਤਾਰਨ ਰੋਡ) 10. ਡੇਰਾ ਸਤਲਾਨੀ (ਡੇਰਾ ਕੌਲਸਰ; ਡੇਰਾ ਬਾਬਾ ਸਿੰਘ) 11. ਡੇਰਾ ਬਾਬਾ ਮੋਹਰ ਸਿੰਘ (ਬਿਬੇਕਸਰ ਰੋਡ) 12. ਡੇਰਾ ਬਾਬਾ ਕਰਮ ਸਿੰਘ (ਗੁਜਰਾਂ ਸਟਰੀਟ) 13. ਡੇਰਾ ਬਾਬਾ ਠਾਕਰ ਬਹਾਲ ਸਿੰਘ (ਦਰਵਾਜ਼ਾ ਘਿਓ ਮੰਡੀ) 14. ਡੇਰਾ ਮਹੰਤ ਤਿਰਲੋਕ ਸਿੰਘ (ਚੌਕ ਮੋਨੀ) 15. ਡੇਰਾ ਅੰਤਰਯਾਮੀ (ਚਾਟੀ ਵਿੰਡ) 16. ਡੇਰਾ ਬਾਉਲੀ ਬਘੇਲ ਸਿੰਘ (ਆਟਾ ਮੰਡੀ)।

ਇਨ੍ਹਾਂ 28 ਡੇਰਿਆਂ ਤੋਂ ਇਲਾਵਾ 9 ਡੇਰੇ ਹੋਰ ਵੀ ਸਨ: 1. ਡੇਰਾ ਮਿੱਠਾ ਟਿਵਾਣਾ (ਨੇੜੇ ਬਾਬਾ ਅਟੱਲ) 2. ਡੇਰਾ ਅਮੀਰ ਸਿੰਘ (ਕਟੜਾ ਕਰਮ ਸਿੰਘ) 3. ਡੇਰਾ ਮਹੰਤ ਤਾਰਾ ਸਿੰਘ (ਕਟੜਾ ਕਰਮ ਸਿੰਘ) 4. ਡੇਰਾ ਬਾਬਾ ਸ਼ਾਮ ਸਿੰਘ (ਆਟਾ ਮੰਡੀ) 5. ਡੇਰਾ ਬਾਬਾ ਸੁਰਜੀਤ ਸੰਘ (ਨੇੜੇ ਚਾਟੀ ਵਿੰਡ) 6. ਡੇਰਾ ਮਹੰਤ ਪੂਲ੍ਹਾ ਸਿੰਘ (ਕਟੜਾ ਕਰਮ ਸਿੰਘ) 7. ਡੇਰਾ ਬਾਬਾ ਖੜਕ ਸਿੰਘ/ਦਰਸ਼ਨ ਸਿੰਘ (ਚਾਟੀ ਵਿੰਡ) 8. ਡੇਰਾ ਬਾਬਾ ਮਹਿਰਾਜ ਸਿੰਘ 9. ਡੇਰਾ ਗਿਆਨੀ ਸੁੰਦਰ ਸਿੰਘ ਭਿੰਡਰਾਂ (ਚੌਕ ਬਾਬਾ ਸਾਹਿਬ)।

### ਅੰਮ੍ਰਿਤਸਰ 'ਤੇ ਅੰਗਰੇਜ਼ਾਂ ਵੱਲੋਂ ਕਬਜ਼ਾ ਕਰਨ ਮਗਰੋਂ

ਸੰਨ 1849 ਵਿਚ ਅੰਗਰੇਜ਼ਾਂ ਵੱਲੋਂ ਅੰਮ੍ਰਿਤਸਰ 'ਤੇ ਕਬਜ਼ਾ ਕੀਤੇ ਜਾਣ ਮਗਰੋਂ ਹੈਨਰੀ ਲਾਰੰਸ ਨੇ ਇਸ ਨਗਰ ਦਾ ਕੰਟਰੋਲ ਆਪਣੇ ਹੱਥ ਵਿਚ ਰੱਖਿਆ ਸੀ। ਉਸ ਦੇ ਹੇਠਾਂ ਲਛਮਣ ਸਿੰਘ ਮਜੀਠੀਆ ਮੈਨੇਜਰ ਦੀ ਡਿਊਟੀ ਨਿਭਾਉਂਦਾ ਰਿਹਾ ਸੀ। ਦਸ ਸਾਲ ਮਗਰੋਂ ਦਰਬਾਰ ਸਾਹਿਬ ਦਾ ਦਸਤੂਰ-ਇ-ਅਮਲ ਤਿਆਰ ਕਰ ਕੇ ਇਸ ਦਾ ਇੰਤਜ਼ਾਮ ਇਕ ਕਮੇਟੀ ਨੂੰ ਸੌਂਪ ਦਿੱਤਾ ਗਿਆ ਸੀ, ਜਿਸ ਦਾ ਮੁਖੀ ਲਾਹੌਰ ਦਰਬਾਰ ਦਾ ਗ਼ਦਾਰ (1845 ਤੋਂ 1849 ਤਕ ਲਾਹੌਰ ਦਰਬਾਰ ਦੀ ਫ਼ੌਜ ਦਾ ਮੁਖੀ) ਤੇਜਾ ਸਿੰਹ ਮਿਸ਼ਰਾ ਸੀ। ਇਸ ਦਸਤੂਰ-ਇ-ਅਮਲ ਵਿਚ ਮੁਖ ਤੌਰ 'ਤੇ ਦਰਬਾਰ ਸਾਹਿਬ 'ਤੇ ਚੜ੍ਹਾਵੇ ਵਿਚੋਂ ਆਮਦਨ ਦੀ ਵੰਡ ਅਤੇ ਤਨਖ਼ਾਹਾਂ ਆਦਿ ਦਾ ਸਿਸਟਮ ਤਿਆਰ ਕੀਤਾ ਗਿਆ ਸੀ।

ਇੱਥੇ ਟਾਊਨ ਹਾਲ (1870), ਰੇਲਵੇ (1862 ਲਾਹੌਰ, 1870 ਦਿੱਲੀ ਤੀਕ), ਡਾਕਖ਼ਾਨਾ, ਕਚਹਿਰੀਆਂ (1876), ਅਲੈਗਜ਼ੈਂਦਰਾ ਸਕੂਲ ਫ਼ਾਰ ਗਰਲਜ਼ (1877-78), ਵੀ.ਜੇ. (ਵਿਕਟੋਰੀਆ ਜੁਬਲੀ) ਹਸਪਤਾਲ (1891) ਅਤੇ ਬਾਜ਼ਾਰ ਬਣਾਏ ਸਨ। ਅੰਗਰੇਜ਼ਾਂ ਨੇ ਇਸ ਦੌਰਾਨ ਲਾਰੈਂਸ ਰੋਡ, ਕੁਈਨ ਰੋਡ, ਮਾਲ ਰੋਡ, ਸਿਵਲ ਲਾਈਨਜ਼, ਮਕਬੂਲ ਰੋਡ ਸੜਕਾਂ ਅਤੇ ਆਬਾਦੀਆਂ ਤੇ ਮਾਡਲ ਟਾਊਨ ਵਰਗੀਆਂ ਕਲੋਨੀਆਂ ਬਣਾ ਲਈਆਂ ਸਨ। ਇਸ ਦੇ ਨਾਲ ਹੀ ਹੋਰ ਨਵੀਆਂ ਆਬਾਦੀਆਂ ਵਸਣੀਆਂ ਵੀ ਸ਼ੁਰੂ ਹੋ ਗਈਆਂ ਸਨ। ਸੰਨ 1940 ਤਕ ਸ਼ਰੀਫ਼ਪੁਰਾ, ਰਾਣੀ ਬਾਗ਼, ਹੁਸੈਨਪੁਰਾ, ਤਹਿਸੀਲਪੁਰਾ, ਪੁਤਲੀਘਰ ਬਣ ਚੁਕੇ ਸਨ। ਇਸ ਦੇ ਨਾਲ ਹੀ ਮਜ਼ਦੂਰਾਂ ਦੀਆਂ ਕਲੋਨੀਆਂ ਇਸਲਾਮਾਬਾਦ, ਕੋਟ ਮੁਹੰਮਦ ਸ਼ਾਹ, ਸਰਾਇ ਭਗਵਾਨ ਦਾਸ, ਨਵਾਂ ਕੋਟ, ਅਮਰ ਕੋਟ, ਕੋਟ ਰੁਲੀਆ ਰਾਮ ਆਦਿ ਵੀ ਬਣ ਚੁਕੀਆਂ ਸਨ।

ਸੰਨ 1898 ਵਿਚ ਅੰਮ੍ਰਿਤਸਰ ਵਿਚ ਮਹਾਂ ਸਿੰਘ ਗੇਟ 'ਤੇ ਬਰੂਰੀ (ਸ਼ਰਾਬ ਬਣਾਉਣ ਦਾ ਕਾਰਖ਼ਾਨਾ) ਬਣਾਈ ਗਈ ਸੀ; ਮਗਰੋਂ ਇਸ ਨੂੰ ਖਾਸਾ ਪਿੰਡ ਲਿਜਾਇਆ ਗਿਆ ਸੀ। ਸੰਨ 1942 ਵਿਚ ਪ੍ਰਤਾਪ ਰੋਲਿੰਗ ਮਿੱਲ ਅਤੇ ਓ.ਸੀ.ਐਮ. ਮਿੱਲ ਵੀ ਬਣਾਈਆਂ ਗਈਆਂ ਸਨ। ਅੰਮ੍ਰਿਤਸਰ ਵਿਚ 4500 ਦੁਕਾਨਾਂ ਤੇ ਹੋਰ ਵਪਾਰਕ ਅਦਾਰੇ ਸਨ।

ਖਾਲਸਾ ਕਾਲਜ 5 ਮਾਰਚ 1892 ਦੇ ਦਿਨ 101 ਏਕੜ ਜ਼ਮੀਨ ਵਿਚ ਸ਼ੁਰੂ ਹੋਇਆ ਸੀ; ਮਗਰੋਂ ਇਹ ਰਕਬਾ 1300 ਏਕੜ ਹੋ ਚੁਕਾ ਸੀ। ਸੰਨ 1969 'ਚ ਗੁਰੂ ਨਾਨਕ ਯੂਨੀਵਰਸਿਟੀ ਇਸੇ ਦੀ ਜ਼ਮੀਨ ਵਿਚ ਬਣਾਈ ਗਈ ਸੀ।

ਪੰਜਾਬ ਦਾ ਪਹਿਲਾ ਯਤੀਮਖ਼ਾਨਾ ਚੀਫ਼ ਖਾਲਸਾ ਦੀਵਾਨ ਨੇ ਕਾਇਮ ਕੀਤਾ ਸੀ। ਭਗਤ ਪੂਰਨ ਸਿੰਘ ਨੇ ਇੱਥੇ ਹੀ ਯਤੀਮਾਂ, ਬੀਮਾਰਾਂ ਅਤੇ ਲਾਚਾਰਾਂ ਵਾਸਤੇ ਪਿੰਗਲਵਾੜਾ ਕਾਇਮ ਕੀਤਾ ਸੀ।

### ਅੰਮ੍ਰਿਤਸਰ ਦੀ ਆਬਾਦੀ

ਸੰਨ 1991 ਤੀਕ ਅੰਮ੍ਰਿਤਸਰ ਦੀ ਆਬਾਦੀ ਸਿਰਫ਼ ਦਸ ਹਜ਼ਾਰ ਸੀ, ਸੰਨ 1849 ਵਿਚ 1 ਲੱਖ 12 ਹਜ਼ਾਰ 186 ਸੀ (ਉਸ ਵੇਲੇ ਲਾਹੌਰ ਦੀ ਆਬਾਦੀ 94143 ਸੀ), ਜੋ 1941 ਵਿਚ 94 ਹਜ਼ਾਰ ਰਹਿ ਗਈ ਸੀ। 1947 ਵਿਚ ਅੰਮ੍ਰਿਤਸਰ ਦੀ ਆਬਾਦੀ 3 ਲੱਖ 91 ਹਜ਼ਾਰ ਸੀ (ਜਿਸ ਵਿਚੋਂ 47% ਮੁਸਲਮਾਨ ਸਨ)। ਸੰਨ 2011 ਵਿਚ ਇਸ ਸ਼ਹਿਰ ਦੀ ਆਬਾਦੀ 11 ਲੱਖ 32 ਹਜ਼ਾਰ 383 ਸੀ। ਇਸ ਵਿਚੋਂ 5 ਲੱਖ 56 ਹਜ਼ਾਰ 431 ਸਿੱਖ, 5 ਲੱਖ 72 ਹਜ਼ਾਰ 189 ਹਿੰਦੂ ਤੇ ਦਲਿਤ, 14280 ਈਸਾਈ, 5862 ਮੁਸਲਮਾਨ, 1143 ਜੈਨੀ, 773 ਬੋਧੀ ਸਨ। 2023 ਵਿਚ ਇਹ ਆਬਾਦੀ 14 ਲੱਖ 52 ਹਜ਼ਾਰ ਹੋ ਚੁਕੀ ਸੀ।

### ਲੋਕਲ ਐਡਮਨਿਟ੍ਰੇਸ਼ਨ

ਅੰਗ੍ਰੇਜ਼ਾਂ ਵੱਲੋਂ ਸੰਨ 1858 ਵਿਚ ਪਹਿਲਾਂ ਇੱਥੇ ਸਿਰਫ਼ ਇਕ 'ਲੋਕਲ (ਟਾਊਨ) ਕਮੇਟੀ' ਕਾਇਮ ਹੋਈ ਸੀ। ਇਸ ਵਿਚ ਮੰਗਲ ਸਿੰਘ ਰਾਮਗੜ੍ਹੀਆ (ਸਰਬਰਾਹ), ਦੇਸਾ ਸਿੰਘ ਮਜੀਠੀਆ (ਮੈਨੇਜਰ ਦਰਬਾਰ ਸਾਹਿਬ), ਕਰਨਲ ਗੋਪਾਲ ਦਾਸ, ਰਾਏ ਬਹਾਦਰ ਕਲਿਆਣ ਸਿੰਘ, ਜਾਨ ਮੁਹੰਮਦ ਖ਼ਾਨ ਮੈਂਬਰ ਸਨ। ਸੰਨ 1868 ਵਿਚ ਮਿਊਂਸਪਲ ਕਮੇਟੀ ਕਾਇਮ ਕੀਤੀ ਗਈ ਸੀ। ਇਸ ਵਿਚ 6 ਮੈਂਬਰ ਸਰਕਾਰ ਵੱਲੋਂ ਨਾਮਜ਼ਦ ਅਤੇ 11 ਚੁਣੇ ਗਏ ਮੈਂਬਰ ਸਨ। ਸੰਨ 1870 ਵਿਚ ਚੁਣੇ ਗਏ ਮੈਂਬਰਾਂ ਦੀ ਗਿਣਤੀ 20 ਕਰ ਦਿੱਤੀ ਗਈ ਸੀ। ਅੰਮ੍ਰਿਤਸਰ ਕਾਰਪੋਰੇਸ਼ਨ 1977 ਵਿਚ ਬਣੀ ਸੀ, ਪਰ ਪਹਿਲੀਆਂ ਚੋਣਾਂ 1991 ਵਿਚ ਹੋਈਆਂ ਸਨ। ***(ਚੱਲਦਾ)***

# ਦਿਲ ਨੂੰ ਛੂਹ ਜਾਣ ਵਾਲਾ ਤਜਰਬਾ

ਪੰਦਰਾਂ ਅਪਰੈਲ, 2001 ਦਾ ਦਿਨ।
ਸ਼ਹਿਰ ਲਾਹੌਰ

ਡਾ. ਜਗਤਾਰ ਦੇ ਮਿੱਤਰ ਉਮਰ ਗਨੀ ਦੀ ਜਹਾਜ਼ ਜਿੱਡੀ ਕਾਰ ਸੀ। ਪੇਂਡੂ ਪਹਿਰਾਵੇ ਵਾਲੇ ਡਰਾਈਵਰ ਨਾਲ ਅਗਲੀ ਸੀਟ ਉਤੇ ਡਾ. ਜਗਤਾਰ ਬੈਠਾ ਸੀ, ਪਿੱਛੇ ਉਮਰ ਗਨੀ, 'ਰਵੇਲ' ਦਾ ਨੌਜਵਾਨ ਐਡੀਟਰ ਰਿਜ਼ਵਾਨ ਅਹਿਮਦ ਤੇ ਮੈਂ। ਕਿਸੇ ਬੈਂਕਿੰਗ ਅਦਾਰੇ ਵਿਚੋਂ ਬਹੁਤ ਵੱਡੇ ਅਹੁਦੇ ਤੋਂ ਰਿਟਾਇਰ ਹੋਇਆ ਉਮਰ ਗਨੀ ਪਾਕਪਟਨ ਤੋਂ ਜਗਤਾਰ ਦੇ ਬੁਲਾਵੇ ਉਤੇ ਉਚੇਚਾ ਆਇਆ ਸੀ, ਸਾਨੂੰ ਲਾਹੌਰ ਦੀ ਸੈਰ ਕਰਾਉਣ। ਸਾਡੇ ਪਾਸਪੋਰਟ ਉਤੇ 'ਸਿਰਫ ਲਾਹੌਰ' ਲਿਖਿਆ ਹੋਣ ਕਰਕੇ ਸਰਕਾਰੀ ਤੌਰ 'ਤੇ ਸਾਨੂੰ ਲਾਹੌਰ ਤੋਂ ਬਾਹਰ ਜਾਣ ਦੀ ਆਗਿਆ ਨਹੀਂ ਸੀ। ਫੌਜੀ ਹਕੂਮਤ ਸੀ ਤੇ ਦੋਵਾਂ ਦੇਸ਼ਾਂ ਦੇ ਸਬੰਧ ਵੀ ਅਣਸੁਖਾਵੇਂ ਸਨ, ਇਸ ਲਈ ਚਾਹ ਕੇ ਵੀ ਪਾਕਪਟਨ ਨਾ ਜਾ ਸਕਣ 'ਤੇ ਪੰਜਾਬੀ ਦੇ ਪਹਿਲੇ ਮਹਾਨ ਸ਼ਾਇਰ ਬਾਬਾ ਫਰੀਦ ਦੇ ਨਤਮਸਤਕ ਨਾ ਹੋ ਸਕਣ ਦਾ ਵਿਗੋਚਾ ਸਾਨੂੰ ਦੁਖੀ ਕਰ ਰਿਹਾ ਸੀ।



'ਅੱਛਾ, ਜਦੋਂ ਮੇਰੇ ਬਾਬੇ ਦੀ ਮਰਜ਼ੀ ਹੋਈ ਉਹਨੇ ਆਪੇ ਬੁਲਾ ਲੈਣੈ ਆਪਣੇ ਕੋਲ,' ਡਾ. ਜਗਤਾਰ ਨੇ ਇਕ ਤਰ੍ਹਾਂ ਹਉਕਾ ਲਿਆ।

'ਚਲੋ ਵਰਿਆਮ ਨੂੰ ਇਥੇ ਵਾਲੇ ਬਾਬੇ ਨੂੰ ਤਾਂ ਮਿਲਾਈਏ।'

**ਵਰਿਆਮ ਸਿੰਘ ਸੰਧੂ**
**ਫੋਨ: 647-535-1539**

ਕਾਰ ਦਾ ਰੁਖ ਉਸ ਇਲਾਕੇ ਵੱਲ ਹੋ ਗਿਆ ਜਿਥੇ ਮਹਾਨ ਸੂਫੀ ਸ਼ਾਇਰ ਸ਼ਾਹ ਹੁਸੈਨ ਦਾ ਮਜ਼ਾਰ ਹੈ। ਡਾ. ਜਗਤਾਰ ਨੇ ਤਾਂ ਲਾਹੌਰ ਅਨੇਕਾਂ ਵਾਰ ਵੇਖਿਆ ਸੀ ਤੇ ਸਾਰੀਆਂ ਦਰਸ਼ਨੀ ਥਾਵਾਂ ਵੀ। ਉਹ ਮੇਰੀ ਅਗਵਾਈ ਕਰਕੇ ਮੈਨੂੰ ਇਮਾਰਤਾਂ 'ਤੋਂ ਪਾਰ ਜਾ ਕੇ ਇਤਿਹਾਸ ਵਿਚ ਲੁਕਿਆ ਲਾਹੌਰ ਵੀ ਦਿਖਾਉਣਾ ਚਾਹੁੰਦਾ ਸੀ।

'ਪਹਿਲਾਂ ਸ਼ਾਲਾਮਾਰ ਬਾਗ਼ ਵੀ ਵਿਖਾ ਲਈਏ ਇਹਨੂੰ, ਨਾਲ ਹੀ ਪੈਂਦਾ ਏਥੇ।'

ਸਬੰਧਿਤ ਇਲਾਕੇ ਵਿਚ ਵੜਦਿਆਂ ਹੀ ਜਗਤਾਰ ਦੀ ਹਦਾਇਤ ਦੀ ਪਾਲਣਾ ਕਰਦਿਆਂ ਡਰਾਈਵਰ ਨੇ ਗੱਡੀ ਸ਼ਾਲਾਮਾਰ ਬਾਗ਼ ਦੇ ਬਾਹਰਵਾਰ ਖੜ੍ਹੀ ਕਰ ਦਿੱਤੀ।

ਅੰਦਰ ਦਾਖ਼ਲ ਹੁੰਦਿਆਂ ਹੀ ਉਸ ਵਿਸ਼ਾਲ ਬਾਗ਼ ਵਿਚ ਦੂਰ ਤਕ ਝਾਤੀ ਮਾਰ ਕੇ ਪੁਰ-ਸਕੂਨ ਸਾਹ ਲਿਆ। ਇਮਾਰਤਾਂ ਤੇ ਬਾਗ਼ਾਂ ਦਾ ਸਿਰਜਣਹਾਰ ਸ਼ਹਿਨਸ਼ਾਹ ਸ਼ਾਹਜਹਾਨ ਚੇਤੇ ਆਇਆ। ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦਾ ਲੇਖ 'ਸ਼ਾਲਾਮਾਰ ਬਾਗ਼ ਵਿਚ ਡੇਲੀਆ' ਤੇ ਇਸ ਬਾਗ਼ ਨਾਲ ਜੁੜਿਆ ਹੋਰ ਬਹੁਤ ਕੁਝ ਚੇਤੇ 'ਚੋਂ ਲੰਘਿਆ। ਲਾਹੌਰ ਟੀ.ਵੀ. ਤੋਂ ਕਈ ਵਾਰ ਇਸ ਬਾਗ਼ ਬਾਰੇ ਵੇਖੀ ਹੋਈ ਦਸਤਾਵੇਜ਼ੀ ਫਿਲਮ ਯਾਦ ਆਈ ਤੇ ਡਰਾਮਿਆਂ ਵਿਚ ਲਏ ਇਸ ਬਾਗ਼ ਦੇ ਦ੍ਰਿਸ਼ ਵੀ ਯਾਦ ਆਏ; ਆਪਣੇ ਪਿੰਡ ਦੇ ਗ਼ਦਰੀ ਪ੍ਰੇਮ ਸਿੰਘ ਦਾ ਸ਼ਾਲਾਮਾਰ ਬਾਗ਼ ਵਿਚ ਲੱਗੇ ਮੇਲੇ ਸਮੇਂ ਗ਼ਦਰੀਆਂ ਦੇ ਦੁਸ਼ਮਣ ਇਕ ਥਾਣੇਦਾਰ ਉਤੇ ਬੰਬ ਸੁੱਟਣਾ ਵੀ ਚੇਤੇ 'ਚੋਂ ਲੰਘਿਆ।

ਤਾਂ ਇਹ ਹੈ ਲਾਹੌਰ ਦਾ ਸ਼ਾਲਾਮਾਰ ਬਾਗ਼। ਅਸੀਂ ਬਾਗ਼ ਦਾ ਚੱਕਰ ਲਾਉਣ ਲੱਗੇ। ਸਾਡੀਆਂ ਪੱਗਾਂ ਦੇਖ ਕੇ ਦੋ ਲੜਕੇ ਦੂਰੋਂ ਉਚੇਚੇ ਚਲ ਕੇ ਸਾਡੇ ਵੱਲ ਆਏ। ਦਸ-ਗਿਆਰਾਂ ਸਾਲ ਦੀ ਉਮਰ ਹੋਵੇਗੀ। ਸ਼ਾਇਦ ਐਤਵਾਰ ਦੀ ਛੁੱਟੀ ਮਾਣਨ ਤੇ ਮਟਰਗਸ਼ਤੀ ਕਰਨ ਲਈ ਬਾਗ਼ ਵਿਚ ਚਲੇ ਆਏ ਹੋਣਗੇ। ਜਗਤਾਰ ਤੇ ਮੈਂ ਉਨ੍ਹਾਂ ਦਾ ਹਾਲ-ਚਾਲ ਪੁੱਛਿਆ। ਉਨ੍ਹਾਂ ਮੁਸਕਰਾ ਕੇ, 'ਠੀਕ ਹੈ, ਬਹੁਤ ਵਧੀਆ ਹੈ,' ਆਖਿਆ ਤੇ ਸਾਡੇ ਨਾਲ ਨਾਲ ਹੀ ਤੁਰ ਪਏ।

ਅਸੀਂ ਆਪਣੀਆਂ ਗੱਲਾਂ ਵਿਚ ਰੁੱਝ ਗਏ। ਪਰ ਉਹ ਛੋਟੇ ਬੱਚੇ ਧੌਣਾਂ ਟੇਢੀਆਂ ਤੇ ਉਚੀਆਂ ਕਰਕੇ ਸਾਡੇ ਮੂੰਹਾਂ ਵੱਲ ਇੰਜ ਵੇਖਦੇ, ਜਿਵੇਂ ਸਾਡੇ ਮੂੰਹੋਂ ਕਿਰ ਰਹੇ ਬੋਲਾਂ ਨੂੰ ਬੋਚ ਲੈਣਾ ਚਾਹੁੰਦੇ ਹੋਣ। ਉਹ ਮੇਰੇ ਸੱਜੇ ਹੱਥ ਮੇਰੇ ਨਾਲ-ਨਾਲ ਸਨ ਤੇ ਮੈਂ ਉਨ੍ਹਾਂ ਦੇ ਚਿਹਰਿਆਂ ਦੇ ਹਾਵ-ਭਾਵ ਜਾਨਣ ਦੀ ਕੋਸ਼ਿਸ਼ ਕਰ ਰਿਹਾ ਸੀ।

'ਬੇਲੀਓ! ਤੁਹਾਡਾ ਨਾਂ ਕੀ ਹੈ?' ਮੈਂ ਰੁਕ ਕੇ ਉਨ੍ਹਾਂ ਨੂੰ ਪੁੱਛਿਆ। ਇਕ ਨੇ ਬੜੇ ਉਤਸ਼ਾਹ ਨਾਲ ਦੱਸਿਆ, 'ਮੇਰਾ ਨਾਂ ਆਮਿਰ ਹੈ ਤੇ ਇਹਦਾ ਅਦਨਾਨ।'

ਉਨ੍ਹਾਂ ਦੇ ਚਿਹਰਿਆਂ ਉਤੇ ਚਮਕ ਸੀ। ਮੈਂ ਆਪਣੇ ਸਾਥੀਆਂ 'ਤੋਂ ਪਿੱਛੇ ਰਹਿ ਕੇ ਉਨ੍ਹਾਂ ਨਾਲ ਨਿੱਕੀਆਂ-ਨਿੱਕੀਆਂ ਗੱਲਾਂ 'ਚ ਰੁੱਝ ਗਿਆ। ਉਨ੍ਹਾਂ ਦੱਸਿਆ ਕਿ ਉਹ ਪੰਜਵੀਂ ਜਮਾਤ ਦੇ ਦਰਮਿਆਨੇ ਦਰਜੇ ਦੇ ਕਿਸੇ ਪਬਲਿਕ ਸਕੂਲ ਦੇ ਵਿਦਿਆਰਥੀ ਹਨ। ਮੈਂ ਨਵੀਂ ਸਿੱਖੀ ਸ਼ਾਹਮੁਖੀ ਲਿਪੀ ਦੇ ਮਾਧਿਅਮ ਰਾਹੀਂ ਉਨ੍ਹਾਂ ਨਾਲ ਜੁੜਨਾ ਚਾਹਿਆ ਤੇ ਆਪਣੀ ਕਲਮ ਨਾਲ ਉਨ੍ਹਾਂ ਦੇ ਹੱਥਾਂ ਦੀਆਂ ਤਲੀਆਂ ਉਤੇ ਉਨ੍ਹਾਂ ਦੇ ਨਾਂ ਲਿਖੇ। ਇਹ ਉਨ੍ਹਾਂ ਲਈ ਅਲੋਕਾਰੀ ਗੱਲ ਸੀ। ਉਹ ਖ਼ੁਸ਼ੀ ਨਾਲ ਆਪਣੀਆਂ ਖੁੱਲ੍ਹੀਆਂ ਤਲੀਆਂ 'ਤੇ ਲਿਖੇ ਮੇਰੇ ਅੱਖਰ ਦੇਖ ਰਹੇ ਸਨ ਤੇ ਮੇਰੇ ਵੱਲ ਵੇਖ ਕੇ ਮੁਸਕਰਾ ਰਹੇ ਸਨ।

'ਅੱਛਾ ਆਮਿਰ ਮੀਆਂ! ਦੱਸੋ ਭਾਰਤੀ ਫ਼ਿਲਮਾਂ ਦੇਖਦੇ ਓ?'

'ਵੇਖਦੇ ਹੁੰਦੇ ਆਂ...' ਉਨ੍ਹਾਂ ਦਾ ਸਾਂਝਾ ਉਤਸ਼ਾਹੀ ਜੁਆਬ ਸੀ।

'ਕਿਹੜੀ ਹੀਰੋਇਨ ਚੰਗੀ ਲੱਗਦੀ ਹੈ ਸਭ ਤੋਂ ਵੱਧ?'

'ਸਾਰੀਆਂ ਹੀ।' ਮੈਂ ਹੱਸ ਕੇ ਕਿਹਾ, 'ਸਾਰੀਆਂ ਨਹੀਂ, ਜੇ ਕਿਸੇ ਇਕ ਅੱਧੀ ਦਾ ਨਾਂ ਲਵੋਂ ਤਾਂ ਤੇਰੇ ਕੋਲ ਭੇਜ ਦਿਆਂਗੇ। ਸਾਰੀਆਂ ਤਾਂ ਨਹੀਂ ਅਸੀਂ ਦੇਣ ਲੱਗੇ।'

ਉਹ ਖਿੜ-ਖਿੜਾ ਕੇ ਹੱਸੇ ਤੇ ਅਦਨਾਨ ਨੇ ਫਿਰ ਕਿਹਾ, 'ਨਹੀਂ ਸਾਰੀਆਂ ਹੀ ਚੰਗੀਆਂ ਨੇ।'

ਉਨ੍ਹਾਂ ਨਾਲ ਤੁਰਿਆਂ ਜਾਂਦਿਆਂ ਮੈਂ ਬਾਗ਼ ਦੇ ਆਸੇ-ਪਾਸੇ ਝਾਤੀ ਵੀ ਮਾਰ ਰਿਹਾ ਸੀ। ਹਰੇ ਮੈਦਾਨ ਤੇ ਹਰੇ ਭਰੇ ਰੁੱਖ ਤਾਂ ਸਨ ਪਰ ਬਾਗ਼ ਵਿਚਲੀਆਂ ਨਿੱਕੀਆਂ ਨਹਿਰਾਂ 'ਤੇ ਫੁਹਾਰਿਆਂ ਵਿਚ ਪਾਣੀ ਨਹੀਂ ਸੀ। ਸ਼ਾਇਦ ਗਰਮੀਆਂ ਦੇ ਮੌਸਮ ਦਾ ਅਸਰ ਸੀ, ਦਿਲ ਨੂੰ ਧੂਹ ਪਾਉਣ ਵਾਲੇ ਫੁੱਲਾਂ ਦੀ ਖ਼ੂਬਸੂਰਤੀ ਵੀ ਗ਼ੈਰ-ਹਾਜ਼ਰ ਸੀ। ਫਿਰ ਵੀ ਮਨ ਨੂੰ ਅਥਾਹ ਖ਼ੁਸ਼ੀ ਸੀ ਇਸ ਇਤਿਹਾਸਕ ਬਾਗ਼ ਵਿਚ ਇਨ੍ਹਾਂ ਛੋਟੇ ਬੱਚਿਆਂ ਦੇ ਅੰਗ-ਸੰਗ ਤੁਰਦਿਆਂ।

ਮੈਂ ਰੁਕ ਕੇ ਉਨ੍ਹਾਂ ਦੋਹਾਂ ਨੂੰ ਸਾਂਝਾ ਸੁਆਲ ਕੀਤਾ, 'ਅੱਛਾ! ਇਹ ਦੱਸੋ ਪਹਿਲਾਂ ਕਦੀ ਸਾਡੇ ਵਰਗੇ ਪੱਗਾਂ ਤੇ ਦਾੜ੍ਹੀਆਂ ਵਾਲੇ ਸਿੱਖ ਵੇਖੇ ਜੇ?'

'ਐਸ ਤਰ੍ਹਾਂ ਨਹੀਂ; ਟੀ.ਵੀ. ਉਤੇ ਵੇਖੇ ਹੋਏ ਨੇ,' ਅਦਨਾਨ ਨੇ ਆਖਿਆ।

'ਐਸ ਤਰ੍ਹਾਂ ਪਹਿਲੀ ਵਾਰ ਆਹਮੋ-ਸਾਹਮਣੇ ਵੇਖ ਕੇ ਤੁਹਾਨੂੰ ਸਿੱਖ ਕਿਹੋ ਜਿਹੇ ਲੱਗੇ ਨੇ?' ਮੈਂ ਔਖਾ ਜਿਹਾ ਸੁਆਲ ਪਾ ਦਿੱਤਾ।

'ਅੰਗਰੇਜ਼ਾਂ ਤੋਂ ਕਈ ਗੁਣਾਂ ਚੰਗੇ,' ਆਮਿਰ ਦਾ ਜੁਆਬ ਵੀ ਔਖਾ ਸੀ ਤੇ ਮੈਂ ਇਸ ਦੇ ਅਰਥ ਸਮਝਣ ਦੀ ਕੋਸ਼ਿਸ਼ ਵਿਚ ਹੀ ਸਾਂ ਕਿ ਉਸ ਨੇ ਆਪ ਹੀ ਇਸ ਦੀ ਵਿਆਖਿਆ ਕਰ ਦਿੱਤੀ, 'ਅੰਗਰੇਜ਼ ਤਾਂ ਬੋਲਦੇ ਹੀ ਗਿਟਮਿਟ-ਗਿਟਮਿਟ ਨੇ। ਉਨ੍ਹਾਂ ਦੀ ਬੋਲੀ ਹੀ ਸਮਝ ਨਹੀਂ ਆਉਂਦੀ। ਤੁਸੀਂ ਤਾਂ ਬਿਲਕੁਲ ਸਾਡੇ ਵਾਂਗ ਹੀ ਬੋਲਦੇ ਹੋ।'

ਅਸਲ ਵਿਚ ਅਸੀਂ ਪਹਿਲੇ ਸਿੱਖ ਹਾਂ ਜੋ ਉਨ੍ਹਾਂ ਦੇ ਸੰਪਰਕ ਵਿਚ ਆਏ ਸਾਂ। ਉਨ੍ਹਾਂ ਲਈ ਤਾਂ ਸਿੱਖ 'ਵਿਦੇਸ਼ੀ' ਸਨ। ਜਿਵੇਂ ਅੰਗਰੇਜ਼ 'ਵਿਦੇਸ਼ੀ' ਸਨ। ਤੇ ਅੰਗਰੇਜ਼ ਵਿਦੇਸ਼ੀਆਂ ਦੀ 'ਗਿਟ ਮਿਟ' ਉਨ੍ਹਾਂ ਨੂੰ ਆਮ ਪੰਜਾਬੀ ਵਿਦਿਆਰਥੀਆਂ ਵਾਂਗ ਸਮਝਣੀ ਮੁਸ਼ਕਲ ਸੀ, ਪਰ ਉਨ੍ਹਾਂ ਲਈ ਇਹ ਹੈਰਾਨੀ ਭਰੀ ਖ਼ੁਸ਼ੀ ਦੀ ਗੱਲ ਸੀ ਕਿ ਸਾਡੇ ਰੂਪ ਵਿਚ ਵਿਦੇਸ਼ੀ ਲੋਕ ਉਨ੍ਹਾਂ ਦੀ ਆਪਣੀ ਬੋਲੀ ਪੰਜਾਬੀ ਵਿਚ ਹੀ ਗੱਲਾਂ ਕਰ ਰਹੇ ਸਨ, ਬਿਲਕੁਲ ਉਨ੍ਹਾਂ ਵਾਂਗ ਹੀ। ਉਨ੍ਹਾਂ ਨੂੰ ਸ਼ਾਇਦ ਪਹਿਲਾਂ ਇਸ ਗੱਲ ਦਾ ਇਲਮ ਹੀ ਨਹੀਂ ਸੀ ਕਿ ਸਾਡੇ ਲੋਕਾਂ ਦੀ ਜ਼ਬਾਨ ਵੀ ਪੰਜਾਬੀ ਹੀ ਹੈ। ਉਨ੍ਹਾਂ ਬੱਚਿਆਂ ਦੇ ਮਿਲਾਪ ਨੇ ਦੱਸ ਦਿੱਤਾ ਸੀ ਕਿ ਜ਼ਬਾਨ ਦੀ ਸਾਂਝ ਕਿਵੇਂ ਤੁਰਤ ਇਕ ਦੂਜੇ ਨੂੰ ਦੇਸ਼ਾਂ ਤੇ ਧਰਮਾਂ ਦੇ ਹੱਦਾਂ-ਬੰਨੇ ਤੋੜ ਕੇ ਨੇੜੇ ਕਰ ਸਕਦੀ ਹੈ। ਮੈਨੂੰ ਹੁਣ ਖ਼ਿਆਲ ਆਇਆ ਕਿ ਉਹ ਸਾਡੀ ਜ਼ਬਾਨ ਸੁਣਨ ਲਈ ਹੀ ਸਾਡੇ ਨਾਲ-ਨਾਲ ਤੁਰੇ ਸਨ। ਅਸੀਂ ਓਪਰੇ ਤੇ ਪਰਾਏ ਹੋ ਕੇ ਵੀ ਉਨ੍ਹਾਂ ਨੂੰ ਆਪਣੇ-ਆਪਣੇ ਲੱਗੇ ਹੋਵਾਂਗੇ।

ਮੈਂ ਸਾਂਝੀ ਜ਼ਬਾਨ ਦੀ ਕਰਾਮਾਤ ਬਾਰੇ ਸੋਚਦਾ ਹੋਇਆ ਉਨ੍ਹਾਂ ਨਾਲ ਤੁਰਿਆ ਜਾ ਰਿਹਾ ਸਾਂ ਕਿ ਅਚਨਚੇਤ ਅਦਨਾਨ ਨੇ ਮੇਰੀ ਉਂਗਲ ਫੜ ਲਈ। ਮੈਂ ਰੁਕ ਕੇ ਉਹਦੇ ਚਿਹਰੇ ਵੱਲ ਵੇਖਿਆ।

'ਅੰਕਲ! ਇਕ ਗੱਲ ਦੱਸੋਗੇ?' ਉਹ ਸ਼ਾਇਦ ਪੁੱਛਣ ਲਈ ਆਪਣੇ ਮਨ ਨਾਲ ਘੋਲ ਕਰ ਰਿਹਾ ਸੀ।

'ਪੁੱਛੋ ਬੇਟਾ! ਜ਼ਰੂਰ ਪੁੱਛੋ,' ਤੇ ਅਟਕ-ਅਟਕ ਕੇ ਉਸ ਨੇ ਸੁਆਲ ਪੁੱਛ ਹੀ ਲਿਆ।

'ਤੁਸੀਂ ਭਲਾ ਅੱਲ੍ਹਾ ਨੂੰ ਮੰਨਦੇ ਹੋ?'

ਪਹਿਲਾਂ ਤਾਂ ਮੈਂ ਉਸ ਦੇ ਸੁਆਲ ਉਤੇ ਹੈਰਾਨ ਹੋਇਆ ਤੇ ਫਿਰ ਖ਼ੁਸ਼ ਹੋ ਕੇ ਦੱਸਿਆ, 'ਕਿਉਂ ਨਹੀਂ ਪੁੱਤਰ! ਅੱਲ੍ਹਾਪਾਕ ਪਰਵਰਦਗਾਰ ਤਾਂ ਸਾਡਾ ਸਾਂਝਾ ਹੈ ਸਭ ਦਾ। ਅਸੀਂ ਭਲਾ ਕਿਉਂ ਨਾ ਮੰਨਣਾ ਹੋਇਆ! ਅਸੀਂ ਮੰਨਦੇ ਹਾਂ। ਬੜੇ ਅਦਬ ਨਾਲ ਮੰਨਦੇ ਹਾਂ।'

ਮੇਰਾ ਜੁਆਬ ਸੁਣਦੇ ਸਾਰ ਹੀ ਉਸ ਨੇ ਮੈਨੂੰ ਚਕਾਚੌਂਧ ਕਰ ਦੇਣ ਵਾਲਾ ਜੁਆਬ ਦਿੱਤਾ, 'ਅੰਕਲ! ਜੇ ਤੁਸੀਂ ਅੱਲ੍ਹਾ ਨੂੰ ਮੰਨਦੇ ਜੇ ਤਾਂ ਫਿਰ ਅਸੀਂ ਵੀ ਭਗਵਾਨ ਨੂੰ ਮੰਨਦੇ ਆਂ।'

ਮੈਂ ਤਾਂ ਉਸ ਨੂੰ ਛੋਟਾ ਜਿਹਾ ਭੋਲਾ-ਭਾਲਾ ਬੱਚਾ ਸਮਝ ਰਿਹਾ ਸਾਂ। ਮਾਸੂਮ ਤੇ ਨਿੱਕਚੂ ਜਿਹਾ। ਉਸ ਨੇ ਤਾਂ ਬਹੁਤ ਵੱਡੀ ਗੱਲ ਕੀਤੀ ਸੀ। ਸਿਆਣਿਆਂ ਤੋਂ ਵੀ ਸਿਆਣੀ। ਮੈਂ ਉਸ ਦਾ ਸਿਰ ਆਪਣੀ ਵੱਖੀ ਨਾਲ ਘੁੱਟ ਲਿਆ।

ਮਾਂ ਬੋਲੀ ਦੀ ਆਪਸੀ ਅਪਣੱਤ 'ਚੋਂ ਪੈਦਾ ਹੋ ਸਕਣ ਵਾਲੇ ਅਤੇ ਅੱਲ੍ਹਾ ਤੇ ਭਗਵਾਨ ਨੂੰ ਆਪਣੇ ਸਮਝ ਕੇ ਇਨ੍ਹਾਂ ਦੇ ਨਾਂ ਉਤੇ ਲੜਨ ਦੀ ਥਾਂ ਆਪਸੀ ਸਹਿਹੋਂਦ ਤੇ ਸਤਿਕਾਰ ਵਾਲੇ ਰਾਹ ਦਾ ਪਤਾ ਸਾਨੂੰ ਇਨ੍ਹਾਂ ਛੋਟੇ ਬੱਚਿਆਂ ਨੇ ਕਿੰਨੀ ਸਾਦਗੀ ਨਾਲ ਸਮਝਾ ਦਿੱਤਾ ਸੀ।

ਮੈਂ ਉਤਸ਼ਾਹ ਵਿਚ ਭਰ ਕੇ ਅੱਗੇ ਜਾਂਦੇ ਆਪਣੇ ਸਾਥੀਆਂ ਨੂੰ ਆਵਾਜ਼ ਦੇ ਕੇ ਰੋਕਿਆ, 'ਜ਼ਰਾ ਖਲੋ ਕੇ ਮੇਰੇ ਨਾਲ ਤੁਰੇ ਆਉਂਦੇ ਇਨ੍ਹਾਂ 'ਬਾਬੇ ਬੁੱਢਿਆਂ' ਦੀ ਤਾਂ ਸੁਣੋ। ਇਹ ਬੱਚੇ ਨਹੀਂ ਜੇ, ਇਹ ਤਾਂ ਪੰਜਾਬ ਦੀ ਸਿਆਣਪ ਨੇ, ਸਿਆਸਤਾਂ ਤੋਂ ਪਾਰ ਜਾ ਕੇ ਸਮੁੱਚੇ ਪੰਜਾਬੀਆਂ ਨੂੰ ਜੋੜਨ ਵਾਲੀ।'

ਖ਼ੁਸ਼ੀ ਭਰੀ ਹੈਰਾਨੀ ਨਾਲ ਜਗਤਾਰ ਤੇ ਉਮਰ ਗਨੀ ਨੇ ਉਨ੍ਹਾਂ ਛੋਟੇ ਬੱਚਿਆਂ ਨੂੰ ਲਾਡ ਲਡਾਇਆ।

ਮੈਂ ਆਪਣੇ-ਆਪ ਨੂੰ ਆਖਿਆ, 'ਇਹ ਗਲਤ ਗੱਲ ਹੈ ਕਿ ਸ਼ਾਲਾਮਾਰ ਬਾਗ਼ ਵਿਚ ਫੁੱਲ ਨਹੀਂ ਦਿਸਦੇ। ਅਸਲੀ ਫੁੱਲ ਤਾਂ ਮੇਰੇ ਸਾਹਮਣੇ ਖਲੋਤੇ ਸਨ। ਆਮਿਰ ਤੇ ਅਦਨਾਨ! ਹਰੇ-ਭਰੇ ਰੰਗ ਬਰੰਗੇ ਮਹਿਕਾਂ ਵੰਡਦੇ। ਸਾਡੇ ਸੁਪਨਿਆਂ ਦੇ ਪੰਜਾਬ ਨੂੰ ਠੰਡੀਆਂ ਛਾਵਾਂ ਦੇਣ ਵਾਲੇ ਪੌਦਿਆਂ ਦੀ ਨੰਨ੍ਹੀ ਪਨੀਰੀ।...ਰੱਬ ਕਰੇ! ਇਹ ਵੱਡੇ ਹੋਣ, ਵਧਣ ਫੁੱਲਣ, ਛਾਂਵਾਂ ਵਾਲੇ ਬੂਟੇ ਬਣਨ।

ਅਚਨਚੇਤ ਮੈਨੂੰ ਡਰਾਉਣਾ ਖ਼ਿਆਲ ਆਇਆ, 'ਇਨ੍ਹਾਂ ਪੌਦਿਆਂ ਨੂੰ ਹਰਾ-ਭਰਾ ਰੱਖਣ ਲਈ 'ਨਹਿਰਾਂ' ਵਿਚ ਪਾਣੀ ਕਿਉਂ ਨਹੀਂ?'

ਕਿੱਥੇ ਲੱਗਾ ਹੋਇਆ ਸੀ ਮੁਹੱਬਤ ਦੇ ਪਾਣੀ ਨੂੰ ਬੰਨ੍ਹ?

ਸ਼ਾਹ ਹੁਸੈਨ ਦੇ ਮਜ਼ਾਰ ਵੱਲ ਜਾਂਦਿਆਂ ਅਸੀਂ ਇਕ ਭੀੜੇ ਜਿਹੇ ਬਾਜ਼ਾਰ ਵਿਚੋਂ ਲੰਘਦੇ ਪਏ ਸਾਂ। ਉਮਰ ਗਨੀ ਕੱਲ੍ਹ ਪਾਕਪਟਨ 'ਤੋਂ ਆਇਆ ਸੀ। 'ਘਰ ਦੇ ਫ਼ਿਕਰ ਨਾ ਕਰਦੇ ਹੋਣ,' ਇਸ ਲਈ ਉਹ ਉਨ੍ਹਾਂ ਨੂੰ ਫ਼ੋਨ ਕਰਨਾ ਚਾਹੁੰਦਾ ਸੀ। ਐਤਵਾਰ ਹੋਣ ਦੇ ਬਾਵਜੂਦ ਇਹ ਬਾਜ਼ਾਰ ਖੁੱਲ੍ਹਾ ਹੋਇਆ ਸੀ। ਦਰਮਿਆਨੇ ਲੋਕਾਂ ਦਾ ਇਲਾਕਾ ਸੀ। ਪੇਂਡੂ ਲੱਗਦੇ ਲੋਕ ਸੌਦਾ-ਸੁਲਫ਼ ਖ਼ਰੀਦ ਰਹੇ ਸਨ। ਇਕ ਪੀ.ਸੀ.ਓ ਵੇਖ ਕੇ ਅਸੀਂ ਕਾਰ ਖੜ੍ਹੀ ਕਰ ਲਈ। ਉਮਰ ਗਨੀ ਤੇ ਰਿਜ਼ਵਾਨ ਫ਼ੋਨ ਕਰਨ ਲਈ ਅੰਦਰ ਗਏ। ਜਗਤਾਰ ਵੀ ਉਨ੍ਹਾਂ ਦੇ ਨਾਲ ਸੀ। ਮੈਂ ਜਾਣ-ਬੁੱਝ ਕੇ ਬਾਹਰ ਖੜੋਤਾ ਰਿਹਾ। ਲੋਕਾਂ ਦਾ ਪ੍ਰਤੀਕਰਮ ਜਾਣਨ ਅਤੇ ਵੇਖਣ ਵਾਸਤੇ। ਇਕ ਦੋ ਵਡੇਰੀ ਉਮਰ ਦੇ ਬਜ਼ੁਰਗ ਆਏ। ਸਲਾਮ ਕੀਤੀ। ਹਾਲ ਚਾਲ ਪੁੱਛਿਆ।

ਹੌਲੀ-ਹੌਲੀ ਨੌਜੁਆਨਾਂ ਦੀ ਭੀੜ ਮੇਰੇ ਦੁਆਲੇ ਇੱਕਠੀ ਹੋ ਗਈ।

'ਅੰਕਲ ਚਾਹ ਪਾਣੀ ਪੀਵੋ! ਬੋਤਲਾਂ ਮੰਗਵਾਈਏ?' ਉਹ ਜ਼ੋਰ ਦੇ ਰਹੇ ਸਨ।

'ਨਹੀਂ ਬੇਟੇ! ਅਸੀਂ ਹੁਣੇ ਚਲੇ ਜਾਣੈ। ਤੁਹਾਡਾ ਸ਼ੁਕਰੀਆ! ਹੋਰ ਸੁਣਾਓ! ਕੀ ਹਾਲ ਚਾਲ ਨੇ?'

'ਅੰਕਲ ਬਹੁਤ ਵਧੀਆ। ਆਪਣੀ ਸੁਣਾਓ!'

ਉਹ ਇਕੱਠੇ ਬੋਲੇ।

ਏਨੇ ਚਿਰ ਨੂੰ ਉਨ੍ਹਾਂ ਦਾ ਇਕ ਨੌਜਵਾਨ ਸਾਥੀ ਪਰਿਓਂ ਤੇਜ਼-ਤੇਜ਼ ਆਇਆ ਤੇ ਆਉਂਦਿਆਂ ਹੀ ਸੁਆਲ ਦਾਗ ਦਿੱਤਾ, 'ਕੀ ਗੱਲ ਸਿੱਖ ਜੀ!...ਸਾਡੇ ਨਾਲ ਕ੍ਰਿਕਟ ਨਹੀਂ ਜੇ ਖੇਡੀ! ਹੁਣ ਡਰ ਗਏ ਜੇ? ਪਤਾ ਸੀ ਨਾ ਹਾਰ ਜਾਣੈ! ਹੁਣ ਆਖਦੇ ਨੇ ਅਸੀਂ ਪਾਕਿਸਤਾਨ ਨਾਲ ਕ੍ਰਿਕਟ ਨਹੀਂ ਖੇਡਣਾ।' ਉਹਦੀ ਆਵਾਜ਼ ਵਿਚ ਪਰਾਇਆਪਣ ਸੀ।

'ਪਹਿਲਾਂ ਆਪਣੀ ਜ਼ਬਾਨ ਦਰੁਸਤ ਕਰ ਉਏ!' ਉਹਦੇ ਹੀ ਕਿਸੇ ਲੰਗੋਟੀਏ ਨੇ ਉਹਨੂੰ ਝਿੜਕਿਆ, 'ਸਿੱਖ ਜੀ ਨਹੀਂ, ਸਰਦਾਰ ਜੀ ਆਖੀਦਾ ਏ।'

ਮੈਂ ਆਖਿਆ, 'ਪੁੱਤਰ! ਇਹ ਕਿਹੜੇ ਸਾਡੇ ਤੁਹਾਡੇ ਫ਼ੈਸਲੇ ਨੇ। ਭਾਵੇਂ ਖੇਡਣਾ ਹੋਵੇ ਤੇ ਭਾਵੇਂ ਨਾ ਖੇਡਣਾ ਹੋਵੇ; ਭਾਵੇਂ ਲੜਨਾ ਹੋਵੇ ਤੇ ਭਾਵੇਂ ਸੁਲ੍ਹਾ-ਸਫ਼ਾਈ ਕਰਨੀ ਹੋਵੇ, ਇਹ ਉਤਲਿਆਂ ਲੋਕਾਂ ਦਾ ਕੰਮ ਹੈ। ਵੱਡੇ ਲੋਕਾਂ ਦਾਂ। ਸਾਡਾ ਤੁਹਾਡਾ ਇਹਦੇ ਵਿਚ ਕੀ ਵੱਸ ਚੱਲਦਾ ਏ।'

ਸਾਥੀ ਦੀ ਝਿੜਕ ਤੇ ਮੇਰੇ ਜੁਆਬ ਨਾਲ ਉਹ ਥੋੜ੍ਹਾ ਢਿਲਾ ਜਿਹਾ ਹੋ ਗਿਆ। ਐਤਕੀਂ ਉਹਦੀ ਆਵਾਜ਼ ਵਿਚ ਅਪਣੱਤ ਸੀ। 'ਸਰਦਾਰ ਜੀ! ਤੁਸੀਂ ਪੰਜਾਬੀ ਕਾਨਫ਼ਰੰਸ 'ਤੇ ਆਏ ਓ? ਕੀ ਆਂਹਦੀ ਏ ਇਹ ਪੰਜਾਬੀ ਕਾਨਫ਼ਰੰਸ? ਬੜਾ ਰੌਲਾ-ਗੌਲਾ ਏ ਏਹਦਾ?'

## ਪੁਰਾਣਾ ਸ਼ਹਿਦ

*ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ*

ਪੰਜਾਬੀ ਕਾਨਫਰੰਸ ਦਾ ਜ਼ਿਕਰ ਉਨ੍ਹਾਂ ਤੱਕ ਵੀ ਪੁੱਜ ਚੁੱਕਾ ਸੀ। ਅਖ਼ਬਾਰਾਂ ਤੇ ਟੀ.ਵੀ. ਵਾਲਿਆਂ ਨੇ ਇਸ ਕਾਨਫ਼ਰੰਸ ਨੂੰ ਬਹੁਤ ਮਹੱਤਵ ਦਿੱਤਾ ਸੀ। ਇਹਦੇ ਹੱਕ ਵਿਚ ਵੀ ਲਿਖਿਆ ਜਾ ਰਿਹਾ ਸੀ ਤੇ ਵਿਰੋਧ ਵਿਚ ਵੀ, ਪਰ ਇਸ ਨੇ ਖਲੋਤੇ ਪਾਣੀਆਂ ਵਿਚ ਭਾਰੀ ਪੱਥਰ ਸੁੱਟ ਕੇ ਹਲਚਲ ਵੀ ਪੈਦਾ ਕਰ ਦਿੱਤੀ ਸੀ।

'ਕਾਨਫ਼ਰੰਸ ਇਹੋ ਹੀ ਆਖਦੀ ਏ, ਆਪਸ ਵਿਚ ਲੜੀਏ-ਭਿੜੀਏ ਨਾ, ਪਿਆਰ ਮੁਹੱਬਤ ਨਾਲ ਸਾਰੇ ਮਸਲੇ ਹੱਲ ਕਰੀਏ। ਇਕ ਦੂਜੇ ਨੂੰ ਮਿਲੀਏ-ਗਿਲੀਏ। ਦੁੱਖ-ਸੁੱਖ ਸੁਣੀਏ, ਨੇੜੇ ਹੋਈਏ।'

ਉਹ ਮੁੰਡਾ ਦੂਜਿਆਂ ਦਾ ਆਗੂ ਲਗਦਾ ਸੀ। ਗੱਲਬਾਤ ਦੀ ਵਾਗਡੋਰ ਉਸ ਨੇ ਸੰਭਾਲ ਲਈ ਸੀ, 'ਅੰਕਲ! ਕਰੋ ਨਾ ਫਿਰ ਕੋਸ਼ਿਸ਼। ਅਸੀਂ ਵੀ ਇੰਡੀਆ ਵੇਖ ਸਕੀਏ।'

'ਸਿੱਖ ਜੀ, 'ਸਰਦਾਰ ਜੀ' ਤੇ 'ਅੰਕਲ ਜੀ' ਤਕ ਪੁੱਜਦਿਆਂ ਉਹ ਮੇਰੇ ਨਾਲ ਜੁੜ ਗਿਆ ਸੀ।

'ਅੰਕਲ! ਮੈਂ ਹਿੰਦੀ ਸਿੱਖਣੀ ਚਾਹੁੰਦਾਂ!'

ਉਸ ਨੇ ਆਖਿਆ ਤਾਂ ਮੈਂ ਉਹਦਾ ਹੱਥ ਫੜ ਕੇ ਉਸ ਦੀ ਤਲੀ ਉਤੇ ਉਸ ਦਾ ਨਾਂ ਲਿਖ ਦਿੱਤਾ ਤੇ ਨਾਲ ਹੀ ਉਰਦੂ ਵਿਚ, 'ਮੈਂ ਹਿੰਦੀ ਸੀਖਨਾ ਚਾਹਤਾ ਹੂੰ' ਉਸ ਨੇ ਤਲੀ ਫੈਲਾ ਕੇ ਆਮਿਰ ਤੇ ਅਦਨਾਨ ਵਾਂਗ ਮੇਰੀ ਹੱਥ ਲਿਖਤ ਪੜ੍ਹੀ ਅਤੇ ਉਤਸ਼ਾਹ ਨਾਲ ਬੋਲਿਆ। 'ਅੰਕਲ! ਚਾਹ ਪੀਤੇ ਬਿਨਾਂ ਨਹੀਂ ਜਾਣ ਦੇਣਾ!'

ਮੇਰੇ ਸਾਥੀ ਬਾਹਰ ਆ ਕੇ ਕਾਰ ਵੱਲ ਵਧ ਚੁੱਕੇ ਸਨ। ਮੈਂ ਉਹਦੀ ਪਿੱਠ ਥਾਪੜਦਿਆਂ ਕਲਾਵੇ ਵਿਚ ਲਿਆ, 'ਨਹੀਂ ਪੁੱਤਰੋ! ਹੁਣ ਟਾਈਮ ਨਹੀਂ! ਬੱਸ ਜਿਉਂਦੇ ਵੱਸਦੇ ਰਹੋ! ਅਸਲਾਮਾ ਲੇਕਿਮ।'

'ਵਾ ਲੇਕਮ ਅਸਲਾਮ।' ਸਭ ਦੀ ਸਾਂਝੀ ਆਵਾਜ਼ ਗੂੰਜੀ। ਮੈਂ ਕਾਰ ਵਿਚ ਬੈਠ ਗਿਆ ਤਾਂ ਪਿੱਛੋਂ ਉਸ ਨੌਜੁਆਨ ਦੀ ਮੋਹ ਭਿੱਜੀ ਆਵਾਜ਼ ਆਈ। 'ਅੰਕਲ! ਸਾਨੂੰ ਯਾਦ ਰੱਖਿਓ! ਭੁੱਲਿਓ ਨਾ!'

ਆਪਣੀ ਸੀਟ ਉਤੇ ਬੈਠਾ ਮੈਂ ਸੋਚ ਰਿਹਾ ਸੀ ਆਪਸ ਵਿਚ ਮਿਲਣ ਨਾਲ ਕਿੰਨੀਆਂ ਗਲਤਫ਼ਹਿਮੀਆਂ ਤੇ ਦੂਰੀਆਂ ਦੂਰ ਹੁੰਦੀਆਂ ਹਨ। ਇਸ ਨੌਜਵਾਨ ਨੂੰ ਮਿਲਦਿਆਂ ਮੈਂ ਭਾਰਤ ਦੀ ਸਰਕਾਰ ਦਾ ਪ੍ਰਤੀਨਿਧ ਉਹਦਾ ਦੁਸ਼ਮਣ ਸਾਂ ਪਰ ਕੁਝ ਪਲਾਂ ਦੀ ਗੱਲਬਾਤ ਤੋਂ ਪਿੱਛੋਂ ਮੈਂ ਉਹਦਾ 'ਅੰਕਲ' ਹੋ ਗਿਆ ਸਾਂ। ਉਹ ਇੰਡੀਆ ਵੀ ਆਉਣਾ ਚਾਹੁੰਦਾ ਸੀ। ਹਿੰਦੀ ਵੀ ਸਿੱਖਣੀ ਚਾਹੁੰਦਾ ਸੀ। ਸਾਂਝ ਦੇ ਕਿੰਨੇ ਆਧਾਰ ਸਨ, ਜਿਨ੍ਹਾਂ ਉਤੇ ਉਸਾਰੀ ਕਰਨ ਲਈ ਸਭ ਦੇ ਮਨ ਵਿਚ ਕਿੰਨੀ ਜਗਿਆਸਾ ਸੀ ਪਰ ਮੌਕਾ ਤਾਂ ਮਿਲੇ, ਮਿਲਣ-ਗਿਲਣ ਦਾ।

# ਘਰੇ ਵੀ ਬੀਬੀ ਲੱਖ ਹਜ਼ਾਰੀ !

ਕਹਿਣ ਨੂੰ ਮੇਰੇ ਪਿੰਡ ਦੁਪਾਲ ਪੁਰ ਦੇ ਨਾਲ ਲਗਦੇ ਅਟਾਰੀ ਅਤੇ ਸ਼ੇਖੂ ਪੁਰ ਬਾਗ ਤਿੰਨ ਪਿੰਡ ਹਨ ਪਰ ਹੁਣ ਅਬਾਦੀ ਦੇ ਫੈਲਾਅ ਸਦਕਾ ਇਹ ਤਿੰਨੋਂ ਪਿੰਡ ਇਕ ਵੱਡਾ ਨਗਰ ਹੀ ਬਣ ਗਏ ਹਨ। ਇਸ ਕਰਕੇ ਭਰਾ ਬਿੱਕਰ ਸਿੰਘ ਸਾਬਕਾ ਸਰਪੰਚ ਸ਼ੇਖੂ ਪੁਰ ਨੂੰ ਮੈਂ ਆਪਣਾ ਗਰਾਈਂ ਹੀ ਮੰਨਦਾ ਹਾਂ। ਜਿਨ੍ਹਾਂ ਦੀ ਕਦਰਦਾਨੀ ਦਾ ਮੈਂ ਇੱਥੇ ਜ਼ਿਕਰ ਕਰ ਰਿਹਾ ਹਾਂ!

**ਤਰਲੋਚਨ ਸਿੰਘ ਦੁਪਾਲ ਪੁਰ**
**ਫੋਨ: 78146-92724**

> ਪਿਛਲੇ ਸਾਲ ਸੰਨ ਚੌਵੀ ਵਿਚ ਜਦ ਮੈਂ ਅਮਰੀਕਾ ਤੋਂ ਆਪਣੇ ਪਿੰਡ ਆਇਆ ਤਾਂ ਭਰਾ ਬਿੱਕਰ ਸਿੰਘ ਕਹਿੰਦਾ ਕਿ ਮੈਂ ਤੁਹਾਨੂੰ ਅਖ਼ਬਾਰਾਂ ਵਿਚ ਤਾਂ ਲੱਭ-ਲੱਭ ਪੜ੍ਹਦਾ ਰਹਿਨਾਂ ਪਰ ਤੁਹਾਡੀ ਕੋਈ ਕਿਤਾਬ ਨਹੀਂ ਛਪੀ? ਇਤਿਹਾਸਕ ਤੇ ਸਾਹਿਤਕ ਕਿਤਾਬਾਂ ਪੜ੍ਹਨ ਦੇ ਬਹੁਤ ਸ਼ੌਕੀਨ ਬਿੱਕਰ ਸਿੰਘ ਨੂੰ ਮੈਂ ਆਪਣੀ ਕਿਤਾਬ 'ਪੜ੍ਹਿਆ ਸੁਣਿਆ ਦੇਖਿਆ' ਦੇ ਆਇਆ।

> ਹੁਣ ਜਦ ਮੈਂ ਸੰਨ ਪੱਚੀ ਵਿਚ ਫਿਰ ਪਿੰਡ ਆਇਆ ਹੋਇਆ ਹਾਂ ਤਾਂ ਇਕ ਦਿਨ ਇਹ ਵੀਰ ਮੈਨੂੰ ਸ਼ੇਖੂ ਪੁਰ ਦੀਆਂ ਦੁਕਾਨਾਂ ਮੋਹਰੇ ਮਿਲ ਪਿਆ। ਕਹਿੰਦਾ ਕਿਤਾਬ ਤਾਂ ਮੈਂ ਤੁਹਾਡੀ ਪੜ੍ਹ ਲਈ ਪਰ ਜਿਹੜੇ ਤਿੱਖੇ ਡੰਗ ਮਾਰਦੇ ਕਾਵਿ-ਵਿਅੰਗ ਬੈਂਤ ਜਾਂ ਕਬਿੱਤ ਤੁਸੀਂ ਹਰ ਹਫਤੇ ਅਖ਼ਬਾਰਾਂ ਵਿਚ ਲਿਖਦੇ ਹੋ, ਉਹ ਤਾਂ ਇਸ ਕਿਤਾਬ ਵਿਚ ਹੈ ਨੀ?

> ਮੈਖਿਆ ਭਰਾ ਜੀ ਬੈਂਤ ਕਬਿੱਤਾਂ ਦਾ ਮਸਾਲਾ ਮੈਂ ਸਾਂਭਿਆ ਹੋਇਆ ਹੈ, ਉਮੀਦ ਹੈ ਕਿ ਜਲਦੀ ਇਕ ਅਲੱਗ ਕਿਤਾਬ ਛਪਵਾਵਾਂ। ਮੇਰੀ ਏਨੀ ਗੱਲ ਸੁਣ ਕੇ ਭਰਾ ਬਿੱਕਰ ਸਿੰਘ ਨੇ ਆਪਣੀ ਜੇਬ 'ਚ ਹੱਥ ਮਾਰਿਆ ਤੇ ਪੰਜ-ਪੰਜ ਸੌ ਦੇ ਨੋਟ ਕੱਢ ਕੇ ਮੇਰੇ ਵੱਲ ਵਧਾਉਂਦਿਆਂ ਕਹਿੰਦਾ:

> 'ਉਸ ਕਿਤਾਬ ਲਈ ਆਹ ਲਓ ਮੇਰੇ ਵਲੋਂ ਪੰਜ ਹਜ਼ਾਰ ਰੁਪਏ, ਛਪਵਾਓ ਛੇਤੀ!'

> ਹੱਕਾ-ਬੱਕਾ ਜਿਹਾ ਹੁੰਦਿਆਂ ਮੈਂ ਕਿਹਾ ਕਿ ਭਰਾ ਜੀ ਪਹਿਲੀ ਕਿਤਾਬ ਵੀ ਮੇਰੇ ਨਿਆਣਿਆਂ ਨੇ ਛਪਵਾਈ ਹੈ ਤੇ ਇਹ ਵੀ ਉਨ੍ਹਾਂ ਨੇ ਛਪਵਾ ਲੈਣੀ ਹੈ। ਤੁਹਾਡੀ ਕਦਰਦਾਨੀ ਲਈ ਬਹੁਤ ਬਹੁਤ ਧੰਨਵਾਦ ਪਰ ਇਹ ਮਾਇਆ ਤੁਸੀਂ ਰੱਖੋ, ਮੈਨੂੰ ਆ ਗਈ ਸਮਝੋ!

> ਜਦ ਮੈਂ ਜ਼ੋਰ ਦੇ ਕੇ ਪੈਸੇ ਮੋੜਨ ਲੱਗਾ ਤਾਂ ਉਹ ਹੱਸਦਾ ਹੋਇਆ ਕਹਿੰਦਾ: 'ਮੈਨੂੰ ਵੀ ਆਪਣੇ ਨਿਆਣਿਆਂ ਵਰਗਾ ਛੋਟਾ ਭਰਾ ਹੀ ਸਮਝ ਲਓ ਫਿਰ ਜਥੇਦਾਰ ਜੀ!'

> ਕਾਫੀ ਚਿਰ ਮੋੜ-ਮੁੜਾਈਆ ਕਰਦਿਆਂ ਆਖਰ ਮੈਨੂੰ ਇਹ ਪ੍ਰੇਮ ਭੇਟ ਸਵੀਕਾਰ ਕਰਨੀ ਪਈ।

> ਬਿੱਕਰ ਸਿੰਘ ਕੋਲ ਚਾਹ ਪੀਣ ਉਪਰੰਤ ਆਪਣੇ ਘਰ ਨੂੰ ਆਉਂਦਿਆਂ ਮੈਂ ਸੋਚ ਰਿਹਾ ਸਾਂ ਕਿ ਕਿਸੇ ਨਾ ਕਿਸੇ ਵਜਾਹ ਦੂਰ-ਪਾਰ ਪ੍ਰਸਿੱਧ ਹੋਏ ਵਿਅਕਤੀਆਂ ਲਈ ਆਪਣੇ ਨਗਰ ਖੇੜੇ ਤੋਂ ਅਜਿਹੀ ਪ੍ਰੇਮ ਭੇਟ ਮਿਲਣੀ ਵੱਡੇ ਮਾਣ ਵਾਲੀ ਗੱਲ ਹੁੰਦੀ ਹੈ। ਅਜਿਹੇ ਪ੍ਰਸਿੱਧੀ ਪ੍ਰਾਪਤ ਵਿਅਕਤੀਆਂ ਦੇ ਨੇੜਲੇ ਗਰਾਈਂ ਉਨ੍ਹਾਂ ਦੇ ਸੰਭਾਵੀ ਔਗੁਣਾਂ ਜਾਂ ਕਮੀਆਂ-ਪੇਸ਼ੀਆਂ ਬਾਰੇ ਜਾਣਦੇ ਹੁੰਦੇ ਹਨ। ਇਸੇ ਕਰਕੇ ਇਹ ਅਖਾਣ ਪ੍ਰਸਿੱਧ ਹੈ- ਅਖੇ ਬਾਹਰ ਬੀਬੀ ਲੱਖ ਹਜ਼ਾਰੀ ਘਰੇ ਬੀਬੀ ਕਰਮਾਂ ਦੀ ਮਾਰੀ!

> ਪਰ ਹੁਣ ਮੈਂ ਆਪਦੇ ਘਰੇ ਵੀ 'ਲੱਖ ਹਜ਼ਾਰੀ' ਹੋ ਗਿਆ ਸਮਝੋ!



# ਸ. ਬਲਕਾਰ ਸਿੰਘ ਢਿੱਲੋਂ ਦੇ ਦੇਹਾਂਤ 'ਤੇ ਦੁਖ ਦਾ ਪ੍ਰਗਟਾਵਾ

'ਪੰਜਾਬ ਟਾਈਮਜ਼' ਦੇ ਮੁੱਢਲੇ ਬਾਨੀਆਂ ਵਿਚੋਂ ਇਕ ਅਤੇ ਭਾਈਚਾਰੇ ਵਿਚ ਖਾਸ ਥਾਂ ਰੱਖਦੇ ਸ. ਬਲਕਾਰ ਸਿੰਘ ਢਿੱਲੋਂ 16 ਜੂਨ, ਦਿਨ ਸੋਮਵਾਰ ਨੂੰ ਇਸ ਫਾਨੀ ਦੁਨੀਆ ਨੂੰ ਅਲਵਿਦਾ ਆਖ ਗਏ ਹਨ। ਉਨ੍ਹਾਂ 'ਪੰਜਾਬ ਟਾਈਮਜ਼' ਨੂੰ ਸ਼ੁਰੂ ਕਰਨ ਵਿਚ ਵੱਡਾ ਰੋਲ ਅਦਾ ਕੀਤਾ ਅਤੇ ਹਮੇਸ਼ਾ ਇਸ ਦੀ ਚੜ੍ਹਦੀ ਕਲਾ ਲਈ ਕੰਮ ਕਰਦੇ ਰਹੇ। ਉਹ 'ਪੰਜਾਬ ਟਾਈਮਜ਼' ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ (ਮਰਹੂਮ) ਦੇ ਬਹੁਤ ਕਰੀਬ ਸਨ। ਉਨ੍ਹਾਂ ਦੇ ਅਚਾਨਕ ਵਿਛੋੜੇ 'ਤੇ ਅਦਾਰਾ 'ਪੰਜਾਬ ਟਾਈਮਜ਼' ਅਤੇ ਇਸ ਦੇ ਸਲਾਹਕਾਰ ਬੋਰਡ ਦੇ ਸਾਰੇ ਮੈਂਬਰਾਂ ਨੂੰ ਡੂੰਘਾ ਸਦਮਾ ਪੁੱਜਿਆ ਹੈ। ਇਸ ਔਖੀ ਘੜੀ ਵਿਚ ਅਸੀਂ ਪਰਿਵਾਰ ਦੇ ਦੁਖ ਵਿਚ ਸ਼ਰੀਕ ਹਾਂ।



*ਸ. ਬਲਕਾਰ ਸਿੰਘ ਢਿੱਲੋਂ*

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ | ਡਾ. ਗੁਰਦਿਆਲ ਸਿੰਘ ਬਸਰਾਨ | ਜੈਦੇਵ ਸਿੰਘ ਭੱਠਲ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਮਨਦੀਪ ਸਿੰਘ ਭੂਰਾ



ਰਘਬੀਰ ਸਿੰਘ ਘੁੰਨ | ਪਰਮਿੰਦਰ ਸਿੰਘ ਵਾਲੀਆ | ਅਮਰੀਕ ਸਿੰਘ (ਅਮਰ ਕਾਰਪੈਟ) | ਜਸਕਰਨ ਸਿੰਘ ਧਾਲੀਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਭੁਪਿੰਦਰ ਸਿੰਘ ਧਾਲੀਵਾਲ | ਗੁਰਦੇਵ ਸਿੰਘ ਜੌੜਾ | ਅੰਮ੍ਰਿਤਪਾਲ ਸਿੰਘ ਸੰਘਾ | ਆਗਿਆਪਾਲ ਸਿੰਘ ਬਾਠ



ਜਸਵੀਰ ਕੌਰ ਢਿਲੋਂ | ਡਾ. ਇਨਕਲਾਬੀ ਥਾਂਦੀ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਹਰਵਿੰਦਰ ਪਾਲ ਸਿੰਘ ਲੈਲ | ਜਗਜੀਤ ਸਿੰਘ ਢੀਂਡਸਾ | ਸਰਵਣ ਸਿੰਘ ਟਿਵਾਣਾ | ਸੁਖਮੇਲ ਸਿੰਘ ਅਟਵਾਲ | ਸ. ਹੈਪੀ ਸਿੰਘ ਹੀਰ | ਅਮੋਲਕ ਸਿੰਘ ਗਾਖਲ | ਜੱਸੀ ਗਿੱਲ

ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਦਾਰਥੁ ਨਾਨਕੁ ਮਾਗੈ॥



# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਨੂੰ ਕੋਟਨਿ-ਕੋਟਿ ਪ੍ਰਣਾਮ

ਬੇਸ਼ੱਕ ਗੁਰੂ ਸਾਹਿਬ ਦੀ ਸ਼ਹੀਦੀ ਦੇ ਕਾਰਨ ਤਾਂ ਬਹੁਤ ਹੋ ਸਕਦੇ ਹਨ ਪਰ ਸਭ ਤੋਂ ਵੱਡਾ ਤੇ ਪ੍ਰਮੁੱਖ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸਥਾਪਨਾ ਸੀ ਕਿਉਂਕਿ ਉਸ ਸਮੇਂ ਜਦੋਂ ਸਮਾਜ ਵਰਣਾਂ ਅਤੇ ਜਾਤਾਂ ਵਿਚ ਵੰਡਿਆ ਹੋਇਆ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਰਾਬਰਤਾ ਦੇ ਸਿਧਾਂਤ ਦੀ ਗੱਲ ਅਤੇ ਰੂੜ੍ਹੀਵਾਦੀ ਵਿਚਾਰਧਾਰਾ ’ਤੇ ਕਰਾਰੀ ਚੋਟ ਕੀਤੀ ਗਈ ਤਾਂ ਇਹ ਸਮੇਂ ਦੀ ਅਖੌਤੀ ਉੱਚ ਜਾਤੀ ਨੂੰ ਕਿਵੇਂ ਰਾਸ ਆ ਸਕਦੀ ਸੀ। ਦੂਸਰਾ, ਸ੍ਰੀ ਹਰਿਮੰਦਰ ਸਾਹਿਬ ਜੀ ਦੇ ਚਾਰ ਦਰਵਾਜੇ ਜੋ ਬਿਨਾਂ ਕਿਸੇ ਭੇਦ-ਭਾਵ ਦੇ ਸਾਰਿਆਂ ਨੂੰ ਜੀ ਆਇਆਂ ਕਹਿਣ ਦੇ ਪ੍ਰਤੀਕ ਹਨ, ਵੀ ਉਸ ਵੇਲੇ ਦੀ ਅਖੌਤੀ ਉੱਚ ਸ਼੍ਰੇਣੀ ਨੂੰ ਹਜ਼ਮ ਨਹੀਂ ਹੋਇਆ। ਉਹ ਲੋਕ ਜੋ ਪਹਿਲਾਂ ਹੋਰ ਤੀਰਥਾਂ ’ਤੇ ਜਾਂਦੇ ਸਨ ਅਤੇ ਚੜ੍ਹਾਵੇ ਚੜ੍ਹਾਉਂਦੇ ਸਨ, ਉਹ ਚੜ੍ਹਾਵਾ ਹੁਣ ਸੰਗਤ ਵਿਚ ਵਰਤਣਾ ਸ਼ੁਰੂ ਹੋ ਗਿਆ। ਊਚ-ਨੀਚ ਦਾ ਭੇਦ-ਭਾਵ ਖ਼ਤਮ ਹੋ ਗਿਆ। ਅਖੌਤੀ ਨੀਵੀਂ ਜਾਤ ਵਾਲਾ ਬੰਦਾ ਆਪਣੇ-ਆਪ ਨੂੰ ਮਾਣ ਭਰਿਆ ਮਹਿਸੂਸ ਕਰਨ ਲੱਗਿਆ। ਅਜਿਹਾ ਵੇਖ ਕੇ ਕਥਿਤ ਉੱਚ ਸ਼੍ਰੇਣੀਆਂ ਨੇ ਸਮੇਂ ਦੇ ਹਾਕਮ ਜਹਾਂਗੀਰ ਨੂੰ ਇਹ ਕਹਿ ਕੇ ਭੜਕਾਇਆ ਕਿ ਹੁਣ ਮੁਸਲਮਾਨ ਵੀ ਇਸ ਗੁਰੂ ਦੇ ਚੇਲੇ ਬਣਨ ਲੱਗ ਪੈਣੇ ਹਨ ਅਤੇ ਧਰਮ ਨੂੰ ਖ਼ਤਰਾ ਹੈ। ਜਹਾਂਗੀਰ ਨੂੰ ਪਾਇਆ ਅਖੌਤੀ ‘ਧਰਮ ਸੰਕਟ’ ਦਾ ਵਾਸਤਾ ਹੀ ਗੁਰੂ ਸਾਹਿਬ ਦੀ ਸ਼ਹੀਦੀ ਦਾ ਕਾਰਨ ਬਣਿਆ। ਖੁਸਰੋ ਦੀ ਬਗ਼ਾਵਤ, ਪ੍ਰਿਥੀ ਚੰਦ ਦੀ ਵਿਰੋਧਤਾ, ਚੰਦੂ ਦੀ ਲੜਕੀ ਦੇ ਰਿਸ਼ਤੇ ਨੂੰ ਠੁਕਰਾਉਣਾ ਤਾਂ ਮਾਮੂਲੀ ਗੱਲਾਂ ਸਨ।



**ਵਲੋਂ: ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਮੂਹ ਰੱਖੜਾ ਪਰਿਵਾਰ**